Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA



REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 746, 20 to 26 Apr. 2023, Ph: 916-320-9444, E-mail: punjabmailusa@yahoo.com, Web: punjabmailusa.com

## ਕੈਲੀਫੋਰਨੀਆ ’ਚ ਗੋਲੀਬਾਰੀ ਤੇ ਹੋਰ ਘਟਨਾਵਾਂ ਲਈ ਲੋੜੀਂਦੇ 17 ਪੰਜਾਬੀਆਂ ਨੂੰ ਕੀਤਾ ਕਾਬੂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਉੱਤਰੀ ਕੈਲੀਫੋਰਨੀਆ ਦੀਆਂ ਕਈ ਕਾਊਂਟੀਆਂ ਵਿਚ ਫੈਲੇ ਪੰਜਾਬੀ ਭਾਈਚਾਰੇ ’ਚ ਅਪਰਾਧਿਕ ਮਾਮਲਿਆਂ ਦੀ ਜਾਂਚ ਦੇ ਮੱਦੇਨਜ਼ਰ 17 ਪੰਜਾਬੀ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਪਰਾਧੀ ਸਟਾਕਟਨ, ਸੈਕਰਾਮੈਂਟੋ ਅਤੇ ਹੋਰ ਸਥਾਨਾਂ ਵਿਚ ਸਿੱਖ ਗੁਰਦੁਆਰੇ ਵਿਚ ਗੋਲੀਬਾਰੀ ਨਾਲ ਤੇ ਹੋਰ ਮਾਮਲਿਆਂ ਨਾਲ ਸਬੰਧਤ ਹਨ। ਵੱਖ-ਵੱਖ ਕਾਨੂੰਨੀ ਏਜੰਸੀਆਂ ਵਲੋਂ ਅਭਿਆਨ ਤਹਿਤ ਏਜੰਟਾਂ ਨੇ ਐਤਵਾਰ ਨੂੰ 20 ਥਾਵਾਂ ’ਤੇ ਸਰਚ ਵਾਰੰਟ ਚਲਾਏ ਅਤੇ 41 ਹਥਿਆਰ ਜ਼ਬਤ ਕੀਤੇ। ਕੁਝ ਹਥਿਆਰਾਂ ਵਿਚ ਇੱਕ ਏ.ਆਰ.-15, ਏ.ਕੇ. 47, ਹੈਂਡਗਨ ਅਤੇ ਘੱਟੋ-ਘੱਟ ਇੱਕ ਮਸ਼ੀਨ ਗੰਨ ਸ਼ਾਮਲ ਸੀ।

**■ ਗ੍ਰਿਫਤਾਰ ਕੀਤੇ ਗਏ ਲੋਕਾਂ ਵਿਚੋਂ ਦੋ ਮਾਫੀਆ ਮੈਂਬਰ ਭਾਰਤ ’ਚ “ਕਈ ਕਤਲਾਂ ਵਿਚ ਲੋੜੀਂਦੇ”**



ਸਟਰ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਤੇ ਅਟਾਰਨੀ ਜਨਰਲ ਰੋਬ ਬੋਂਟਾ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ।



ਫੜੇ ਗਏ ਪੰਜਾਬੀ ਮੁੰਡਿਆਂ ਦੀਆਂ ਲਾਅ ਇਨਫੋਰਸਮੈਂਟ ਏਜੰਸੀਆਂ ਵਲੋਂ ਜਾਰੀ ਫੋਟੋਆਂ ਤੇ ਫੜਿਆ ਗਿਆ ਅਸਲਾ।

ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਇੱਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਇਨ੍ਹਾਂ ਅਨਸਰਾਂ ਨੂੰ “ਸਟਰ ਕਾਊਂਟੀ, ਸੈਕਰਾਮੈਂਟੋ ਕਾਊਂਟੀ, ਸੈਨ ਵਾਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਊਂਟੀਆਂ ਵਿਚ ਪੰਜ ਕਤਲਾਂ ਸਮੇਤ ਕਈ ਹਿੰਸਕ ਅਪਰਾਧਾਂ ਅਤੇ ਗੋਲੀਬਾਰੀ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ।”

ਫੜੇ ਗਏ ਪੰਜਾਬੀ ਨੌਜਵਾਨਾਂ ’ਚ ਧਰਮਵੀਰ ਸਿੰਘ ਉਰਫ ਮਿੰਟਾ, ਜੋਬਨਜੀਤ ਸਿੰਘ, ਪਵਿੱਤਰ ਸਿੰਘ, ਹੁਸਨਦੀਪ ਸਿੰਘ, ਸਹਿਜਪ੍ਰੀਤ ਸਿੰਘ, ਹਰਕਿਰਤ ਸਿੰਘ, ਤੀਰਥ ਰਾਮ, ਜਸਕਰਨ ਸਿੰਘ, ਅਮਨਦੀਪ ਸਿੰਘ, ਗੁਰਵਿੰਦਰ ਸਿੰਘ, ਨਿਤਿਸ਼ ਕੌਸ਼ਲ ਉਰਫ ਲਾਲਾ, ਹਰਮਨਦੀਪ ਸਿੰਘ, ਗੁਰਸ਼ਰਨ ਸਿੰਘ, ਗੁਰਮਿੰਦਰ ਸਿੰਘ, ਦਵਿੰਦਰ ਸਿੰਘ, ਗੁਰਚਰਨ ਸਿੰਘ, ਕਰਨਦੀਪ ਸਿੰਘ ਅਤੇ ਪ੍ਰਦੀਪ ਸਿੰਘ ਦੇ ਨਾਂਅ ਸ਼ਾਮਿਲ ਹਨ।

ਸਟਰ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, “ਪਿਛਲੇ ਕਈ ਸਾਲਾਂ ਤੋਂ, ਸ਼ਾਂਤਮਈ ਸਿੱਖ ਭਾਈਚਾਰਾ ਇਨ੍ਹਾਂ ਅਪਰਾਧੀ ਲੋਕਾਂ ਦੁਆਰਾ ਕੀਤੀਆਂ ਗਈਆਂ ਹਿੰਸਾ ਦੀਆਂ ਕਾਰਵਾਈਆਂ ਨਾਲ ਜੂਝ ਰਿਹਾ ਹੈ।” ਡੁਪਰੇ ਨੇ ਕਿਹਾ, “ਇਹ ਹਿੰਸਾ 2018 ਵਿਚ ਸਿੱਖ ਪਰੇਡ ਵਿਚ ਮੁੱਠਭੇੜਾਂ ਅਤੇ ਤਲਵਾਰਾਂ ਦੇ ਹਮਲਿਆਂ ਨਾਲ ਸ਼ੁਰੂ ਹੋਈ ਅਤੇ ਗੋਲੀਬਾਰੀ ਤੱਕ ਵਧ ਗਈ, ਤੇ ਬਾਅਦ ਸਤੰਬਰ 2021 ਵਿਚ ਯੂਬਾ ਸਿਟੀ ਵਿਚ ਇੱਕ ਵਿਆਹ ਦੀ ਪਾਰਟੀ ਵਿਚ ਵੀ ਗੋਲਾਬਾਰੀ ਹੋਈ। ਉਦੋਂ ਤੋਂ, ਸਮੂਹ 10 ਹੋਰ ਗੋਲੀਬਾਰੀ ਵਿਚ ਸ਼ਾਮਲ ਹੋਏ ਹਨ ਅਤੇ ਹੁਣ ਤੱਕ ਕੁੱਲ 11 ਆਦਮੀਆਂ ਨੂੰ ਗੋਲੀ ਮਾਰ ਦਿੱਤੀ ਗਈ ਹੈ।”

ਉਸਨੇ ਕਿਹਾ ਕਿ ਇਸ ਵਿਚ ਅਗਸਤ 2022 ਵਿਚ ਸਟਾਕਟਨ ਵਿਚ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਬਾਰੀ ਕਰਨ ਵਾਲੇ ਪੰਜ ਵਿਅਕਤੀ ਅਤੇ ਪਿਛਲੇ ਮਹੀਨੇ

■ ਬਾਕੀ ਖਬਰ ਸਫਾ 15 ’ਤੇ

## ਟੈਕਸਾਸ ਅਤੇ ਮੈਰੀਲੈਂਡ ਸਟੇਟ ਵੱਲੋਂ ਵਿਸਾਖੀ ਮੌਕੇ ਪਰੋਕਲਾਮੇਸ਼ਨ ਪੇਸ਼

**■ ਜਿਸ ਵਿਚ ਸਿੱਖਾਂ ਵੱਲੋਂ ਅਮਰੀਕਾ ਵਿਚ ਪਾਏ ਵੱਡਮੁੱਲੇ ਯੋਗਦਾਨ ਬਾਰੇ ਕੀਤਾ ਗਿਆ ਜ਼ਿਕਰ**





ਸਟਰ ਕਾਊਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਤੇ ਅਟਾਰਨੀ ਜਨਰਲ ਰੋਬ ਬੋਂਟਾ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ।

**ਟੈਕਸਾਸ, (ਪੰਜਾਬ ਮੇਲ)-** ਟੈਕਸਾਸ ਸਟੇਟ ਦੀ ਰਾਜਧਾਨੀ ਆਸਟਿਨ ਵਿਖੇ ਸਟੇਟ ਅਸੈਂਬਲੀ ਮੈਂਬਰ ਵੱਲੋਂ 14 ਅਪ੍ਰੈਲ ਵਿਸਾਖੀ ਦੇ ਸ਼ੁੱਭ ਦਿਹਾੜੇ ’ਤੇ ਇਕ ਪਰੋਕਲਾਮੇਸ਼ਨ ਪੇਸ਼ ਕੀਤਾ ਹੈ, ਜਿਸ ਵਿਚ ਸਿੱਖਾਂ ਵੱਲੋਂ ਅਮਰੀਕਾ ਵਿਚ ਪਾਏ ਵੱਡਮੁੱਲੇ ਯੋਗਦਾਨ ਬਾਰੇ ਜ਼ਿਕਰ ਕੀਤਾ ਗਿਆ ਹੈ। ਪਰੋਕਲਾਮੇਸ਼ਨ ਪੜ੍ਹਨ ਤੋਂ ਬਾਅਦ ਭਾਰੀ ਗਿਣਤੀ ਵਿਚ ਆਏ ਸਿੱਖ ਭਾਈਚਾਰੇ ਦੇ ਆਗੂਆਂ ਵੱਲੋਂ ਖੜ੍ਹੇ ਹੋ ਕੇ ਤਾੜੀਆਂ ਨਾਲ ਅਸੈਂਬਲੀ ਦਾ ਧੰਨਵਾਦ ਕੀਤਾ ਗਿਆ। ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਸ ਪਰੋਕਲਾਮੇਸ਼ਨ ਪੇਸ਼ ਕਰਨ ’ਤੇ ਸਮੁੱਚੀ ਸਿੱਖ ਕੌਮ ਨੂੰ ਵਧਾਈ ਦਿੱਤੀ ਹੈ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਡਾ. ਹਰਦਮ ਸਿੰਘ ਆਜ਼ਾਦ, ਸੰਪੂਰਨ ਸਿੰਘ, ਹੀਰਾ ਸਿੰਘ ਚਮਦਲ, ਸੁਰਿੰਦਰ ਸਿੰਘ ਗਿੱਲ, ਯੂਨਾਈਟਿਡ ਸਿੱਖਸ ਦੇ ਗੁਰਵਿੰਦਰ ਸਿੰਘ, ਗੁਰਮੇਲ ਸਿੰਘ ਢੇਸੀ, ਡਾ. ਹਰਨੇਕ ਸਿੰਘ ਵੀ ਹਾਜ਼ਰ ਸਨ। ਇਸ ਦੇ ਲਈ ਸਿੱਖ ਕਾਕਸ ਕਮੇਟੀ ਦੇ ਸੁਰਿੰਦਰ ਸਿੰਘ ਗਿੱਲ ਅਤੇ ਗੁਰਵਿੰਦਰ ਸਿੰਘ ਗਿੱਲ ਨੇ ਅਣਥੱਕ ਮਿਹਨਤ ਕੀਤੀ, ਜਿਸ ਕਰਕੇ ਇਹ ਕਾਰਜ ਸਿਰੇ ਚੜ੍ਹਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਔਸਟਿਨ ਦੀਆਂ ਸੰਗਤਾਂ ਵੱਲੋਂ ਲੰਗਰ ਅਤੇ ਚਾਹ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।

ਇਸ ਦੇ ਨਾਲ ਹੀ ਮੈਰੀਲੈਂਡ ਸਟੇਟ ਦੇ ਗਵਰਨਰ ਵੱਲੋਂ ਵੀ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਡਾ. ਬਖਸ਼ੀਸ਼ ਸਿੰਘ ਅਤੇ ਜ਼ੋਰਾਵਰ ਸਿੰਘ ਦੇ ਯਤਨਾਂ ਸਦਕਾ ਪਰੋਕਲਾਮੇਸ਼ਨ ਪੇਸ਼ ਕੀਤਾ ਹੈ, ਜਿਸ ਦੇ ਲਈ ਸਿੱਖ ਕਾਕਸ ਕਮੇਟੀ ਨੇ ਖੁਸ਼ੀ ਜ਼ਾਹਿਰ ਕੀਤੀ ਹੈ।

## ਐੱਨ.ਆਰ.ਆਈ. ਪਿਓ-ਪੁੱਤ ’ਤੇ ਪੰਜਾਬ ’ਚ ਹੋਇਆ ਹਮਲਾ

**ਅੰਮ੍ਰਿਤਸਰ, (ਪੰਜਾਬ ਮੇਲ)-** ਕੈਲੀਫੋਰਨੀਆ ਤੋਂ ਪੰਜਾਬ ਗਏ ਐੱਨ.ਆਰ.ਆਈ. ਬਰਜਿੰਦਰ ਸਿੰਘ ਅਤੇ ਉਨ੍ਹਾਂ ਦੇ 88 ਸਾਲ ਦੇ ਬਜ਼ੁਰਗ ਪਿਤਾ ਦੀ ਉਨ੍ਹਾਂ ਦੇ ਆਪਣੇ ਚਾਚੇ ਦੇ ਪਰਿਵਾਰ ਅਤੇ ਕੁੱਝ ਹੋਰ ਅਣਪਛਾਤੇ ਲੋਕਾਂ ਵੱਲੋਂ ਕੁੱਟਮਾਰ ਕਰਨ ਦੀ ਸਨਸਨੀਖੇਜ਼ ਖਬਰ ਪ੍ਰਾਪਤ ਹੋਈ ਹੈ। ਪੁਲਿਸ ਅਨੁਸਾਰ ਇਨ੍ਹਾਂ ਦਾ ਜਾਇਦਾਦ ਨੂੰ ਲੈ ਕੇ ਕੋਰਟ ਵਿਚ ਕੇਸ ਚੱਲ ਰਿਹਾ ਸੀ, ਜਿਸ ਦਾ ਫੈਸਲਾ ਐੱਨ.ਆਰ.ਆਈ. ਬਰਜਿੰਦਰ ਸਿੰਘ ਦੇ ਹੱਕ ਵਿਚ ਹੋ ਗਿਆ, ਜਿਸ ’ਤੇ ਉਨ੍ਹਾਂ ਦੇ ਚਾਚੇ ਦੇ ਪਰਿਵਾਰਕ ਮੈਂਬਰਾਂ ਨੇ ਕੁੱਝ ਹੋਰ ਲੋਕਾਂ ਨਾਲ ਰਲ ਕੇ ਇਨ੍ਹਾਂ ਦੀ ਕੁੱਟਮਾਰ ਕੀਤੀ, ਜਿਸ ਦੀ ਵੀਡੀਓ ਗੁਆਂਢ ਵਿਚ ਰਹਿ ਰਹੇ ਕੁੱਝ ਲੋਕਾਂ ਨੇ ਬਣਾ ਲਈ, ਜੋ ਕਿ ਕਾਫੀ ਵਾਇਰਲ ਹੋ ਗਈ ਹੈ।



ਐੱਨ.ਆਰ.ਆਈ. ਪਿਓ-ਪੁੱਤ ’ਤੇ ਹਮਲਾ ਕਰਦੇ ਹੋਏ ਹਮਲਾਵਰ।





ਹਮਲੇ ਦੌਰਾਨ ਜਖਮੀ ਹੋਏ ਪਿਓ-ਪੁੱਤ ਜਾਣਕਾਰੀ ਦਿੰਦੇ ਹੋਏ।

ਜ਼ਖਮੀ ਹੋਏ ਇਨ੍ਹਾਂ ਐੱਨ.ਆਰ.ਆਈ. ਪਿਓ-ਪੁੱਤ ਦੇ ਦੱਸਣ ਮੁਤਾਬਕ ਉਹ ਪਿੰਡ ਮੱਤੇਵਾਲ ਤੋਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਆ ਰਹੇ ਸੀ, ਤਾਂ ਰਸਤੇ ਵਿਚ ਉਨ੍ਹਾਂ ਦੀ ਗੱਡੀ ਨੂੰ ਕੁੱਝ ਅਣਪਛਾਤੇ ਲੋਕਾਂ ਨੇ ਰੋਕ ਲਿਆ ਅਤੇ ਉਨ੍ਹਾਂ ਨੂੰ ਕਿਡਨੈਪ ਕਰਕੇ ਇੱਕ ਜਗ੍ਹਾ ਲਿਜਾਇਆ ਗਿਆ। ਜਿੱਥੇ ਅਣਪਛਾਤੇ ਲੋਕਾਂ ਨੇ ਉਨ੍ਹਾਂ ’ਤੇ ਹਮਲਾ ਕਰਕੇ ਗੰਭੀਰ ਸੱਟਾਂ ਮਾਰੀਆਂ। ਉਨ੍ਹਾਂ ਦੱਸਿਆ ਕਿ ਇਹ ਸੱਟਾਂ ਉਨ੍ਹਾਂ ਦੇ ਚਾਚੇ ਦੇ ਮੁੰਡੇ ਵੱਲੋਂ ਮਾਰੀਆਂ ਗਈਆਂ ਹਨ, ਕਿਉਂਕਿ ਉਨ੍ਹਾਂ ਨਾਲ ਇਨ੍ਹਾਂ ਦਾ ਜ਼ਮੀਨੀ ਵਿਵਾਦ ਚੱਲ ਰਿਹਾ ਹੈ। ਦੋਵੇਂ ਐੱਨ.ਆਰ.ਆਈ. ਪਿਓ-ਪੁੱਤ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿਚ ਦਾਖਲ ਹਨ, ਜਿਨ੍ਹਾਂ ਦੇ ਉਥੇ ਇਲਾਜ ਚੱਲ ਰਿਹਾ ਹੈ। ਮਾਮਲੇ ਸੰਬੰਧੀ ਪੁਲਿਸ ਵੱਲੋਂ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਇਨ੍ਹਾਂ ਜ਼ਖਮੀ ਐੱਨ.ਆਰ.ਆਈ. ਪਿਓ-ਪੁੱਤ ਦਾ ਕਹਿਣਾ ਹੈ ਕਿ ਉਸ

■ ਬਾਕੀ ਖਬਰ ਸਫਾ 15 ’ਤੇ

## ਜਲੰਧਰ ਜ਼ਿਮਨੀ ਚੋਣ; ਨਾਮਜ਼ਦਗੀਆਂ ਭਰਨ ਨਾਲ ਚੋਣ ਅਖਾੜਾ ਮਘਿਆ

**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ 11 ਨਾਮਜ਼ਦਗੀਆਂ ਦਾਖਲ ਹੋਈਆਂ, ਜਿਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੋਂ

■ ਬਾਕੀ ਖਬਰ ਸਫਾ 15 ’ਤੇ

## ਕੈਨੇਡੀਅਨ ਪਾਰਲੀਮੈਂਟ ’ਚ ਗੁਰਬਖਸ਼ ਸਿੰਘ ਮੱਲ੍ਹੀ ਨੂੰ ਮਿਲਿਆ ਵੱਡਾ ਸਨਮਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਇਕ ਸ਼ਹਿਰ ਬਰੈਂਪਟਨ ਤੋਂ 1993 ਵਿਚ ਚੁਣੇ ਗਏ ਮੈਂਬਰ ਪਾਰਲੀਮੈਂਟ ਪਹਿਲੇ ਦਸਤਾਰਧਾਰੀ ਸ਼ਖਸ ਗੁਰਬਖਸ਼ ਸਿੰਘ ਮੱਲ੍ਹੀ ਨੂੰ ਬਰੈਂਪਟਨ ਸਿਟੀ ਵੱਲੋਂ ਸਭ ਤੋਂ ਵੱਡਾ ਮਾਣ ਸ਼ਹਿਰ ਦੀਆਂ ਚਾਬੀਆਂ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਅਜਿਹਾ ਮਾਣ ਕੈਨੇਡਾ ’ਚ ਪਹਿਲੀ ਵਾਰੀ ਕਿਸੇ ਪ੍ਰਵਾਸੀ ਕੈਨੇਡੀਅਨ ਨੂੰ ਮਿਲਿਆ ਹੈ। ਰੋਜ਼ ਥੀਏਟਰ ਵਿਚ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ. ਮੱਲ੍ਹੀ ਨੂੰ ਇਹ ਸਨਮਾਨ



ਗੁਰਬਖਸ਼ ਸਿੰਘ ਮੱਲ੍ਹੀ।

ਦਿੱਤਾ ਗਿਆ। ਸ. ਮੱਲ੍ਹੀ ਨੂੰ ਇਹ ਸਨਮਾਨ ਮਿਲਣ ਨਾਲ ਇਕ ਨਵਾਂ ਇਤਿਹਾਸ ਸਿਰਜਿਆ ਗਿਆ ਹੈ।

74 ਸਾਲਾ ਗੁਰਬਖਸ਼ ਸਿੰਘ ਮੱਲ੍ਹੀ 1993 ਤੋਂ ਲੈ ਕੇ 2011 ਤੱਕ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਰਹੇ। 6 ਵਾਰ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਰਹਿਣ ਵਾਲੇ ਸ. ਮੱਲ੍ਹੀ ਕੈਨੇਡਾ ਦੀ ਸਨੱਅਤੀ ਮੰਤਰਾਲੇ ਸਮੇਤ ਹੋਰ ਮੰਤਰਾਲੇ ਦੇ ਵੀ ਵੱਖ-ਵੱਖ ਸਮੇਂ ਦੌਰਾਨ ਪਾਰਲੀਮੈਂਟ ਸੈਕਟਰੀ ਰਹੇ। ਉਨ੍ਹਾਂ ਦੀ ਬੇਟੀ ਹਰਿੰਦਰ ਕੌਰ ਮੱਲ੍ਹੀ ਵੀ ਸਪਰਿੰਗਡੇਲ, ਬਰੈਂਪਟਨ ਤੋਂ ਅਸੈਂਬਲੀ ਮੈਂਬਰ ਹੈ।

**APCA is excited to announce its**

# 9TH ANNUAL BUYER'S TRADE SHOW IN MODESTO

**on Thursday, April 27th, 2023 From 12:30pm to 5:30pm at Modesto Centre Plaza 1010, L Street, Modesto, CA 95354**

## FREE ADMISSION

10 YEARS ANNIVERSARY

APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## April 27th, From 12:30pm to 5:30pm

**at Modesto Centre Plaza 1010, L Street, Modesto, CA 95354**

**ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ**

# ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

*Special Vendor Deals + New Items*

- 80+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 9ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



*Live Performance*

## Malkit Singh

*Venue:*

*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

Host

Jot Ranjit

Copyright @ Punjab Mail USA

*Grand sponsor*

*Media Partners*

PUNJAB MAIL TV Channel · PTC PUNJABI

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS : $50 each

*For More Information*

PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006
JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023

10 YEARS ANNIVERSARY

# APCA

## AMERICAN PETROLEUM AND CONVENIENCE STORE ASSOCIATION

## *9th Annual BUYER'S Trade Show In Modesto*

***on Thursday, April 27th, 2023 From 12:30pm to 5:30pm***
***at Modesto Centre Plaza 1010, L Street, Modesto, CA 95354***

*Grand sponsor*

Dosanjh Family AUTO GROUP



*Host*



*Jot Ranjit*

*Media Partners*

PUNJAB MAIL USA TV Channel

Radio Punjab

PTC PUNJABI

*Live Performance*

# *Malkit Singh*

***Thursday, April 27th From 7:00pm to 9:00pm***
***Venue: THE STATE THEATER, 1307, J Street, Modesto, CA 95354***

*"APCA members will get at the Trade Show, one ticket of $100 value FREE per paid store membership. 2nd ticket at discounted price of $20 and more additional tickets at $50 can be purchased at Trade Show, subject to availability on first come first basis.*

*For More Information*

PUNEET BAINS : 559-347-7728
JEET SANDHU : 209-765-2619
PAUL HAYER : 707-290-8530
SUKHI SANDHU : 209-505-0876
KEWAL KRISHAN: 510-290-7144
APCA OFFICE : 916-627-1170
ANDY CHHIKARA: 559-259-4006
Rocky Malhi : 916-792-8023

Copyright @ Punjab Mail USA

# ਜਲੰਧਰ ਜ਼ਿਮਨੀ ਚੋਣ 'ਚ ਚੋਣ ਪ੍ਰਚਾਰ ਦੀ ਕਮਾਨ ਮਾਲਵੇ ਦੇ ਹਿੱਸੇ ਆਈ

**ਸੰਗਰੂਰ, (ਪੰਜਾਬ ਮੇਲ)**-ਪੰਜਾਬ ਵਿਚ ਦੁਆਬਾ ਖੇਤਰ ਦੇ ਲੋਕ ਸਭਾ ਹਲਕਾ ਜਲੰਧਰ ਦੀ ਹੋ ਰਹੀ ਲੋਕ ਸਭਾ ਉਪ ਚੋਣ ਵਿਚ ਚੋਣ ਪ੍ਰਚਾਰ ਪੂਰੇ ਜ਼ੋਰ 'ਤੇ ਹੈ। ਇਸ ਚੋਣ ਵਿਚ ਬੇਸ਼ੱਕ ਦੁਆਬੇ ਦੇ ਲੋਕ ਸ਼ਾਮਲ ਹੋਣਗੇ ਪਰ ਚੋਣ ਪ੍ਰਚਾਰ ਮਾਲਵੇ ਦੇ ਹਿੱਸੇ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵਲੋਂ ਆਪਣੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿਚ ਚੱਲ ਰਹੇ ਚੋਣ ਪ੍ਰਚਾਰ ਦੀ ਕਮਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਭਾਲ ਰੱਖੀ ਹੈ, ਜੋ ਮਾਲਵਾ ਖੇਤਰ ਨਾਲ ਸੰਬੰਧਿਤ ਹਨ। ਉਨ੍ਹਾਂ ਨਾਲ ਚੋਣ ਪ੍ਰਚਾਰ ਦੀ ਟੀਮ ਵਿਚ ਸ਼ਾਮਿਲ ਆਗੂਆਂ 'ਚੋਂ ਵੀ ਅੱਧੇ ਆਗੂ ਮਾਲਵਾ ਖੇਤਰ ਨਾਲ ਸੰਬੰਧਿਤ ਹਨ। ਇਸੇ ਤਰ੍ਹਾਂ ਕਾਂਗਰਸ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੇ ਚੋਣ ਪ੍ਰਚਾਰ ਦੀ ਜ਼ਿੰਮੇਵਾਰੀ ਪਾਰਟੀ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ, ਨਵਜੋਤ ਸਿੰਘ ਸਿੱਧੂ ਤੇ ਬੀਬੀ ਰਜਿੰਦਰ ਕੌਰ ਭੱਠਲ ਨੇ ਸੰਭਾਲੀ ਹੋਈ ਹੈ ਅਤੇ ਇਹ ਸਾਰੇ ਮਾਲਵਾ ਖੇਤਰ ਤੋਂ ਹੀ ਆਉਂਦੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਚੋਣ ਜ਼ਿੰਮੇਵਾਰੀ ਪੰਜਾਬ ਦੇ ਸੀਨੀਅਰ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਸੌਂਪੀ ਗਈ ਹੈ, ਜੋ ਮਾਲਵਾ ਦੇ ਸੰਗਰੂਰ ਜ਼ਿਲ੍ਹੇ ਨਾਲ ਸੰਬੰਧਿਤ ਹਨ। ਭਾਰਤੀ ਜਨਤਾ ਪਾਰਟੀ ਨੇ ਆਪਣੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਚੋਣ ਮੁਹਿੰਮ ਵਿਚ ਜਿਨ੍ਹਾਂ ਆਗੂਆਂ ਨੂੰ ਉਤਾਰਿਆ ਗਿਆ ਹੈ, ਉਨ੍ਹਾਂ ਵਿਚ ਮਾਲਵਾ ਖੇਤਰ ਤੋਂ ਪਾਰਟੀ ਦੇ ਕੌਮੀ ਆਗੂ ਹਰਜੀਤ ਸਿੰਘ ਗਰੇਵਾਲ, ਪਾਰਟੀ ਦੇ ਸੂਬਾ ਕੁਆਰਡੀਨੇਟਰ ਜਤਿੰਦਰ ਕਾਲੜਾ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਕਾਂਗੜ ਅਤੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਸ਼ਾਮਿਲ ਹਨ। ਭਾਜਪਾ ਆਗੂ ਨੂੰ ਸਮਰਥਨ ਦੇਣ ਵਾਲੇ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਵੀ ਮਲਵਈ ਆਗੂਆਂ ਵਿਚ ਸ਼ਾਮਿਲ ਹਨ। ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੇ ਹੱਕ ਵਿਚ ਦਿਨ-ਰਾਤ ਇਕ ਕਰ ਰਹੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਸੰਬੰਧ ਵੀ ਮਾਲਵਾ ਖੇਤਰ ਨਾਲ ਹੈ ਅਤੇ ਉਮੀਦਵਾਰ ਵੀ ਮਾਲਵੇ 'ਚੋਂ ਹੀ ਹੈ।



**ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸਿਮਰਨਜੀਤ ਸਿੰਘ ਮਾਨ, ਰਾਜਾ ਵੜਿੰਗ, ਬੀਬੀ ਰਜਿੰਦਰ ਕੌਰ ਭੱਠਲ, ਹਰਪਾਲ ਸਿੰਘ ਚੀਮਾ, ਹਰਜੀਤ ਸਿੰਘ ਗਰੇਵਾਲ, ਜਤਿੰਦਰ ਕਾਲੜਾ, ਗੁਰਪ੍ਰੀਤ ਸਿੰਘ ਕਾਂਗੜ, ਕੇਵਲ ਸਿੰਘ ਢਿੱਲੋਂ।**

# ਅਮਰੀਕਾ 'ਚ ਸੁਪਾਰੀ ਦੇ ਕੇ ਪੰਜਾਬ 'ਚ ਕਤਲ ਕਰਵਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਦਾ ਐੱਫ.ਬੀ.ਆਈ. ਵੱਲੋਂ ਪਰਦਾਫਾਸ਼

**■ ਅਮਰੀਕਾ 'ਚ ਰੋਜ਼ੀ ਬਰਕੰਦੀ ਦੇ ਭਰਾ ਸ਼ਮਿੰਦਰਜੀਤ ਸਿੰਘ ਸੰਧੂ ਸਣੇ 3 ਪੰਜਾਬੀ ਗ੍ਰਿਫ਼ਤਾਰ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਈਸਟਨ ਡਿਸਟ੍ਰਿਕ ਕੋਰਟ ਆਫ ਕੈਲੀਫੋਰਨੀਆ ਤੋਂ ਪ੍ਰਾਪਤ ਦਸਤਾਵੇਜ਼ਾਂ ਮੁਤਾਬਕ ਪੰਜਾਬ ਦੇ 3 ਵਿਅਕਤੀਆਂ ਦੇ ਨਾਮ ਸੁਪਾਰੀ ਦੇ ਕੇ ਕਤਲ ਕਰਨ ਅਤੇ ਸਰੀਰਕ ਨੁਕਸਾਨ ਪਹੁੰਚਾਉਣ ਦੇ ਕੇਸ ਵਿਚ ਸਾਹਮਣੇ ਆ ਰਹੇ ਹਨ। ਅਮਰੀਕਾ ਦੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ. ਆਈ.) ਵੱਲੋਂ ਇਸ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਸ਼ਮਿੰਦਰਜੀਤ ਸਿੰਘ ਸੰਧੂ, ਰਾਕੇਸ਼ ਕੁਮਾਰ ਬਿਰਲਾ ਜੂਨੀਅਰ ਅਤੇ ਜਗਨਿੰਦਰ ਸਿੰਘ ਬੋਪਾਰਾਏ ਦਾ ਨਾਮ ਆਇਆ ਹੈ। ਸ਼ਮਿੰਦਰਜੀਤ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਕਤਸਰ ਨਾਲ ਸਬੰਧਿਤ ਵੱਡੇ ਆਗੂ ਰੋਜ਼ੀ ਬਰਕੰਦੀ ਦਾ ਛੋਟਾ ਭਰਾ ਹੈ। ਇਨ੍ਹਾਂ ਵਿਅਕਤੀਆਂ ਨੇ 2 ਹੋਰਾਂ (ਸੁਰੱਖਿਆ ਕਾਰਨਾਂ ਕਰਕੇ ਜਿਨ੍ਹਾਂ ਦੇ ਨਾਵਾਂ ਨੂੰ ਡਿਸਕਲੋਜ਼ ਨਹੀਂ ਕੀਤਾ ਜਾ ਰਿਹਾ) ਨੂੰ ਮਰਵਾਉਣ ਅਤੇ ਭਾਰੀ ਸਰੀਰਕ ਨੁਕਸਾਨ ਪਹੁੰਚਾਉਣ ਲਈ ਅਮਰੀਕਾ ਵਿਚ ਇਕ ਸਾਜ਼ਿਸ਼ ਰਚੀ ਪਰ ਇਸ ਵਿਚ ਅਸਫਲ ਰਹੇ, ਕਿਉਂਕਿ ਐੱਫ.ਬੀ.ਆਈ. ਨੇ ਇਨ੍ਹਾਂ ਦੀ ਯੋਜਨਾ ਦਾ ਪਰਦਾਫਾਸ਼ ਕਰ ਦਿੱਤਾ।

ਸਾਰੇ ਸਬੂਤ ਹੱਥ ਲੱਗਣ 'ਤੇ ਐੱਫ.ਬੀ.ਆਈ. ਨੇ ਸਭ ਤੋਂ ਪਹਿਲਾਂ ਇਸ ਸੁਪਾਰੀ ਕਾਂਡ ਦੇ ਮਾਸਟਰ ਮਾਈਂਡ ਜਗਨਿੰਦਰ ਸਿੰਘ ਬੋਪਾਰਾਏ ਅਤੇ ਰਾਕੇਸ਼ ਕੁਮਾਰ ਬਿਰਲਾ ਨੂੰ ਅੰਡਰ ਸੈਕਸ਼ਨ ਟਾਈਟਲ-18 ਯੂਨਾਈਟਿਡ ਸਟੇਟ ਕੋਡ ਦੀ ਧਾਰਾ 1958 ਤਹਿਤ ਗ੍ਰਿਫ਼ਤਾਰ ਕੀਤਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਸ਼ਮਿੰਦਰਜੀਤ ਸਿੰਘ ਸੰਧੂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜੇਕਰ ਇਨ੍ਹਾਂ ਲੋਕਾਂ 'ਤੇ ਦੋਸ਼ ਸਾਬਿਤ ਹੋ ਜਾਂਦਾ ਹੈ ਤਾਂ ਇਨ੍ਹਾਂ ਨੂੰ 10 ਸਾਲ ਦੀ ਸਜ਼ਾ ਅਤੇ ਢਾਈ ਲੱਖ ਡਾਲਰ ਜੁਰਮਾਨਾ ਹੋ ਸਕਦਾ ਹੈ। ਇਸ ਸਾਰੇ ਕਾਂਡ ਵਿਚ ਇੱਕ ਹੋਰ ਵਿਅਕਤੀ ਵੀ ਸ਼ਾਮਲ ਦੱਸਿਆ ਜਾ ਰਿਹਾ ਹੈ, ਜਿਸ ਦਾ ਨਾਮ ਗੁਪਤ ਰੱਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਐੱਫ.ਬੀ.ਆਈ. ਵੱਲੋਂ ਇਹ ਆਪ੍ਰੇਸ਼ਨ 20 ਫਰਵਰੀ ਤੋਂ ਲੈ ਕੇ 29 ਮਾਰਚ ਤੱਕ ਚਲਾਇਆ ਗਿਆ ਅਤੇ ਇਸ ਦੌਰਾਨ ਬਹੁਤ ਸਾਰੇ ਸਬੂਤ ਇਕੱਠੇ ਕੀਤੇ ਗਏ। ਸ਼ਮਿੰਦਰਜੀਤ ਸੰਧੂ 'ਤੇ ਪੰਜਾਬ ਵਿਚ ਵੀ ਫਰਜੀਵਾੜੇ ਦਾ ਇੱਕ ਮਾਮਲਾ ਦਰਜ ਹੈ। ਪਤਾ ਲੱਗਾ ਹੈ ਕਿ ਸ਼ਮਿੰਦਰਜੀਤ ਸਿੰਘ ਸੰਧੂ 'ਤੇ ਪੰਜਾਬ ਵਿਚ ਇੱਕ ਬੈਂਕ ਨਾਲ 16 ਕਰੋੜ ਰੁਪਏ ਦੇ ਕਰਜ ਵਿਚ ਹੇਰਫੇਰ ਦਾ ਮਾਮਲਾ ਦਰਜ ਹੈ ਅਤੇ ਇਨ੍ਹਾਂ ਦਾ ਮੁਕਤਸਰ ਨਾਲ ਸਬੰਧਿਤ ਪਿੰਡ ਬਰਕੰਦੀ ਦੱਸਿਆ ਜਾ ਰਿਹਾ ਹੈ।

# ਫ਼ਰਜ਼ੀ ਅਰਜ਼ੀਆਂ ਵਧਣ ਕਾਰਨ 5 ਆਸਟਰੇਲਿਆਈ ਯੂਨੀਵਰਸਿਟੀਆਂ ਵੱਲੋਂ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ

**■ ਪੰਜਾਬ ਸਮੇਤ 8 ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆ 'ਤੇ ਲਾਈ ਪਾਬੰਦੀ**

**ਮੈਲਬਰਨ, (ਪੰਜਾਬ ਮੇਲ)**- ਫ਼ਰਜ਼ੀ ਅਰਜ਼ੀਆਂ ਦੇ ਵਧਣ ਕਾਰਨ ਘੱਟੋ-ਘੱਟ ਪੰਜ ਆਸਟਰੇਲਿਆਈ ਯੂਨੀਵਰਸਿਟੀਆਂ ਨੇ ਕੁਝ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਆਸਟਰੇਲੀਆ ਵਿਚ ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ 75,000 ਦੇ 2019 ਦੇ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਗਲੋਬਲ ਐਜੂਕੇਸ਼ਨ ਫਰਮ ਨੇਵਿਟਾਸ ਦੇ ਜੌਹਨ ਚਿਊ ਨੇ ਕਿਹਾ, 'ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਮੀਦ ਨਾਲੋਂ ਕਿਤੇ ਵੱਧ ਹੈ। ਸਾਨੂੰ ਪਤਾ ਸੀ ਕਿ ਗਿਣਤੀ ਕਾਫੀ ਵਧੇਗੀ ਪਰ ਇਸ ਦੇ ਨਾਲ ਹੀ ਫਰਜ਼ੀ ਵਿਦਿਆਰਥੀਆਂ ਦੀ ਗਿਣਤੀ ਵੀ ਵਧੀ ਹੈ।' ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਯੂਨੀਵਰਸਿਟੀਆਂ ਹੁਣ ਸਥਿਤੀ ਨਾਲ ਨਜਿੱਠਣ ਲਈ ਪਾਬੰਦੀਆਂ ਲਗਾ ਰਹੀਆਂ ਹਨ। ਵਿਕਟੋਰੀਆ ਯੂਨੀਵਰਸਿਟੀ, ਐਡਿਥ ਕੋਵਾਨ ਯੂਨੀਵਰਸਿਟੀ, ਵੋਲੋਂਗੌਂਗ ਯੂਨੀਵਰਸਿਟੀ, ਟੋਰੇਨਸ ਯੂਨੀਵਰਸਿਟੀ ਅਤੇ ਸਾਊਥ ਕਰਾਸ ਯੂਨੀਵਰਸਿਟੀ ਨੇ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਸ਼ੁਦਾ ਕਾਰਵਾਈ ਕੀਤੀ ਹੈ। ਫਰਵਰੀ ਵਿਚ ਪਰਥ ਸਥਿਤ ਐਡਿਥ ਕੋਵਾਨ ਯੂਨੀਵਰਸਿਟੀ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਬਿਨੈਕਾਰਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਮਾਰਚ ਵਿਚ ਵਿਕਟੋਰੀਆ ਯੂਨੀਵਰਸਿਟੀ ਨੇ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਸਮੇਤ ਅੱਠ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਆਂ ਵਧਾ ਦਿੱਤੀਆਂ।



# ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਸੱਭਿਆਚਾਰ ਪ੍ਰੋਗਰਾਮ ਦੌਰਾਨ ਗੀਤਕਾਰ ਜਸਬੀਰ ਗੁਣਾਚੌਰੀਆ ਸਣੇ ਨਾਮਵਰ ਸ਼ਖ਼ਸੀਅਤਾਂ ਸਨਮਾਨਿਤ





ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਸੱਭਿਆਚਾਰ ਪ੍ਰੋਗਰਾਮ ਦੌਰਾਨ ਵੱਖ-ਵੱਖ ਸ਼ਖਸੀਅਤਾਂ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼। (ਫੋਟੋ : ਨੀਟਾ ਮਾਛੀਕੇ)

**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਫਰਿਜ਼ਨੋ ਦੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਬੀਤੇ ਸ਼ੁੱਕਰਵਾਰ ਸਮੂਹ ਯਾਰਾ, ਦੋਸਤਾਂ ਦੇ ਸਹਿਯੋਗ ਨਾਲ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋਂ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਰੱਖਿਆ ਗਿਆ, ਜਿੱਥੇ ਗੀਤਕਾਰ ਜਸਬੀਰ ਗੌਣਾਚੌਰੀਆ ਨੂੰ ਉਨ੍ਹਾਂ ਦੀ ਸਾਫ਼-ਸੁਥਰੀ ਗੀਤਕਾਰੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਡਾਂ ਵਿਚ ਪੰਜਾਬੀਅਤ ਦਾ ਨਾਮ ਚਮਕਾਉਣ ਲਈ ਗੁਰਬਖਸ਼ ਸਿੰਘ ਸਿੱਧੂ ਨੂੰ ਵੀ ਸਨਮਾਨ ਦਿੱਤਾ ਗਿਆ। ਮਿਊਜ਼ਿਕ ਇੰਡਸਟਰੀ ਵਿਚ ਚੰਗੀ ਜਗ੍ਹਾ ਬਣਾ ਚੁੱਕੇ ਪੱਪੀ ਭਦੌੜ ਨੂੰ ਵੀ ਸਨਮਾਨ ਦਿੱਤਾ ਗਿਆ। ਇਸ ਮੌਕੇ ਕਵਿੱਤਰੀ ਡਾ. ਮਨਰੀਤ ਕੌਰ ਗਰੇਵਾਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿਚ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਨੇ ਹਾਜ਼ਰੀ ਭਰਕੇ ਮਹਿਫ਼ਲ ਨੂੰ ਹੋਰ ਚਾਰ ਚੰਨ੍ਹ ਲਾਏ। ਇਹ ਸਮਾਗਮ ਖ਼ਾਸ ਕਰਕੇ ਗੀਤਕਾਰ ਜਸਬੀਰ ਗੁਣਾਚੌਰੀਆ ਲਈ ਉਲੀਕਿਆ ਗਿਆ ਸੀ, ਉਨ੍ਹਾਂ ਉਚੇਚੇ ਤੌਰ 'ਤੇ ਕੈਨੇਡਾ ਤੋਂ ਚੱਲਕੇ ਇਸ ਸਮਾਗਮ ਵਿਚ ਹਾਜ਼ਰੀ ਭਰੀ। ਇਹ ਸਮਾਗਮ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਰਿਹਾ। ਪਤਵੰਤਿਆਂ ਨਾਲ ਖਚਾਖਚ ਭਰੇ ਹਾਲ ਅੰਦਰ ਗੀਤਕਾਰ ਜਸਬੀਰ ਗੁਣਾਚੌਰੀਆ, ਗਾਇਕ ਧਰਮਵੀਰ ਥਾਂਦੀ, ਬਹਾਦਰ ਸਿੱਧੂ, ਅਵਤਾਰ ਗਰੇਵਾਲ, ਕਮਲਜੀਤ ਬੈਨੀਪਾਲ, ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ, ਗੈਰੀ ਢਿੱਲੋਂ, ਡਾ. ਮਨਰੀਤ ਗਰੇਵਾਲ, ਗੋਗੀ ਸੰਧੂ, ਪੱਪੀ ਭਦੌੜ, ਅਨਮੋਲ ਗਰੇਵਾਲ ਆਦਿ ਨੇ ਐਸਾ ਸਮਾਂ ਬੰਨ੍ਹਿਆ ਕਿ ਹਰ ਕੋਈ ਸਾਹ ਰੋਕ ਕੇ ਪ੍ਰੋਗਰਾਮ ਦਾ ਅਨੰਦ ਮਾਣਦਾ ਨਜ਼ਰ ਆਇਆ। ਪੀ.ਸੀ.ਏ. ਮੈਂਬਰ ਸੁਖਬੀਰ ਭੰਡਾਲ ਨੇ ਵਿਸਾਖੀ ਦੇ ਦਿਹਾੜੇ ਦੀ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਗੱਲਬਾਤ ਕੀਤੀ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਚਰਨਜੀਤ ਸਿੰਘ ਬਾਠ ਜਸਬੀਰ ਗੁਣਾਚੌਰ ਦੀ ਗੀਤਕਾਰੀ ਦੀ ਤਰੀਫ਼ ਕਰਦਿਆਂ ਕਿਹਾ ਕਿ ਜਸਬੀਰ ਗੁਣਾਚੌਰ ਨੇ ਦਰਜਨਾਂ ਹਿੱਟ ਗੀਤ ਪੰਜਾਬੀ ਮਾਂ ਬੋਲੀ ਦੀ ਝੋਲ੍ਹੀ ਪਾਏ ਤੇ ਬਹੁਤ ਸਾਰੇ ਗਾਇਕ ਉਨ੍ਹਾਂ ਦੇ ਗੀਤ ਗਾ ਕੇ ਸਟਾਰ ਬਣ ਗਏ। ਇਸ ਮੌਕੇ ਟਰਾਂਸਪੋਰਟਰ ਖੁਸ਼ ਧਾਲੀਵਾਲ, ਮਿੰਟੂ ਉੱਪਲੀ, ਸਤਨਾਮ ਪ੍ਰਧਾਨ, ਨਾਜ਼ਰ ਸਿੰਘ ਸਹੋਤਾ, ਗੁਰਪ੍ਰੀਤ ਦੌਧਰ, ਨੀਟੂ ਵੜਿਆਲ, ਜਸਪਾਲ ਧਾਲੀਵਾਲ, ਜਗਦੀਪ ਸਿੰਘ, ਜੱਸੀ ਸਟੋਨ ਟਰੱਕਿੰਗ, ਇੰਡੋ ਯੂ.ਐੱਸ.ਏ. ਐਸੋਸੀਏਸ਼ਨ, ਇੰਡੋ ਅਮੈਰਕਿਨ ਹੈਰੀਟੇਜ, ਪੀ.ਸੀ.ਏ., ਜੀ.ਐੱਚ.ਜੀ., ਵਿਰਸਾ ਫਾਊਂਡੇਸ਼ਨ ਸੰਸਥਾਵਾਂ ਅਤੇ ਵਾਲੀਬਾਲ ਕਲੱਬ ਫਰਿਜ਼ਨੋ ਆਦਿ ਦੇ ਮੈਂਬਰਾ ਤੋਂ ਬਿਨਾ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਇਆ।

# ਦੂਸਰੀ ਵਾਰ ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨਗੇ ਜੋਅ ਬਾਇਡਨ




**ਟਰੰਪ ਵੀ ਲੜਨਗੇ ਨਵੰਬਰ 2024 ਦੀ ਰਾਸ਼ਟਰਪਤੀ ਚੋਣ**

**ਡਬਲਿਨ, (ਪੰਜਾਬ ਮੇਲ)**- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਉਹ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਮੁੜ ਤੋਂ ਚੋਣ ਲੜਨਗੇ। ਆਇਰਿਸ਼ ਰਾਸ਼ਟਰੀ ਰੇਡੀਓ ਅਤੇ ਟੈਲੀਵਿਜ਼ਨ ਪ੍ਰਸਾਰਕ ਆਰ.ਟੀ.ਈ. ਨੇ ਸ਼ਨੀਵਾਰ ਇਹ ਸੂਚਨਾ ਦਿੱਤੀ।

ਸ਼ੁੱਕਰਵਾਰ ਅੱਧੀ ਰਾਤ ਨੂੰ ਆਇਰਲੈਂਡ ਤੋਂ ਰਵਾਨਾ ਹੋਣ ਤੋਂ ਪਹਿਲਾਂ ਬਾਇਡਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੇ ਦੂਜੇ ਕਾਰਜਕਾਲ ਲਈ ਚੋਣ ਲੜਨ ਦਾ ਮਨ ਬਣਾ ਲਿਆ ਹੈ ਅਤੇ ਜਲਦ ਹੀ ਇਕ ਰਸਮੀ ਮੁਹਿੰਮ ਦਾ ਐਲਾਨ ਕਰਨਗੇ। ਬਾਇਡਨ 3 ਦਿਨਾ ਸਰਕਾਰੀ ਦੌਰੇ 'ਤੇ ਡਬਲਿਨ ਪਹੁੰਚੇ। ਆਪਣੀ ਫੇਰੀ ਦੌਰਾਨ ਉਨ੍ਹਾਂ ਆਪਣੇ ਆਇਰਿਸ਼ ਹਮਰੁਤਬਾ ਮਾਈਕਲ ਡੀ ਹਿਗਿੰਸ ਨਾਲ ਮੁਲਾਕਾਤ ਕੀਤੀ ਅਤੇ ਆਇਰਿਸ਼ ਪ੍ਰਧਾਨ ਮੰਤਰੀ ਲਿਓ ਵਰਾਡਕਰ ਨਾਲ ਗੱਲਬਾਤ ਕੀਤੀ।

# ਟੈਕਸਸ 'ਚ ਮੋਟਰ ਸਾਈਕਲ ਗਿਰੋਹ ਹਿੰਸਾ 'ਚ ਇਕ ਦੀ ਮੌਤ



ਟੈਕਸਸ ਹਾਈਵੇਅ ਉਪਰ ਹੋਈ ਗੋਲੀਬਾਰੀ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਟੈਕਸਸ ਹਾਈਵੇਅ ਉਪਰ ਗੈਰ ਕਾਨੂੰਨੀ ਮੋਟਰ ਸਾਈਕਲ ਗਿਰੋਹ ਮੈਂਬਰਾਂ ਵੱਲੋਂ ਕੀਤੀ ਫਾਇਰਿੰਗ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਪ੍ਰਗਟਾਵਾ ਮੌਂਟਗੋਮਰੀ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਲਾਅ ਇਨਫੋਰਸਮੈਂਟ ਏਜੰਸੀ ਅਨੁਸਾਰ ਇੰਟਰਸਟੇਟ 45 ਉਪਰ ਇਕ 32 ਸਾਲਾ ਵਿਅਕਤੀ ਨੂੰ ਗੋਲੀ ਮਾਰੀ ਗਈ, ਜਿਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਘਟਨਾ ਵਿਚ ਸ਼ਾਮਲ ਲੋਕਾਂ ਦਾ ਸਬੰਧ ਗੈਰ ਕਾਨੂੰਨੀ ਮੋਟਰਸਾਈਕਲ ਗਿਰੋਹਾਂ ਨਾਲ ਹੋ ਸਕਦਾ ਹੈ। ਬਿਆਨ ਵਿਚ ਇਕ ਹੋਰ ਮੋਟਰ ਸਾਈਕਲ ਗਿਰੋਹ ਵੱਲੋਂ ਕੀਤੀ ਵਾਕਰ ਕਾਊਂਟੀ ਵਿਚ ਅਜਿਹੀ ਹੀ ਇਕ ਹੋਰ ਘਟਨਾ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਏਜੰਸੀਆਂ ਇਨ੍ਹਾਂ ਦੋਨਾਂ ਘਟਨਾਵਾਂ ਵਿਚਾਲੇ ਕੋਈ ਸਬੰਧ ਹੋਣ ਦੀ ਜਾਂਚ ਕਰ ਰਹੀਆਂ ਹਨ। ਬਿਆਨ ਅਨੁਸਾਰ ਇਹ ਘਟਨਾਵਾਂ ਗਿਰੋਹਾਂ ਨਾਲ ਸਬੰਧਤ ਹਨ ਤੇ ਵਿਸ਼ਵਾਸ ਹੈ ਕਿ ਆਮ ਜਨਤਾ ਨੂੰ ਇਸ ਸਮੇਂ ਕੋਈ ਖਤਰਾ ਨਹੀਂ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸਰਬੱਤ ਦਾ ਭਲਾ ਟਰੱਸਟ ਨੇ ਗੁਰੂ ਨਗਰੀ 'ਚ ਇੱਕ ਹੋਰ ਲੈਬ ਅਤੇ ਡਾਇਗਨੋਸਟਿਕ ਸੈਂਟਰ ਖੋਲ੍ਹਿਆ




ਸ਼ਹੀਦ ਊਧਮ ਸਿੰਘ ਚੈਰੀਟੇਬਲ ਹਸਪਤਾਲ਼ ਵਿਖੇ ਟਰੱਸਟ ਵੱਲੋਂ ਖੋਲ੍ਹੀ ਗਈ ਲੈਬੋਰਟਰੀ ਦਾ ਉਦਘਾਟਨ ਕਰਨ ਮੌਕੇ ਡਾ. ਐੱਸ.ਪੀ. ਸਿੰਘ ਓਬਰਾਏ, ਵਿਧਾਇਕ ਡਾ. ਅਜੈ ਗੁਪਤਾ, ਮਨਪ੍ਰੀਤ ਸਿੰਘ, ਡਾ. ਸਤਨਾਮ ਸਿੰਘ ਨਿੱਜਰ, ਸੁਖਜਿੰਦਰ ਹੇਰ ਤੇ ਹੋਰ।

**■ ਜਲਦ ਸ਼ੁਰੂ ਹੋਵੇਗਾ ਆਧੁਨਿਕ ਡੈਂਟਲ ਕਲੀਨਿਕ ਅਤੇ ਫਿਜ਼ੀਓਥਰੈਪੀ ਸੈਂਟਰ : ਡਾ. ਓਬਰਾਏ ■ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਕੀਤੀ ਗਈ ਵੱਡੀ ਲੋਕ ਸੇਵਾ ਸ਼ਹੀਦਾਂ ਨੂੰ ਅਸਲ ਸ਼ਰਧਾਂਜਲੀ : ਵਿਧਾਇਕ ਡਾ. ਗੁਪਤਾ ਤੇ ਫਾਊਂਡੇਸ਼ਨ**

ਅੰਮ੍ਰਿਤਸਰ, (ਪੰਜਾਬ ਮੇਲ)- ਬਿਨਾਂ ਕਿਸੇ ਤੋਂ ਇਕ ਵੀ ਪੈਸਾ ਇਕੱਠਾ ਕੀਤਿਆਂ ਆਪਣੀ ਜੇਬ੍ਹ 'ਚੋਂ ਹੀ ਕਰੋੜਾਂ ਰੁਪਏ ਸੇਵਾ ਕਾਰਜਾਂ 'ਤੇ ਖ਼ਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਆਗਮਨ ਪੁਰਬ ਨੂੰ ਸਮਰਪਿਤ ਖੋਲ੍ਹੇ ਜਾ ਰਹੇ 'ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰਾਂ' ਦੀ ਲੜੀ ਤਹਿਤ ਗੁਰੂ ਨਗਰੀ ਦੇ ਭਗਤਾਂ ਵਾਲਾ ਖੇਤਰ 'ਚ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਰਜਿ. ਦੇ ਸਹਿਯੋਗ ਸਦਕਾ ਟਰੱਸਟ ਦੀ ਅੰਮ੍ਰਿਤਸਰ 'ਚ ਦੂਸਰੀ ਲੈਬੋਰਟਰੀ ਦਾ ਉਦਘਾਟਨ ਟਰੱਸਟ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਅਤੇ ਵਿਧਾਇਕ ਡਾ. ਅਜੈ ਗੁਪਤਾ ਵੱਲੋਂ ਕੀਤਾ ਗਿਆ। ਜਦਕਿ ਸਮਾਗਮ 'ਚ ਕੈਬਨਿਟ ਮੰਤਰੀ ਡਾ. ਨਿੱਝਰ ਦੇ ਓ.ਐੱਸ.ਡੀ. ਮਨਪ੍ਰੀਤ ਸਿੰਘ ਅਤੇ ਟਰੱਸਟੀ ਡਾ. ਸਤਨਾਮ ਸਿੰਘ ਨਿੱਜਰ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।

ਸ਼ਹੀਦ ਊਧਮ ਸਿੰਘ ਚੈਰੀਟੇਬਲ ਹਸਪਤਾਲ ਦੀ ਆਲੀਸ਼ਾਨ ਬਿਲਡਿੰਗ ਅੰਦਰ ਇਸ ਲੈਬਾਰਟਰੀ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵੀ ਅਤੇ ਟਰੱਸਟ ਮੁੱਖੀ ਡਾ. ਓਬਰਾਏ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਵੱਲੋਂ ਤਿਆਰ ਕੀਤੇ ਗਏ ਇਸ ਹਸਪਤਾਲ਼ ਅੰਦਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਲੈਬੋਰਟਰੀ ਤੋਂ ਇਲਾਵਾ ਬਹੁਤ ਹੀ ਜਲਦ ਆਧੁਨਿਕ ਡੈਂਟਲ ਕਲੀਨਿਕ ਅਤੇ ਫਿਜ਼ੀਓਥਰੈਪੀ ਸੈਂਟਰ ਵੀ ਸ਼ੁਰੂ ਹੋ ਜਾਵੇਗਾ। ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ ਖੋਲ੍ਹੀਆਂ ਜਾ ਚੁੱਕੀਆਂ 80 ਦੇ ਕਰੀਬ ਲੈਬਾਰਟਰੀਆਂ ਅੰਦਰ ਹਰ ਮਹੀਨੇ ਲਗਭਗ 70 ਹਜ਼ਾਰ ਲੋਕ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਰਹੇ ਹਨ।

ਇਸ ਦੌਰਾਨ ਵਿਧਾਇਕ ਡਾ. ਅਜੈ ਗੁਪਤਾ, ਓ.ਐੱਸ.ਡੀ. ਮਨਪ੍ਰੀਤ ਸਿੰਘ, ਸ਼ਹੀਦ ਊਧਮ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਪ੍ਰਧਾਨ ਦੀਪ ਸਿੰਘ ਕੰਬੋਜ਼, ਜਨਰਲ ਸਕੱਤਰ ਸਤਬੀਰ ਸਿੰਘ, ਮੈਂਬਰ ਸੁਰਜੀਤ ਸਿੰਘ ਸਮੇਤ ਸਮੂਹ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਨਿਭਾਈਆਂ ਜਾ ਰਹੀਆਂ ਮਿਸਾਲੀ ਸੇਵਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਉਨ੍ਹਾਂ ਵੱਲੋਂ ਸਥਾਪਿਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਤੇ ਸਿਹਤ ਨਾਲ ਸੰਬੰਧਤ ਹੋਰਨਾਂ ਸੇਵਾਵਾਂ ਸਦਕਾ ਇਸ ਖੇਤਰ ਦੇ ਲੋਕਾਂ ਦੇ ਨਾਲ-ਨਾਲ ਸਮੁੱਚੇ ਅੰਮ੍ਰਿਤਸਰ ਜ਼ਿਲ੍ਹੇ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਸਮਾਗਮ ਦੇ ਅਖੀਰ ਵਿਚ ਪ੍ਰਬੰਧਕਾਂ ਵੱਲੋਂ ਡਾ. ਓਬਰਾਏ ਸਮੇਤ ਬਾਕੀ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ ਦੌਰਾਨ ਟਰੱਸਟ ਦੇ ਮੈਡੀਕਲ ਡਾਇਰੈਕਟਰ ਡਾ. ਡੀ.ਐੱਸ. ਗਿੱਲ, ਰਵਿੰਦਰ ਰੌਬਿਨ, ਮਾਝਾ ਜ਼ੋਨ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸੁਖਦੀਪ ਸਿੱਧੂ, ਮਨਪ੍ਰੀਤ ਸੰਧੂ, ਨਵਜੀਤ ਘਈ, ਸ਼ਿਸ਼ਪਾਲ ਲਾਡੀ, ਜਗਦੇਵ ਸਿੰਘ ਛੀਨਾ, ਹਰਦੀਪ ਸਿੰਘ ਖਲਚੀਆਂ, ਕੈਪਟਨ ਵਿਜੈ ਸ਼ਰਮਾ, ਮਨਿੰਦਰਪਾਲ ਸਿੰਘ ਪਲਾਸੌਰ, ਕੰਵਰ ਜਗਦੀਪ ਸਿੰਘ, ਹਰਸ਼ਰਨ ਸਿੰਘ, ਤਰਸੇਮ ਪਾਲ, ਸੁਖਦੇਵ ਸਿੰਘ, ਪਰਮਜੀਤ ਸਿੰਘ, ਸਵਰਨ ਸਿੰਘ, ਹਰਭਜਨ ਸਿੰਘ, ਸੁਰਿੰਦਰ ਸਿੰਘ, ਦੀਵਾਨ ਸਿੰਘ, ਸੰਤੋਖ ਸਿੰਘ, ਸੁਰਿੰਦਰ ਪਾਲ ਸਿੰਘ, ਕਾਮਰੇਡ ਲਖਬੀਰ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਮੌਜੂਦ ਸਨ।

## ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਵਿਜੀਲੈਂਸ ਵੱਲੋਂ ਬਲਬੀਰ ਸਿੱਧੂ ਤਲਬ



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਕਾਂਗਰਸੀ ਮੰਤਰੀ ਅਤੇ ਭਾਜਪਾ ਆਗੂ ਬਲਬੀਰ ਸਿੰਘ ਸਿੱਧੂ ਨੂੰ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਵਿਚ ਚੱਲ ਰਹੀ ਤਫ਼ਤੀਸ਼ ਲਈ 21 ਅਪ੍ਰੈਲ ਨੂੰ ਤਲਬ ਕੀਤਾ ਹੈ। ਬਿਊਰੋ ਨੇ ਬਲਬੀਰ ਸਿੱਧੂ ਤੇ ਉਨ੍ਹਾਂ ਦੇ ਭਰਾ ਅਤੇ ਮੁਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਉਰਫ਼ ਜੀਤੀ ਖਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨੀ ਦੇ ਮਾਮਲੇ ਵਿਚ ਪਿਛਲੇ ਛੇ ਮਹੀਨਿਆਂ ਤੋਂ ਜਾਂਚ ਆਰੰਭੀ ਹੋਈ ਹੈ। ਵਿਜੀਲੈਂਸ ਦੀ ਮੁੱਢਲੀ ਰਿਪੋਰਟ ਮੁਤਾਬਕ ਬਿਊਰੋ ਨੇ ਮੁਹਾਲੀ ਦੇ ਮੇਅਰ ਵੱਲੋਂ ਬਣਾਈਆਂ ਨਾਮੀ ਬੇਨਾਮੀ ਜਾਇਦਾਦਾਂ ਦੀ ਸੂਚੀ ਹੀ ਤਿਆਰ ਨਹੀਂ ਕੀਤੀ, ਸਗੋਂ ਜ਼ਮੀਨਾਂ 'ਤੇ ਕਬਜ਼ੇ, ਮੁਹਾਲੀ ਨਗਰ ਨਿਗਮ ਵੱਲੋਂ ਕੀਤੇ ਵਿਕਾਸ ਕਾਰਜਾਂ ਵਿਚ ਗੜਬੜੀਆਂ ਅਤੇ ਹੋਰ ਤੱਥ ਵੀ ਇਕੱਤਰ ਕੀਤੇ ਹਨ। ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਸਿੱਧੂ ਭਰਾਵਾਂ ਖਿਲਾਫ਼ ਜਾਂਚ ਲਈ ਸਰਕਾਰ ਨੇ ਪਿਛਲੇ ਸਾਲ ਨਵੰਬਰ 'ਚ ਹੀ ਹਰੀ ਝੰਡੀ ਦੇ ਦਿੱਤੀ ਸੀ। ਉਸ ਤੋਂ ਬਾਅਦ ਜਿਵੇਂ ਹੀ ਸਿੱਧੂ ਪਰਿਵਾਰ ਦੀਆਂ ਜਾਇਦਾਦਾਂ ਦਾ ਵੇਰਵਾ ਲੰਮਾ ਹੁੰਦਾ ਗਿਆ ਤਾਂ ਵਿਜੀਲੈਂਸ ਨੇ ਮੇਅਰ ਜੀਤੀ ਵੱਲੋਂ ਬਣਾਈਆਂ ਜਾਇਦਾਦਾਂ ਦੀ ਜਾਂਚ ਵੀ ਆਰੰਭ ਦਿੱਤੀ।




# ਬਾਬਾ ਬਿੱਧੀ ਚੰਦ ਸੰਪਰਦਾਇ ਦੇ ਮੁਖੀ ਬਾਬਾ ਅਵਤਾਰ ਸਿੰਘ ਜੀ ਦਾ ਸਿਆਟਲ 'ਚ ਨਿੱਘਾ ਸਵਾਗਤ





ਸਿਆਟਲ ਹਵਾਈ ਅੱਡੇ 'ਤੇ ਪਹੁੰਚਣ 'ਤੇ ਬਾਬਾ ਅਵਤਾਰ ਸਿੰਘ ਜੀ ਦਾ ਸੰਗਤ ਵੱਲੋਂ ਸੁਆਗਤ ਕਰਨ ਸਮੇਂ। (ਸੱਜੇ) ਖਾਲਸਾ ਗੁਰਮਤਿ ਸਕੂਲ ਦੇ ਵਿਦਿਆਰਥੀ ਤੇ ਮਾਪੇ ਨਗਰ ਕੀਰਤਨ ਕੱਢਦੇ ਹੋਏ।


## ਨਗਰ ਕੀਰਤਨ 'ਚ ਸ਼ਾਮਲ ਹੋ ਕੇ ਆਰੰਭਤਾ ਦੀ ਅਰਦਾਸ ਕੀਤੀ




ਬਾਬਾ ਅਵਤਾਰ ਸਿੰਘ ਜੀ ਦਾ ਪ੍ਰਬੰਧਕ ਕਮੇਟੀ ਵੱਲੋਂ ਹੀਰਾ ਸਿੰਘ ਭੁੱਲਰ ਸਨਮਾਨਿਤ ਕਰਦੇ ਹੋਏ। (ਸੱਜੇ) ਬਾਬਾ ਅਵਤਾਰ ਸਿੰਘ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਕਰਦੇ ਸਮੇਂ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-ਬਾਬਾ ਬਿੱਧੀ ਚੰਦ ਦੀ ਅੰਸ਼-ਬੰਸ਼ ਦੇ 12ਵੇਂ ਜਾਨਸ਼ੀਨ ਬਾਬਾ ਅਵਤਾਰ ਸਿੰਘ ਜੀ ਦਾ ਸਿਆਟਲ ਪਹੁੰਚਣ 'ਤੇ ਸੰਗਤ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਖਾਲਸਾ ਗੁਰਮਤਿ ਸਕੂਲ ਫੈਡਰਲ ਵੇ ਦੇ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਆਰੰਭਤਾ ਦੀ ਅਰਦਾਸ ਕੀਤੀ। ਸੰਗਤ ਨੂੰ ਖਾਲਸਾ ਸਾਜਨਾ ਦਿਵਸ ਦੀ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਖਾਲਸਾ ਗੁਰਮਤਿ ਸਕੂਲ ਦੇ ਵਿਦਿਆਰਥੀ ਤੇ ਮਾਪਿਆਂ ਨੇ ਸ਼ਾਮਲ ਹੋ ਕੇ ਨਗਰ ਕੀਰਤਨ ਕੱਢਿਆ। ਸ਼ੁਰੂਆਤ ਸਮੇਂ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤਾ। ਬਾਬਾ ਅਵਤਾਰ ਸਿੰਘ ਜੀ ਨੇ ਸਿਆਟਲ 'ਚ ਵੱਖ-ਵੱਖ ਗੁਰਸਿੱਖਾਂ ਦੇ ਬੁਲਾਵੇ 'ਤੇ ਪਹੁੰਚ ਕੇ ਸੰਗਤ ਨੂੰ ਸਿੱਖੀ ਤੇ ਗੁਰਬਾਣੀ ਨਾਲ ਜੋੜਿਆ। ਅਖੀਰ ਵਿਚ ਸਨਮੋਹਣ ਸਿੰਘ ਸੋਢੀ ਦੇ ਗ੍ਰਹਿ ਵਿਚ ਰਹਿਰਾਸ ਦਾ ਪਾਠ, ਕੀਰਤਨ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਰੈਨਟਨ ਗੁਰੂ ਘਰ ਦੇ ਮੁੱਖ ਸੇਵਾਦਾਰ ਰਹੇ ਹਰਿੰਦਰਪਾਲ ਸਿੰਘ ਬੈਂਸ ਤੇ ਸ਼ਰਨਜੀਤ ਸਿੰਘ ਗੁਰਬਾਣੀ ਤੇ ਸਿੱਖੀ ਦਾ ਪ੍ਰਚਾਰ ਤੇ ਪਸਾਰ ਕਰਨ ਲਈ ਧੰਨਵਾਦ ਕੀਤਾ। ਬਾਅਦ ਵਿਚ ਗੁਰੂ ਦਾ ਅਟੁੱਟ ਲੰਗਰ ਵਰਤਿਆ। ਬਾਬਾ ਜੀ ਨਾਲ ਪਹੁੰਚੇ ਭੁਪਿੰਦਰ ਸਿੰਘ, ਰਵਿੰਦਰ ਸਿੰਘ, ਸਤਨਾਮ ਸਿੰਘ ਚੰਦੈਲ, ਮਨਜਿੰਦਰ ਸਿੰਘ (ਮਨੀ), ਜਗਜੀਤ ਸਿੰਘ ਜੱਸੀ, ਸ਼ਮਿੰਦਰ ਸਿੰਘ ਤੇ ਗੁਰਕੀਰਤ ਸਿੰਘ ਨੇ ਸਿਆਟਲ ਦੀ ਸੰਗਤ ਦਾ ਉਤਸ਼ਾਹ ਵੇਖ ਕੇ ਧੰਨਵਾਦ ਤੇ ਖੁਸ਼ੀ ਮਹਿਸੂਸ ਕੀਤੀ।

# ਸੈਲਮਾ ਵਿਖੇ 29ਵੇਂ ਸਾਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ



ਸੈਲਮਾ ਵਿਖੇ ਸਜਾਏ ਗਏ ਸਾਲਾਨਾ ਵਿਸ਼ਾਲ ਨਗਰ ਕੀਰਤਨ ਦੀਆਂ ਝਲਕੀਆਂ।

ਸੈਲਮਾ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)- ਕੈਲੀਫੋਰਨੀਆ ਵਿਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸੀਫਿਕ ਕੋਸਟ" ਸੈਂਟਰਲ ਵੈਲੀ ਵਿਖੇ ਖਾਲਸੇ ਦੇ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ 29ਵਾਂ ਵਿਸ਼ਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾਵਾਚਕ, ਕੀਰਤਨੀ ਜੱਥਿਆਂ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਆਦਿਕ ਤੋਂ ਇਲਾਵਾ ਇਲਾਕੇ ਦੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾਂ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾਂ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ-ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ, ਜਿਸ ਵਿਚ ਬੱਚਿਆਂ, ਬਜੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀਂ ਫੁੱਲਾਂ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਦੌਰਾਨ ਸਥਾਨਕ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾਂ ਰਾਹੀਂ ਅਮਰੀਕਨ ਲੋਕਾਂ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ ਕੀਰਤਨ 'ਚ ਵੱਖ-ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਖ਼ੂਬ ਅਨੰਦ ਮਾਣਿਆ। ਗੁਰੂਘਰ ਅੰਦਰ "ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ" ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਵਸਤਾਂ ਅਤੇ ਰਸਤਾ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆ ਅਤੇ ਮਜ਼ਬੂਤ ਕੀਤੇ ਗਏ ਸਨ। ਇਸ ਤੋਂ ਇਲਾਵਾ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ, ਜਿਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ 'ਚ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ

## ਬਾਬਾ ਅਵਤਾਰ ਸਿੰਘ ਜੀ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਿਆਟਲ ਦੇ ਗੁਰਦੁਆਰੇ ਰੈਨਟਨ, ਕੈਂਟ ਤੇ ਐਬਰਨ ਵਿਚ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਭਾਈ ਵਰਿਆਮ ਸਿੰਘ ਦੇ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦੀ ਉਪਮਾ ਕੀਤੀ। ਬਾਬਾ ਬਿੱਧੀ ਚੰਦ ਸੰਪਰਦਾਇ ਦੇ ਬਾਰ੍ਹਵੇਂ ਜਾਨਸ਼ੀਨ ਬਾਬਾ ਅਵਤਾਰ ਸਿੰਘ ਜੀ ਨੇ ਖਾਲਸਾ ਸਾਜਨਾ ਦਿਵਸ ਦੀ ਸੰਗਤ ਨੂੰ ਵਧਾਈ ਦਿੱਤੀ ਤੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਤੋਂ ਉਪਰੰਤ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ। ਬਾਅਦ ਵਿਚ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਨੇ ਮਿਲ ਕੇ ਬਾਬਾ ਅਵਤਾਰ ਸਿੰਘ ਜੀ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਇਸ ਤੋਂ ਬਾਅਦ ਬਾਬਾ ਅਵਤਾਰ ਸਿੰਘ ਜੀ ਬੈਲਗਹਿੰਮ ਗੁਰਦੁਆਰਾ ਵਿਖੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪਹੁੰਚੇ। ਇਸ ਮੌਕੇ ਵੱਖ-ਵੱਖ ਗੁਰੂ ਘਰਾਂ 'ਚ ਭਾਰੀ ਗਿਣਤੀ ਵਿਚ ਸੰਗਤ ਨਤਮਸਤਕ ਹੋਣ ਲਈ ਪਹੁੰਚੀ। ਸੰਗਤ ਵਿਚ ਖਾਲਸਾ ਸਾਜਾਨਾ ਦਿਵਸ ਮਨਾਉਣ ਦਾ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।



ਬਾਬਾ ਅਵਤਾਰ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਸਿਰੋਪਾਓ ਦੇ ਕੇ ਨਿਵਾਜ਼ਦੇ ਸਮੇਂ।





ਸੰਗਤਾਂ ਦਾ ਭਰਵਾਂ ਇਕੱਠ।

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਸਜਾਇਆ ਗਿਆ ਵਿਸਾਖੀ ਨਗਰ ਕੀਰਤਨ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਵਿਸਾਖੀ ਦੇ ਮੌਕੇ 'ਤੇ ਵਿਸ਼ਾਲ ਨਗਰ ਕੀਤਰਨ ਸਜਾਇਆ ਗਿਆ। ਸਾਰਾ ਦਿਨ ਪੈ ਰਹੇ ਮੀਂਹ ਦੇ ਬਾਵਜੂਦ ਨਗਰ ਕੀਰਤਨ 'ਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਗੁਰਦੁਆਰਾ ਸਾਹਿਬ ਵਿਖੇ ਭੋਗ ਉਪਰੰਤ ਵੱਖ-ਵੱਖ ਰਾਜਸੀ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸ਼ਖ਼ਸੀਅਤਾਂ ਵਿਚ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ, ਕੈਬਨਿਟ ਮੰਤਰੀ ਹੈਰੀ ਬੈਂਸ ਤੇ ਰਚਨਾ ਸਿੰਘ, ਐੱਮ.ਐੱਲ.ਏ. ਅਮਨਦੀਪ ਸਿੰਘ, ਐੱਮ.ਐੱਲ.ਏ. ਬਰੂਸ ਬੈਨਮੈਨ, ਸਕੂਲ ਟਰੱਸਟੀ ਗੈਰੀ ਥਿੰਦ, ਵਿਰੋਧੀ ਧਿਰ ਦੇ ਆਗੂ ਕੇਵਨ ਫਾਲਕਨ, ਕੈਲਗਰੀ ਤੋਂ ਐੱਮ.ਪੀ. ਤੇ ਕੰਜ਼ਰਵੇਟਿਵ ਪਾਰਟੀ ਦੇ ਸ਼ੈਡੋ ਮਨਿਸਟਰ ਜਸਰਾਜ ਸਿੰਘ ਹੱਲਣ ਅਤੇ ਐੱਮ.ਪੀ. ਕੈਰੀ ਲਿਨ ਸ਼ਾਮਲ ਸਨ। ਸੰਗਤਾਂ ਵੱਲੋਂ ਥਾਂ-ਥਾਂ 'ਤੇ ਵੱਖ-ਵੱਖ ਪਕਵਾਨਾਂ ਦੇ ਸਟਾਲ ਲਾਏ ਗਏ ਸਨ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਨੇ ਰਾਜਸੀ ਆਗੂਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।









ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਖੇ ਸਜਾਏ ਗਏ ਵਿਸਾਖੀ ਨਗਰ ਕੀਰਤਨ ਦੀਆਂ ਝਲਕੀਆਂ।



# ਕੈਲੀਫੋਰਨੀਆ ਦੀ ਹਜ਼ਾਰਾਂ ਏਕੜ ਖੇਤੀਬਾੜੀ ਵਾਲੀ ਜ਼ਮੀਨ ਉਪਰ ਫਿਰ ਰਿਹਾ ਹੈ ਹੜ੍ਹ ਦਾ ਪਾਣੀ

**■ ਬਰਫ ਪਿਘਲਣ ਕਾਰਨ ਸਮੱਸਿਆ ਹੋ ਜਾਵੇਗੀ ਹੋਰ ਗੰਭੀਰ**



ਕੈਲੀਫੋਰਨੀਆ ਦੇ ਕੋਰਕੋਰਨ ਸ਼ਹਿਰ ਨੇੜੇ ਟੂਲੇਰ ਨਦੀ ਵਿਚ ਫਿਰ ਰਿਹਾ ਹੜ੍ਹ ਦਾ ਪਾਣੀ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸਰਦ ਰੁੱਤ ਦੌਰਾਨ ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਮੌਸਮ ਦੇ ਬਦਲੇ ਮਿਜ਼ਾਜ ਨੇ ਹੋਰ ਲੋਕਾਂ ਦੇ ਨਾਲ-ਨਾਲ ਕਿਸਾਨਾਂ ਲਈ ਬੇਸ਼ੁਮਾਰ ਸਮੱਸਿਆਵਾਂ ਪੈਦਾ ਕੀਤੀਆਂ ਹਨ। ਪਿਛਲੇ ਸਮੇਂ ਵਿਚ ਮੋਹਲੇਧਾਰ ਪਈ ਬਾਰਿਸ਼ ਕਾਰਨ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚ ਖੇਤੀਬਾੜੀ ਵਾਲੀ ਜ਼ਮੀਨ ਪਾਣੀ ਦੀ ਮਾਰ ਹੇਠ ਆ ਗਈ ਹੈ। ਜਿਥੋਂ ਤੱਕ ਨਜ਼ਰ ਜਾਂਦੀ ਹੈ, ਪਾਣੀ ਹੀ ਪਾਣੀ ਵਿਖਾਈ ਦਿੰਦਾ ਹੈ। ਸੜਕਾਂ, ਫਸਲਾਂ, ਘਰ ਤੇ ਹੋਰ ਇਮਾਰਤਾਂ ਪਾਣੀ ਦੀ ਲਪੇਟ ਵਿਚ ਹਨ। ਇਕ ਨਦੀ ਜਿਸ ਦਾ ਵਜੂਦ ਦਹਾਕਾ ਪਹਿਲਾਂ ਖਤਮ ਹੋ ਗਿਆ ਸੀ, ਪੁਨਰ ਜੀਵਿਤ ਹੋ ਗਈ ਹੈ। ਸੀਏਰਾ ਨੇਵਾਡਾ ਵਿਚ ਸਰਦ ਰੁੱਤ ਦੌਰਾਨ ਬਰਫ਼ ਦੇ ਲੱਗੇ ਢੇਰ ਸਥਿਤੀ ਨੂੰ ਹੋਰ ਮੁਸ਼ਕਿਲ ਬਣਾ ਦੇਣਗੇ। ਗਰਮੀਆਂ ਦੌਰਾਨ ਜਦੋਂ ਇਹ ਪਿਘਲਣਗੇ, ਤਾਂ ਹੜ੍ਹ ਦਾ ਆਕਾਰ ਵਧ ਕੇ ਤਿੰਨ ਗੁਣਾ ਹੋ ਜਾਵੇਗਾ। ਹੋਰ ਜ਼ਮੀਨ ਪਾਣੀ ਦੀ ਮਾਰ ਹੇਠ ਆ ਜਾਵੇਗੀ, ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ "ਕਪਾਹ ਤੇ ਲੂਸਰਨ (ਅਲਫਾਲਫਾ) ਦੀ ਫਸਲ ਤਬਾਹ ਹੋ ਗਈ ਹੈ, ਜਿਸ ਕਾਰਨ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ। ਇਥੋਂ ਕੈਲੀਫੋਰਨੀਆ ਦੇ ਉਪਰਲੇ ਤੇ ਹੇਠਲੇ ਖੇਤਰਾਂ ਵਿਚ ਅਨਾਜ਼ ਦੀ ਪੂਰਤੀ ਹੁੰਦੀ ਹੈ, ਜੋ ਹੁਣ ਨਹੀਂ ਹੋਵੇਗੀ। ਇਹ ਬਹੁਤ ਭਿਆਨਕ ਦ੍ਰਿਸ਼ ਹੈ।" ਮਿਸੀਸਿੱਪੀ ਦੇ ਪੱਛਮ ਵਿਚ ਟੂਲੇਰ ਨਦੀ ਜੋ ਕਿਸੇ ਵੇਲੇ ਲੋਕਾਂ ਲਈ ਤਾਜ਼ੇ ਪਾਣੀ ਦਾ ਵੱਡਾ ਸਾਧਨ ਹੁੰਦੀ ਸੀ, ਸੁੱਕ ਗਈ ਸੀ ਤੇ ਲੋਕ ਉਥੇ ਫਸਲਾਂ ਉਗਾਉਂਦੇ ਸਨ, ਪੁਨਰ ਜੀਵਿਤ ਹੋ ਗਈ ਹੈ।

## ਪਾਰਕਲੈਂਡ ਸਕੂਲ 'ਚ ਹੋਈ ਗੋਲੀਬਾਰੀ ਦੇ ਮਾਮਲੇ 'ਚ ਦੋਸ਼ੀ ਨੂੰ ਉਮਰ ਭਰ ਲਈ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪਾਰਕਲੈਂਡ (ਫਲੋਰਿਡਾ) ਦੇ ਮਰਜੋਰੀ ਸਟੋਨਮੈਨ ਡਗਲਸ ਹਾਈ ਸਕੂਲ ਵਿਚ 2018 ਵਿਚ ਹੋਈ ਫਾਇਰਿੰਗ ਜਿਸ ਵਿਚ 17 ਲੋਕ ਮਾਰੇ ਗਏ ਸਨ, ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਭਰ ਲਈ ਬਿਨਾਂ ਪੈਰੋਲ ਦੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਿਊਰੀ ਮੈਂਬਰਾਂ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਸਹਿਮਤੀ ਨਹੀਂ ਬਣੀ ਤੇ ਜਿਊਰੀ ਮੈਂਬਰਾਂ ਨੇ ਦੋਸ਼ੀ ਦੀ ਦਿਮਾਗੀ ਹਾਲਤ ਤੇ ਬਚਾਅ ਪੱਖ ਦੀਆਂ ਹੋਰ ਦਲੀਲਾਂ ਦੇ ਮੱਦੇਨਜਰ 9-3 ਦੇ ਫਰਕ ਨਾਲ ਮੌਤ ਦੀ ਸਜ਼ਾ ਰੱਦ ਕਰ ਦਿੱਤੀ, ਜਿਸ ਦਾ ਅਰਥ ਹੈ ਕਿ ਦੋਸ਼ੀ ਨੂੰ ਉਮਰ ਭਰ ਲਈ ਜੇਲ੍ਹ ਵਿਚ ਰਹਿਣਾ ਪਵੇਗਾ। ਪੀੜਤਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਟੋਨੀ ਮੋਨਟਾਲਟੋ ਨਾਮੀ ਵਿਅਕਤੀ ਜਿਸ ਦੀ 14 ਸਾਲ ਧੀ ਇਸ ਫਾਇਰਿੰਗ ਵਿਚ ਮਾਰੀ ਗਈ ਸੀ, ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗਾ ਫੈਸਲਾ ਹੈ।

## ਕੈਲੀਫੋਰਨੀਆ ਦੇ ਬੌਰਨ ਤੋਂ ਗੰਨ ਪੁਆਇੰਟ 'ਤੇ ਪੰਜਾਬੀ ਡਰਾਈਵਰ ਤੋਂ ਟਰੱਕ ਖੋਹਿਆ



**ਬੌਰਨ (ਕੈਲੀਫੋਰਨੀਆ), (ਮਾਛੀਕੇ/ਧਾਲੀਆਂ/ਪੰਜਾਬ ਮੇਲ)**- ਬੀਤੀ 12 ਅਪ੍ਰੈਲ ਨੂੰ ਕਲੀਵਲੈਂਡ ਓਹਾਇਓ ਦੀ ਜਸ ਟਰੱਕਿੰਗ ਦੇ ਮਾਲਕ ਅਤੇ ਡਰਾਈਵਰ ਕੋਲੋਂ ਬੌਰਨ ਕੈਲੀਫੋਰਨੀਆ ਦੇ ਪਾਇਲਟ ਟਰੱਕ ਸਟਾਪ ਤੋਂ ਸ਼ਾਮੀਂ 5.30 ਵਜੇ ਦਿਨ ਦਿਹਾੜੇ, ਗੰਨ ਪੁਆਇੰਟ 'ਤੇ ਟਰੱਕ ਖੋਹਣ ਦੀ ਘਟਨਾ ਸਾਹਮਣੇ ਆਈ। ਸਤਨਾਮ ਸਿੰਘ ਜੋ ਕਿ ਫਰਿਜ਼ਨੋ ਏਰੀਏ 'ਚੋਂ ਟਰੱਕ ਲੋਡ ਕਰਕੇ ਓਹਾਇਓ ਵੱਲ ਜਾ ਰਿਹਾ ਸੀ ਕਿ ਬੌਰਨ ਟਾਊਨ ਦੇ ਪਾਈਲਟ ਟਰੱਕ ਸਟਾਪ 'ਤੇ ਤੇਲ ਪਾਉਣ ਲਈ ਰੁਕਿਆ। ਓਥੇ ਇੱਕ ਮੈਕਸੀਕਨ ਮੂਲ ਦੇ ਬੰਦੇ ਨੇ ਉਸ ਤੋਂ ਰਾਈਡ ਮੰਗੀ, ਤਾਂ ਉਸਨੇ ਆਪਣੀ ਸੇਫਟੀ ਲਈ ਟੀਮ ਡਰਾਈਵਰ ਦਾ ਬਹਾਨਾ ਲਾ ਕੇ ਉਸਨੂੰ ਮਨਾ ਕਰ ਦਿੱਤਾ। ਜਦੋਂ ਉਹ ਤੇਲ ਭਰਵਾ ਰਿਹਾ ਸੀ ਅਤੇ ਸ਼ੀਸ਼ੇ ਸਾਫ਼ ਕਰ ਰਿਹਾ ਸੀ, ਉਸ ਸਮੇਂ ਜ਼ਿਆਦਾ ਤੌਰ 'ਤੇ ਟਰੱਕ ਸਟਾਰਟ ਅਤੇ ਅਨਲਾਕ ਹੀ ਹੁੰਦੇ ਨੇ। ਮੌਕਾ ਤਾੜਕੇ ਦੋਸ਼ੀ ਟਰੱਕ ਵਿਚ ਡਰਾਈਵਰ ਸੀਟ 'ਤੇ ਬੈਠ ਗਿਆ, ਜਦੋਂ ਸਤਨਾਮ ਸਿੰਘ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਸਨੇ ਗੰਨ ਕੱਢ ਲਈ ਅਤੇ ਗੰਨ ਪੁਆਇੰਟ 'ਤੇ ਟਰੱਕ ਅਗਵਾ ਕਰਕੇ ਲੈ ਗਿਆ। ਜਦੋਂ ਉਸਨੇ ਵੇਖਿਆ ਕਿ ਟਰੱਕ ਲੋਡਿਡ ਹੋਣ ਕਰਕੇ ਬਹੁਤਾ ਭੱਜ ਨਹੀਂ ਰਿਹਾ, ਤਾਂ ਹਾਈਵੇਅ 58 ਈਸਟ ਬੌਂਡ 'ਤੇ ਉਸਨੇ ਬਗੈਰ ਲੈਂਡਿੰਗ ਗੇਅਰ ਡਾਊਨ ਕੀਤਿਆਂ ਟਰੇਲਰ ਸ਼ੋਲਡਰ 'ਤੇ ਛੱਡ ਦਿੱਤਾ ਤੇ ਇਕੱਲਾ ਬਾਬ ਟੇਲ ਟਰੱਕ ਲੈ ਕੇ ਫਰਾਰ ਹੋ ਗਿਆ, ਪੁਲਿਸ ਕਾਲ ਕੀਤੀ ਗਈ। ਟਰੱਕ ਵਿਚ ਜੀ.ਪੀ.ਐੱਸ. ਲੱਗਿਆ ਹੋਣ ਕਰਕੇ ਪੁਲਿਸ ਨੇ ਵਾਲਵੋ ਟਰੱਕ ਨੂੰ ਮੁਲਜ਼ਮ ਸਮੇਤ ਬਾਰਸਟੋ ਏਰੀਏ ਤੋਂ ਫਰੀਵੇਅ 15 ਤੋਂ ਲੱਭਿਆ ਅਤੇ ਦੋਸ਼ੀ ਨੂੰ ਗੰਨ ਸਮੇਤ ਗ੍ਰਿਫਤਾਰ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਦੋਸਤੋ, ਜਦੋਂ ਟਰੱਕ ਸਟਾਪਾਂ ਤੋਂ ਤੇਲ ਵਗੈਰਾ ਪੁਆਉਂਦੇ ਹੋ, ਤਾਂ ਧਿਆਨ ਰੱਖਿਆ ਕਰੋ। ਟਰੱਕ ਵਿਚੋਂ ਭਲਾ ਦੋ ਮਿੰਟ ਲਈ ਬਾਹਰ ਨਿਕਲਣਾ ਹੋਵੇ, ਟਰੱਕ ਨੂੰ ਲਾਕ ਲਾਓ ਅਤੇ ਚੁਕੰਨੇ ਹੋਕੇ ਸਾਰਾ ਕੰਮ ਧੰਦਾ ਕਰੋ, ਕਿਉਂਕਿ ਕ੍ਰਿਮੀਨਲ ਲੋਕਾਂ ਦਾ ਕੋਈ ਪਤਾ ਨਹੀਂ, ਕਦੋਂ ਕਿੱਥੇ ਕਿਸੇ ਘਟਨਾਂ ਨੂੰ ਅੰਜਾਮ ਦੇ ਜਾਣ।

# ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਕੈਨੇਡਾ-ਅਮਰੀਕਾ ਬਾਰਡਰ ਪਾਰ ਕਰਵਾਉਣ ਦੇ ਦੋਸ਼ ਹੇਠ ਪੰਜਾਬੀ ਗ੍ਰਿਫ਼ਤਾਰ



**ਬਰੈਂਪਟਨ, (ਪੰਜਾਬ ਮੇਲ)**- ਇਕ ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਕੈਨੇਡਾ-ਅਮਰੀਕਾ ਦਾ ਬਾਰਡਰ ਪਾਰ ਕਰਵਾਉਣ ਦੇ ਕਥਿਤ ਮਾਮਲੇ ਵਿਚ ਗ੍ਰਿਫ਼ਤਾਰ ਬਰੈਂਪਟਨ ਦੇ ਸਿਮਰਨਜੀਤ ਸਿੰਘ ਉਰਫ਼ ਸ਼ੈਲੀ ਨੂੰ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ ਹੈ ਅਤੇ ਨਿਊਯਾਰਕ ਦੀ ਅਦਾਲਤ ਵਿਚ ਲੱਗੇ ਦੋਸ਼ ਕਬੂਲ ਕਰਨ ਤੋਂ ਉਸ ਨੇ ਇਨਕਾਰ ਕਰ ਦਿੱਤਾ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਸਿਮਰਨਜੀਤ ਸਿੰਘ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਅਮਰੀਕਾ ਦਾਖ਼ਲ ਕਰਵਾਉਣ ਲਈ 5 ਹਜ਼ਾਰ ਡਾਲਰ ਤੋਂ 35 ਹਜ਼ਾਰ ਡਾਲਰ ਦੀ ਰਕਮ ਵਸੂਲਦਾ ਸੀ। ਨਿਊਯਾਰਕ ਦੇ ਉਤਰੀ ਜ਼ਿਲ੍ਹੇ ਦੀ ਫੈਡਰਲ ਅਦਾਲਤ ਵਿਚ ਦਾਇਰ ਦਸਤਾਵੇਜ਼ ਕਹਿੰਦੇ ਹਨ ਕਿ ਸਿਮਰਨਜੀਤ ਸਿੰਘ ਇਕ ਦਲਾਲ ਵਜੋਂ ਕੰਮ ਕਰਦਾ ਅਤੇ ਪ੍ਰਵਾਸੀਆਂ ਤੋਂ ਹਾਸਲ ਰਕਮ ਵਿਚੋਂ 2-3 ਹਜ਼ਾਰ ਡਾਲਰ ਮੂਲ ਬਾਸ਼ਿੰਦਿਆਂ ਨੂੰ ਦੇ ਕੇ ਪ੍ਰਵਾਸੀਆਂ ਨੂੰ ਬਾਰਡਰ ਪਾਰ ਕਰਵਾਉਂਦਾ। ਮਨੁੱਖੀ ਤਸਕਰੀ ਦਾ ਇਹ ਧੰਦਾ ਕਿਊਬਿਕ ਦੇ ਅਕਵੇਜ਼ਨ ਇਲਾਕੇ ਵਿਚ ਕੀਤਾ ਜਾਂਦਾ ਅਤੇ ਭਾਰਤ ਤੋਂ ਆਏ ਪ੍ਰਵਾਸੀ ਉਸੇ ਸੇਂਟ ਲਾਰੈਂਸ ਨਦੀ ਨੂੰ ਪਾਰ ਕਰਦੇ ਜਿਸ ਵਿਚ ਡੁੱਬਣ ਕਾਰਨ ਚਾਰ ਜੀਆਂ ਵਾਲਾ ਭਾਰਤੀ ਪਰਿਵਾਰ ਪਿਛਲੇ ਦਿਨੀਂ ਮੌਤ ਦੇ ਮੂੰਹ ਵਿਚ ਚਲਾ ਗਿਆ। ਚਾਰ ਭਾਰਤੀ ਨਾਗਰਿਕਾਂ ਸਣੇ ਅੱਠ ਪ੍ਰਵਾਸੀਆਂ ਦੀ ਮੌਤ ਨੂੰ ਫ਼ਿਲਹਾਲ ਸਿਮਰਨਜੀਤ ਸਿੰਘ ਉਰਫ਼ ਸ਼ੈਲੀ ਦੇ ਮਾਮਲੇ ਨਾਲ ਨਹੀਂ ਜੋੜਿਆ ਗਿਆ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਕ ਵਾਰ ਸਿਮਰਨਜੀਤ ਸਿੰਘ ਨੇ ਕਥਿਤ ਤੌਰ 'ਤੇ ਤਿੰਨ ਭਾਰਤੀ ਨਾਗਰਿਕਾਂ ਨੂੰ ਨਿਊਯਾਰਕ ਸੂਬੇ ਦੇ ਇਕ ਮੋਟਲ ਤੱਕ ਪਹੁੰਚਾਉਣ ਦੇ ਇਵਜ਼ ਵਿਚ ਇਕ ਔਰਤ ਨੂੰ ਚਾਰ ਹਜ਼ਾਰ ਡਾਲਰ ਦੀ ਅਦਾਇਗੀ ਕੀਤੀ। ਸ਼ੈਲੀ ਵਿਰੁੱਧ ਲਾਏ ਦੋਸ਼ ਵੱਖ-ਵੱਖ ਤਰੀਕੇ ਨਾਲ ਇਕੱਤਰ ਸਬੂਤਾਂ 'ਤੇ ਆਧਾਰਿਤ ਹਨ, ਜਿਨ੍ਹਾਂ ਵਿਚ ਫੇਸਬੁੱਕ ਰਾਹੀਂ ਭੇਜੇ ਸੁਨੇਹਿਆਂ ਦਾ ਜ਼ਿਕਰ ਵੀ ਮਿਲਦਾ ਹੈ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰੀ ਮਾਮਲੇ 'ਚ ਪੀ.ਪੀ.ਐੱਸ. ਅਧਿਕਾਰੀ ਰਾਜਜੀਤ ਸਿੰਘ ਬਰਖਾਸਤ

- ਗ੍ਰਹਿ ਵਿਭਾਗ ਨੇ ਸੰਵਿਧਾਨ ਦੀ ਧਾਰਾ 311 ਤਹਿਤ ਕੀਤੀ ਕਾਰਵਾਈ
- ਸਰਕਾਰ ਵੱਲੋਂ ਸਿਟ ਦੀ ਰਿਪੋਰਟ 'ਤੇ ਅਗਲੇਰੀ ਕਾਰਵਾਈ ਲਈ ਡੀ.ਜੀ.ਪੀ. ਤੋਂ ਰਿਪੋਰਟ ਤਲਬ
- ਪੰਜਾਬ ਵਿਜੀਲੈਂਸ ਬਿਊਰੋ ਨੂੰ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਦੀ ਜਾਂਚ ਵਿੱਢਣ ਦੇ ਹੁਕਮ
- ਹੋਰਨਾਂ ਪੁਲੀਸ ਅਧਿਕਾਰੀਆਂ ਖਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਪੀ.ਪੀ.ਐੱਸ. ਅਧਿਕਾਰੀ ਤੇ ਸਾਬਕਾ ਐੱਸ.ਐੱਸ.ਪੀ. ਰਾਜਜੀਤ ਸਿੰਘ ਹੁੰਦਲ ਖਿਲਾਫ਼ ਵੱਡੀ ਕਾਰਵਾਈ ਕਰਦਿਆਂ ਪੁਲਿਸ ਅਧਿਕਾਰੀ ਨੂੰ ਨਸ਼ਿਆਂ ਦੀ ਤਸਕਰੀ ਮਾਮਲੇ ਵਿਚ ਨਾਮਜ਼ਦ ਕਰ ਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਇਸ ਵਿਵਾਦਤ ਪੁਲਿਸ ਅਧਿਕਾਰੀ ਵੱਲੋਂ ਨੌਕਰੀ 'ਤੇ ਹੁੰਦੇ ਹੋਏ ਜਾਇਦਾਦਾਂ ਦੀ ਖ਼ਰੀਦ ਦੇ ਮਾਮਲੇ ਵਿਚ ਵੀ ਪੰਜਾਬ ਵਿਜੀਲੈਂਸ ਬਿਊਰੋ ਨੂੰ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਦੀ ਜਾਂਚ ਆਰੰਭ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਐਲਾਨ ਕਰਦਿਆਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿਚ ਬੰਦ ਰਿਪੋਰਟਾਂ 'ਤੇ ਅਮਲ ਕਰਦਿਆਂ ਇਸ ਪੁਲਿਸ ਅਧਿਕਾਰੀ ਖਿਲਾਫ਼ ਕਾਰਵਾਈ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰੀ ਦੇ ਮਾਮਲੇ ਵਿਚ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੰਵਿਧਾਨ ਦੀ ਧਾਰਾ 311 ਦੀ ਵਰਤੋਂ ਕਰਦਿਆਂ ਇਸ ਪੁਲਿਸ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ। ਗ੍ਰਹਿ ਵਿਭਾਗ ਦਾ ਇਹ ਵੀ ਦੱਸਣਾ ਹੈ ਕਿ ਐੱਸ.ਟੀ.ਐੱਫ. ਦੇ ਤਤਕਾਲੀ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਖਿਲਾਫ਼ ਦਰਜ ਕੇਸ ਵਿਚ ਵੀ ਰਾਜਜੀਤ ਸਿੰਘ ਨੂੰ ਨਾਮਜ਼ਦ ਕੀਤਾ ਜਾਵੇਗਾ। ਮੁੱਖ ਮੰਤਰੀ ਦੀ ਇਸ ਕਾਰਵਾਈ ਨਾਲ ਪੁਲਿਸ ਵਿਭਾਗ ਵਿਚ ਭਾਰੀ ਹਲਚਲ ਪੈਦਾ ਹੋ ਗਈ ਹੈ। ਰਾਜਜੀਤ ਸਿੰਘ ਖਿਲਾਫ਼ ਕਾਰਵਾਈ ਤੋਂ ਬਾਅਦ ਪੁਲਿਸ ਦੇ ਹੋਰਨਾਂ ਅਧਿਕਾਰੀਆਂ ਵਿਚ ਸਹਿਮ ਪਾਇਆ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦੂਹਰੇ ਬੈਂਚ ਨੇ ਕੁਝ ਹਫ਼ਤੇ ਪਹਿਲਾਂ ਸੇਵਾਮੁਕਤ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸੌਂਪੀਆਂ ਗਈਆਂ ਤਿੰਨ ਰਿਪੋਰਟਾਂ ਜਨਤਕ ਕਰਦਿਆਂ ਅਗਲੀ ਕਾਰਵਾਈ ਲਈ ਰਾਜ ਸਰਕਾਰ ਨੂੰ ਭੇਜ ਦਿੱਤੀਆਂ ਸਨ। ਰਿਪੋਰਟਾਂ ਮਿਲਣ ਮਗਰੋਂ ਮੁੱਖ ਮੰਤਰੀ ਨੇ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਖਿਲਾਫ਼ ਕਾਰਵਾਈ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਵੱਲੋਂ ਰਿਪੋਰਟਾਂ ਦੇ ਆਧਾਰ 'ਤੇ ਰਾਜਜੀਤ ਸਿੰਘ ਖਿਲਾਫ਼ ਕੀਤੀ ਗਈ ਪਹਿਲੀ ਕਾਰਵਾਈ ਹੈ। ਸੂਤਰਾਂ ਦਾ ਦੱਸਣਾ ਹੈ ਕਿ ਆਉਂਦੇ ਦਿਨਾਂ ਦੌਰਾਨ ਹੋਰਨਾਂ ਅਧਿਕਾਰੀਆਂ ਖਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਇਸ ਸਬੰਧੀ ਡੀ.ਜੀ.ਪੀ. ਤੋਂ ਰਿਪੋਰਟ ਮੰਗੀ ਗਈ ਹੈ।

ਪੰਜਾਬ ਪੁਲਿਸ ਦਾ ਅਧਿਕਾਰੀ ਰਾਜਜੀਤ ਸਿੰਘ ਇਸ ਸਮੇਂ ਐੱਨ.ਆਈ.ਆਈ. ਵਿੰਗ ਵਿਚ ਤਾਇਨਾਤ ਸੀ। ਇਹ ਪੁਲਿਸ ਅਧਿਕਾਰੀ ਉਸ ਸਮੇਂ ਚਰਚਾ ਵਿਚ ਆਇਆ ਸੀ, ਜਦੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ 'ਚ ਆਉਂਦਿਆਂ ਹੀ ਸਾਲ 2017 ਵਿਚ ਨਸ਼ਿਆਂ ਦੀ ਤਸਕਰੀ ਲਈ ਕਾਇਮ ਕੀਤੀ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ.) ਨੇ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਖਿਲਾਫ਼ ਕੇਸ ਦਰਜ ਕਰ ਕੇ ਰਾਜਜੀਤ ਸਿੰਘ ਦੇ ਖਿਲਾਫ਼ ਵੀ ਤਫ਼ਤੀਸ਼ ਆਰੰਭ ਦਿੱਤੀ ਸੀ। ਰਾਜਜੀਤ ਸਿੰਘ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਥਾਪੜਾ ਹਾਸਲ ਦੱਸਿਆ ਜਾਂਦਾ ਸੀ। ਉਸੇ ਸਮੇਂ ਜਦੋਂ ਇਸ ਵਿਵਾਦਤ ਪੁਲਿਸ ਅਧਿਕਾਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਨਸ਼ਾ ਤਸਕਰੀ ਮਾਮਲੇ ਦੀ ਨਿਰਪੱਖ ਜਾਂਚ ਮੰਗੀ ਤੇ ਹਰਪ੍ਰੀਤ ਸਿੰਘ ਸਿੱਧੂ 'ਤੇ ਖੁੰਦਕ 'ਚ ਕਾਰਵਾਈ ਕਰਨ ਦੇ ਦੋਸ਼ ਵੀ ਲਾਏ। ਹਾਈ ਕੋਰਟ ਵੱਲੋਂ ਹੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਗਿਆ ਸੀ। ਇਸ ਜਾਂਚ ਟੀਮ ਵੱਲੋਂ ਸਾਲ 2018 ਵਿਚ ਉਚ ਅਦਾਲਤ ਨੂੰ ਸੌਂਪੀਆਂ ਗਈਆਂ ਰਿਪੋਰਟਾਂ ਹੁਣ ਤੱਕ ਸੀਲਬੰਦ ਲਿਫਾਫੇ ਵਿਚ ਹੀ ਬੰਦ ਰਹੀਆਂ।

### ਅਧਿਕਾਰੀਆਂ ਵੱਲੋਂ ਬੇਕਸੂਰ ਲੋਕਾਂ ਨੂੰ ਫਸਾ ਕੇ ਵਸੂਲੀਆਂ ਜਾਂਦੀਆਂ ਸਨ ਫਿਰੌਤੀਆਂ

ਸਿਟ ਦੀਆਂ ਰਿਪੋਰਟਾਂ ਵਿਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਗਿਆ ਹੈ ਕਿ ਕਿਵੇਂ ਬੇਕਸੂਰ ਲੋਕਾਂ ਨੂੰ ਨਸ਼ਾ ਤਸਕਰੀ ਮਾਮਲੇ ਵਿਚ ਫਸਾ ਕੇ ਫਿਰੌਤੀਆਂ ਵਸੂਲੀਆਂ ਜਾਂਦੀਆਂ ਸਨ। ਸਿਟ ਵੱਲੋਂ ਰਾਜਜੀਤ ਸਿੰਘ ਤੋਂ ਬਿਨਾਂ ਕਿਸੇ ਹੋਰ ਐੱਸ.ਐੱਸ.ਪੀ. ਰੈਂਕ ਜਾਂ ਸੀਨੀਅਰ ਪੁਲਿਸ ਅਧਿਕਾਰੀ ਦੇ ਨਾਮ ਦਾ ਹਵਾਲਾ ਰਿਪੋਰਟਾਂ ਵਿਚ ਨਹੀਂ ਦਿੱਤਾ ਗਿਆ, ਪਰ ਇਹ ਜ਼ਰੂਰ ਕਿਹਾ ਗਿਆ ਹੈ ਕਿ ਇਸ ਮਾਮਲੇ ਵਿਚ ਅਗਲੇਰੀ ਜਾਂਚ ਦੀ ਜ਼ਰੂਰਤ ਹੈ, ਤਾਂ ਜੋ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਸਹੀ ਤੱਥ ਸਾਹਮਣੇ ਲਿਆਂਦੇ ਜਾਣ। ਸਿਟ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਨੇ ਹੋਰ ਪੁਲਿਸ ਅਧਿਕਾਰੀ, ਜੋ ਵੱਖ-ਵੱਖ ਸਮੇਂ ਜ਼ਿਲ੍ਹਾ ਪੁਲਿਸ ਮੁਖੀ ਦੇ ਅਹੁਦਿਆਂ 'ਤੇ ਰਹੇ, ਦੀ ਭੂਮਿਕਾ ਬਾਰੇ ਵੀ ਜਾਂਚ-ਪੜਤਾਲ ਕੀਤੀ ਜਾਣੀ ਚਾਹੀਦੀ ਹੈ।

# ਵਿਸ਼ੇਸ਼ ਜਾਂਚ ਰਿਪੋਰਟ: ਅਚਾਨਕ ਵਧੀ ਸੀ ਰਾਜਜੀਤ ਦੀ ਸੰਪਤੀ

- ਸਾਬਕਾ ਪੁਲਿਸ ਅਧਿਕਾਰੀ ਵੱਲੋਂ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਖ਼ਰੀਦੀ ਸੀ ਜਾਇਦਾਦ

ਚੰਡੀਗੜ੍ਹ (ਪੰਜਾਬ ਮੇਲ)- ਨਸ਼ਾ ਤਸਕਰੀ ਮਾਮਲੇ ਵਿਚ ਨਸ਼ਰ ਹੋਈਆਂ ਜਾਂਚ ਰਿਪੋਰਟਾਂ ਵਿਚ ਰਾਜਦੀਪ ਸਿੰਘ ਦੀ ਜਾਇਦਾਦ ਵਿਚ 2013-14 ਦੌਰਾਨ ਚੋਖਾ ਵਾਧਾ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ ਦਾਗ਼ੀ ਸਿਪਾਹੀ ਇੰਦਰਜੀਤ ਸਿੰਘ ਉਨ੍ਹਾਂ ਦੇ ਅਧੀਨ ਕੰਮ ਕਰਦਾ ਸੀ। ਹਾਲ ਹੀ ਵਿਚ ਜਨਤਕ ਕੀਤੀਆਂ ਗਈਆਂ ਤਿੰਨ ਜਾਂਚ ਰਿਪੋਰਟਾਂ ਵਿਚ ਬਰਖ਼ਾਸਤ ਏ.ਆਈ.ਜੀ. ਰਾਜਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਇਸ ਸੰਪਤੀ ਵਿਚ ਹੋਏ ਅਚਾਨਕ ਵਾਧੇ ਸਬੰਧੀ ਵੀ ਸਵਾਲ ਖੜ੍ਹੇ ਕੀਤੇ ਗਏ ਹਨ। ਨਸ਼ਰ ਰਿਪੋਰਟ ਵਿਚ ਜਾਇਦਾਦ ਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਲਈ ਰਕਮ ਨਾਲ ਖ਼ਰੀਦਿਆ ਹੋਇਆ ਵੀ ਦਰਸਾਇਆ ਗਿਆ ਹੈ। ਨਸ਼ਾ ਤਸਕਰੀ ਨਾਲ ਜੁੜੇ ਕੇਸਾਂ ਦੀ ਜਾਂਚ ਲਈ ਸਾਬਕਾ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਗਈ ਸੀ, ਜਿਸ ਵਿਚ ਸਪੈਸ਼ਲ ਡੀ.ਜੀ.ਪੀ. ਪ੍ਰਬੋਧ ਕੁਮਾਰ ਅਤੇ ਸਾਬਕਾ ਆਈ.ਜੀ. (ਹੁਣ ਵਿਧਾਇਕ) ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਸ਼ਾਮਲ ਸਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ, "ਸਬੰਧਿਤ ਸਮੇਂ (2013 ਤੋਂ ਬਾਅਦ) ਦੌਰਾਨ ਰਾਜਜੀਤ ਸਿੰਘ ਵੱਲੋਂ ਕਰਜ਼ਿਆਂ/ਤੋਹਫਿਆਂ ਵਜੋਂ ਵੱਡੀ ਰਕਮਾਂ ਇਕੱਠੀਆਂ ਕੀਤੀਆਂ ਗਈਆਂ ਸਨ। ਹਾਲਾਂਕਿ ਰਾਜਜੀਤ ਸਿੰਘ ਵੱਲੋਂ ਆਪਣੇ ਵਿਭਾਗ ਨੂੰ ਇਨ੍ਹਾਂ ਕਰਜ਼ਿਆਂ/ਤੋਹਫਿਆਂ ਸਬੰਧੀ ਸੂਚਨਾਵਾਂ ਦਿੱਤੀਆਂ ਗਈਆਂ ਸਨ, ਪਰ ਜਿਨ੍ਹਾਂ ਵਿਅਕਤੀਆਂ ਵੱਲੋਂ ਅਜਿਹੇ ਕਰਜ਼ੇ/ਤੋਹਫੇ ਦਿੱਤੇ ਗਏ, ਉਨ੍ਹਾਂ ਦੀ ਵਿੱਤੀ ਸਮਰੱਥਾ ਦੀ ਜਾਂਚ ਹੋਣੀ ਬਾਕੀ ਹੈ।" ਹਰਪ੍ਰੀਤ ਸਿੰਘ (ਏ.ਡੀ.ਜੀ.ਪੀ., ਐੱਸ.ਟੀ.ਐੱਫ. ਪੰਜਾਬ) ਨੇ ਨਸ਼ਾ ਤਸਕਰੀ ਮਾਮਲੇ ਵਿਚ ਦਾਗ਼ੀ ਸਿਪਾਹੀ ਇੰਦਰਜੀਤ ਸਿੰਘ ਨੂੰ ਜੂਨ 2017 ਵਿਚ ਗ੍ਰਿਫ਼ਤਾਰ ਕੀਤਾ ਸੀ ਅਤੇ ਇਸ ਮਾਮਲੇ ਵਿਚ ਮੋਗਾ ਦੇ ਤਤਕਾਲੀ ਐੱਸ.ਐੱਸ.ਪੀ. ਰਾਜਜੀਤ ਸਿੰਘ ਦੀ ਮਿਲੀਭੁਗਤ ਵੱਲ ਇਸ਼ਾਰਾ ਕੀਤਾ ਸੀ। ਉਨ੍ਹਾਂ ਸਿਟ ਕੋਲ ਦਿੱਤੇ ਬਿਆਨ ਵਿਚ ਕਿਹਾ ਸੀ, "ਭਰੋਸੇਯੋਗ ਤੌਰ 'ਤੇ ਪਤਾ ਚੱਲਿਆ ਹੈ ਕਿ ਨਸ਼ਿਆਂ ਦੇ ਵਪਾਰ ਤੋਂ ਹੋਣ ਵਾਲੀ ਕਮਾਈ/ਪੈਸੇ ਨੂੰ ਵੱਖ-ਵੱਖ ਤਰੀਕਿਆਂ ਰਾਹੀਂ ਸਫੈਦ ਕੀਤਾ ਜਾ ਰਿਹਾ ਹੈ। ਗੁਪਤ ਤੌਰ 'ਤੇ ਪਤਾ ਲੱਗਿਆ ਹੈ ਕਿ ਨਸ਼ੇ ਦੇ ਵਪਾਰ ਅਤੇ ਹੋਰ ਗ਼ੈਰਕਾਨੂੰਨੀ ਤਰੀਕਿਆਂ ਨਾਲ ਪ੍ਰਾਪਤ ਹੋਣ ਵਾਲੀ ਵੱਡੀ ਰਕਮ ਨੂੰ ਪੁਲਿਸ ਅਧਿਕਾਰੀਆਂ ਸਮੇਤ ਵੱਖ-ਵੱਖ ਵਿਅਕਤੀਆਂ, ਜਿਨ੍ਹਾਂ ਵਿਚ ਵਿਅਕਤੀ ਵਿਸ਼ੇਸ਼ ਫਰਮਾਂ, ਕੰਪਨੀਆਂ ਸ਼ਾਮਲ ਹਨ, ਜੋ ਅਸਲ ਨਿਵੇਸ਼ਕਾਂ ਦੀ ਥਾਂ ਅੱਗੇ ਲਾਏ ਗਏ ਸਨ, ਰਾਹੀਂ ਭਾਰਤ ਅਤੇ ਵਿਦੇਸ਼ ਵਿਚ ਨਿਵੇਸ਼ ਕੀਤਾ ਜਾ ਰਿਹਾ ਹੈ।" ਸਿਟ ਦੀ ਰਿਪੋਰਟ ਵਿਚ ਰਾਜਜੀਤ ਸਿੰਘ ਵੱਲੋਂ ਖ਼ਰੀਦੀ ਗਈ ਜਾਇਦਾਦ ਦਾ ਖ਼ਾਕਾ ਵੀ ਤਿਆਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ, ਰਾਜਜੀਤ ਨੇ 7 ਕਨਾਲ ਅਤੇ ਦੋ ਮਰਲੇ ਖੇਤੀਬਾੜੀ ਜ਼ਮੀਨ, ਤਿੰਨ ਰਿਹਾਇਸ਼ੀ ਅਤੇ 733.33 ਵਰਗ ਗਜ ਦੇ ਇੱਕ ਉਦਯੋਗਿਕ ਪਲਾਟ ਸਣੇ ਪੰਜ ਜਾਇਦਾਦਾਂ ਖ਼ਰੀਦੀਆਂ ਸਨ। ਇਨ੍ਹਾਂ ਜਾਇਦਾਦਾਂ ਦੀ ਕੀਮਤ 2.85 ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਉਸ ਨੂੰ ਪੰਜ ਕਨਾਲ 14 ਮਰਲੇ ਖੇਤੀਯੋਗ ਜ਼ਮੀਨ ਆਪਣੇ ਪਿਤਾ ਕੋਲੋਂ ਵਿਰਾਸਤ ਵਿਚ ਮਿਲੀ ਸੀ।



## ਦਿੱਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਸਿਸੋਦੀਆ ਦੀ ਨਿਆਂਇਕ ਹਿਰਾਸਤ 'ਚ ਵਾਧਾ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਕਥਿਤ ਆਬਕਾਰੀ ਨੀਤੀ ਘੁਟਾਲੇ ਵਿਚ ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਕ੍ਰਮਵਾਰ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਮਾਮਲਿਆਂ ਵਿਚ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ ਵਧਾ ਦਿੱਤੀ ਹੈ। ਦੋਵਾਂ ਮਾਮਲਿਆਂ ਵਿਚ ਸਿਸੋਦੀਆ ਦੀ ਨਿਆਂਇਕ ਹਿਰਾਸਤ ਦੀ ਮਿਆਦ ਖ਼ਤਮ ਹੋਣ 'ਤੇ ਉਨ੍ਹਾਂ ਨੂੰ ਵਿਸ਼ੇਸ਼ ਜੱਜ ਐੱਮ.ਕੇ. ਨਾਗਪਾਲ ਸਾਹਮਣੇ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਅਦਾਲਤ ਨੇ ਸੀ.ਬੀ.ਆਈ. ਕੇਸ ਵਿਚ ਸਿਸੋਦੀਆ ਦੀ ਨਿਆਂਇਕ ਹਿਰਾਸਤ 27 ਅਪ੍ਰੈਲ, ਜਦੋਂਕਿ ਈ.ਡੀ. ਕੇਸ ਵਿਚ 29 ਅਪ੍ਰੈਲ ਤੱਕ ਵਧਾ ਦਿੱਤੀ ਹੈ। ਸੁਣਵਾਈ ਦੌਰਾਨ ਵਿਸ਼ੇਸ਼ ਸਰਕਾਰੀ ਵਕੀਲ ਨਵੀਨ ਕੁਮਾਰ ਮੱਟਾ ਨੇ ਜੱਜ ਨੂੰ ਕਿਹਾ ਕਿ ਮਨੀ ਲਾਂਡਰਿੰਗ ਰੋਕੂ ਸੰਘੀ ਏਜੰਸੀ ਦੇ ਇਸ ਮਹੀਨੇ ਦੇ ਅਖ਼ੀਰ ਤੱਕ ਸਿਸੋਦੀਆ ਤੇ ਹੋਰ ਸਹਿ-ਮੁਲਜ਼ਮਾਂ ਅਰੁਣ ਪਿਲੈ ਅਤੇ ਅਮਨਦੀਪ ਢਲ ਖ਼ਿਲਾਫ਼ ਸਪਲੀਮੈਂਟਰੀ ਦੋਸ਼ ਪੱਤਰ ਦਾਇਰ ਕੀਤੇ ਜਾਣ ਦੀ ਸੰਭਾਵਨਾ ਹੈ।

# ਇਕ ਵਾਰ ਫਿਰ ਮੁੜ ਪੁਰਾਣੇ ਪੈਟਰਨ 'ਤੇ ਚੱਲ ਰਹੇ ਨੇ ਨਵਜੋਤ ਸਿੱਧੂ

**ਚੰਡੀਗੜ੍ਹ, (ਪੰਜਾਬ ਮੇਲ)-** ਨਵਜੋਤ ਸਿੰਘ ਸਿੱਧੂ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਇਕ ਵਾਰ ਫਿਰ ਪੁਰਾਣੇ ਪੈਟਰਨ 'ਤੇ ਚੱਲ ਪਏ ਹਨ। ਪਿਛਲੀ ਵਾਰ ਪ੍ਰਧਾਨ ਬਣਨ ਤੋਂ ਪਹਿਲਾਂ ਸਿੱਧੂ ਨੇ ਸੂਬੇ ਦੇ ਕਈ ਕਾਂਗਰਸੀ ਨੇਤਾਵਾਂ ਨਾਲ ਮੁਲਾਕਾਤ ਕੀਤੀ ਸੀ। ਇਸ ਵਾਰ ਵੀ ਉਹੀ ਗਿਣੇ-ਚੁਣੇ ਚਿਹਰੇ ਉਨ੍ਹਾਂ ਦੇ ਨੇੜੇ-ਤੇੜੇ ਨਜ਼ਰ ਆਉਂਦੇ ਹਨ। ਜੋ ਨਾਲ ਚੱਲ ਰਹੇ ਹਨ, ਉਹ ਕਈ ਚੋਣਾਂ ਹਾਰ ਕੇ ਜਾਂ ਚੋਣ ਰਾਜਨੀਤੀ ਛੱਡ ਕੇ ਸੂਬੇ ਦੀ ਰਾਜਨੀਤੀ ਵਿਚ ਹਾਸ਼ੀਏ 'ਤੇ ਦਿਖਦੇ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਤਾਂ ਪੰਜਾਬ ਦੀ ਰਾਜਨੀਤੀ ਵਿਚ ਚੱਲੇ ਹੋਏ ਕਾਰਤੂਸ ਕਿਹਾ ਜਾਂਦਾ ਹੈ।

ਖ਼ਾਸ ਗੱਲ ਇਹ ਹੈ ਕਿ ਪਿਛਲੀ ਵਾਰ ਜੋ ਨੌਜਵਾਨ ਨੇਤਾ ਉਨ੍ਹਾਂ ਦੇ ਨੇੜੇ-ਤੇੜੇ ਮੰਡਰਾਉਂਦੇ ਸਨ, ਇਸ ਵਾਰ ਉਹ ਸਾਰੇ ਗ਼ਾਇਬ ਹਨ। ਜੇਲ੍ਹ 'ਚੋਂ ਛੁੱਟਣ 'ਤੇ ਵੀ ਉਨ੍ਹਾਂ ਦਾ ਸਵਾਗਤ ਕਰਨ ਸੂਬਾ ਕਾਂਗਰਸ ਤੋਂ ਕੋਈ ਵੱਡਾ ਨੇਤਾ ਨਹੀਂ ਪਹੁੰਚਿਆ ਸੀ। ਇਹ ਵੱਖਰੀ ਗੱਲ ਹੈ ਕਿ



ਰਿਹਾਅ ਹੋਣ ਤੋਂ ਬਾਅਦ ਸਿੱਧੂ ਦਿੱਲੀ ਵਿਚ ਰਾਹੁਲ-ਪ੍ਰਿਯੰਕਾ ਨੂੰ ਮਿਲਣ ਪੁੱਜੇ, ਜਿੱਥੇ ਕਾਂਗਰਸ ਦੇ ਕਈ ਕੇਂਦਰੀ ਨੇਤਾਵਾਂ ਦੇ ਨਾਲ ਉਨ੍ਹਾਂ ਦੀ ਮੁਲਾਕਾਤ ਵੀ ਹੋਈ ਪਰ ਪ੍ਰਦੇਸ਼ ਯੂਨਿਟ ਫ਼ਿਲਹਾਲ ਉਨ੍ਹਾਂ ਤੋਂ ਦੂਰੀ ਬਣਾ ਕੇ ਚੱਲ ਰਹੀ ਹੈ। ਜਲੰਧਰ ਲੋਕ ਸਭਾ ਉਪ ਚੋਣ ਵਿਚ ਪਾਰਟੀ ਉਮੀਦਵਾਰ ਦੀ ਨਾਮਜ਼ਦਗੀ ਦੇ ਸਮੇਂ ਸਿੱਧੂ ਵੀ ਉਸੇ ਬੱਸ ਵਿਚ ਸਵਾਰ ਸਨ, ਜਿਸ ਵਿਚ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਸੀ.ਐੱਮ. ਚਰਨਜੀਤ ਸਿੰਘ ਚੰਨੀ ਅਤੇ ਕਈ ਵਿਧਾਇਕ ਮੌਜੂਦ ਸਨ ਪਰ ਸੂਬਾ ਨੇਤਾਵਾਂ ਨੇ ਉਨ੍ਹਾਂ ਨਾਲ ਅਜਿਹੀ ਕੋਈ ਸਾਂਝ ਨਹੀਂ ਵਿਖਾਈ।

ਇਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨੀਂ ਨਵਜੋਤ ਸਿੱਧੂ ਨੇ ਟਵੀਟ ਕਰ ਕੇ ਦੱਸਿਆ ਸੀ ਕਿ ਉਸ ਦੇ ਘਰ ਦੀ ਛੱਤ 'ਤੇ ਇਕ ਸ਼ੱਕੀ ਵਿਅਕਤੀ ਦੇਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਾਮ 7:00 ਵਜੇ ਮੇਰੇ ਘਰ ਦੀ ਛੱਤ 'ਤੇ ਸਲੇਟੀ ਰੰਗ ਦੇ ਕੰਬਲ 'ਚ ਇਕ ਅਣਪਛਾਤਾ ਸ਼ੱਕੀ ਵਿਅਕਤੀ ਦੇਖਿਆ ਗਿਆ, ਜਦੋਂ ਮੇਰੇ ਨੌਕਰ ਨੇ ਦੇਖਿਆ ਤਾਂ ਅਲਾਰਮ ਵਜਾ ਕੇ ਮਦਦ ਲਈ ਬੁਲਾਇਆ ਤਾਂ ਉਹ ਤੁਰੰਤ ਫ਼ਰਾਰ ਹੋ ਗਿਆ। ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਦੇ ਡੀ.ਜੀ.ਪੀ. ਨਾਲ ਗੱਲ ਕੀਤੀ ਹੈ ਅਤੇ ਪਟਿਆਲਾ ਦੇ ਐੱਸ.ਐੱਸ.ਪੀ. ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ 'ਚ ਕੁਤਾਹੀ ਮੈਨੂੰ ਪੰਜਾਬ ਲਈ ਆਵਾਜ਼ ਉਠਾਉਣ ਤੋਂ ਨਹੀਂ ਰੋਕ ਸਕੇਗੀ।

## ਮਾਣਹਾਨੀ ਮਾਮਲੇ 'ਚ ਅਹਿਮਦਾਬਾਦ ਅਦਾਲਤ ਵਲੋਂ ਕੇਜਰੀਵਾਲ ਤੇ ਸੰਜੈ ਸਿੰਘ ਨੂੰ ਸੰਮਨ ਜਾਰੀ





**ਅਹਿਮਦਾਬਾਦ, (ਪੰਜਾਬ ਮੇਲ)-** ਅਹਿਮਦਾਬਾਦ ਦੀ ਇਕ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਰਾਜ ਸਭਾ ਸੰਸਦ ਮੈਂਬਰ ਸੰਜੈ ਸਿੰਘ ਨੂੰ ਗੁਜਰਾਤ ਯੂਨੀਵਰਸਿਟੀ ਵਲੋਂ ਦਾਇਰ ਅਪਰਾਧਿਕ ਮਾਣਹਾਨੀ ਮਾਮਲੇ 'ਚ ਸੰਮਨ ਜਾਰੀ ਕੀਤੇ ਹਨ, ਜਿਨ੍ਹਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਨੂੰ ਲੈ ਕੇ ਗੁਜਰਾਤ ਯੂਨੀਵਰਸਿਟੀ ਖ਼ਿਲਾਫ਼ ਵਿਅੰਗਾਤਮਕ ਤੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ। ਐਡੀਸ਼ਨਲ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਜੈਸ਼ਭਾਈ ਚੋਵਾਟੀਆ ਨੇ ਸ਼ਨਿੱਚਰਵਾਰ ਨੂੰ ਆਮ ਆਦਮੀ ਪਾਰਟੀ ਦੇ ਦੋਵੇਂ ਨੇਤਾਵਾਂ ਨੂੰ ਸੰਮਨ ਜਾਰੀ ਕਰਦਿਆਂ 23 ਮਈ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਹੈ। ਇਨ੍ਹਾਂ ਦੋਹਾਂ ਨੇਤਾਵਾਂ ਖ਼ਿਲਾਫ਼ ਗੁਜਰਾਤ ਯੂਨੀਵਰਸਿਟੀ ਦੇ ਰਜਿਸਟਰਾਰ ਪਿਯੂਸ਼ ਪਟੇਲ ਨੇ ਮਾਣਹਾਨੀ ਦਾ ਮਾਮਲਾ ਦਰਜ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਕੇਜਰੀਵਾਲ ਤੇ ਸੰਜੈ ਸਿੰਘ ਨੇ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਸਨ, ਜਦੋਂ ਗੁਜਰਾਤ ਹਾਈਕੋਰਟ ਨੇ ਮੁੱਖ ਸੂਚਨਾ ਕਮਿਸ਼ਨਰ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ ਸੀ, ਜਿਸ 'ਚ ਗੁਜਰਾਤ ਯੂਨੀਵਰਸਿਟੀ ਨੂੰ ਪ੍ਰਧਾਨ ਮੰਤਰੀ ਮੋਦੀ ਦੀਆਂ ਡਿਗਰੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਗਿਆ ਸੀ।

# ਕੋਚੇਲਾ ਸੰਗੀਤ ਸਮਾਗਮ 'ਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣਿਆ ਦਿਲਜੀਤ



**ਲਾਸ ਏਂਜਲਸ, (ਪੰਜਾਬ ਮੇਲ)-** ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਅਮਰੀਕਾ ਵਿਚ ਪੰਜਾਬੀ ਸੰਗੀਤ ਦੇ ਝੰਡੇ ਗੱਡ ਦਿੱਤੇ ਹਨ। ਉਹ ਕੋਚੇਲਾ ਸੰਗੀਤ ਸਮਾਗਮ ਵਿਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣ ਗਿਆ ਹੈ। ਦਿਲਜੀਤ ਦੇ ਜਿਵੇਂ ਹੀ ਅਮਰੀਕਾ ਦੇ ਕੋਚੇਲਾ ਸੰਗੀਤ ਸਗਾਗਮ ਵਿਚ ਪੇਸ਼ਕਾਰੀ ਦੇਣ ਦੀਆਂ ਖ਼ਬਰਾਂ ਆਈਆਂ ਤਾਂ ਸੋਸ਼ਲ ਮੀਡੀਆ 'ਤੇ ਬੌਲੀਵੁਡ ਅਦਾਕਾਰਾਂ ਤੋਂ ਇਲਾਵਾ ਉਸ ਦੇ ਵੱਡੀ ਗਿਣਤੀ ਪ੍ਰਸ਼ੰਸਕਾਂ ਨੇ ਉਸ ਦੀ ਤੁਲਨਾ ਮਹਾਨ ਕਲਾਕਾਰ ਵਜੋਂ ਕੀਤੀ ਹੈ। ਇਹ ਸਮਾਗਮ ਕੈਲੀਫੋਰਨੀਆ ਦੇ ਇੰਡੀਓ ਦੀ ਕੋਚੇਲਾ ਵੈਲੀ ਵਿਚ ਹੋ ਰਿਹਾ ਹੈ। ਇਸ ਵਿਚ ਬਲੈਕਪਿੰਕ, ਚਾਰਲੀ, ਲੈਬ੍ਰਿੰਥ ਅਤੇ ਕਿਡ ਲਾਰੋਈ ਵਰਗੇ ਗਲੋਬਲ ਸੰਗੀਤ ਸਿਤਾਰਿਆਂ ਨੇ ਵੀ ਆਪਣੀ ਪੇਸ਼ਕਾਰੀ ਦਿੱਤੀ। ਪੰਜਾਬੀ ਗਾਇਕ ਦਿਲਜੀਤ ਨੇ ਕਾਲੇ ਕੱਪੜਿਆਂ ਨਾਲ ਕਾਲੇ ਦਸਤਾਨੇ ਤੇ ਕਾਲੀਆਂ ਐਨਕਾਂ ਪਹਿਨ ਕੇ ਆਪਣੇ ਸੁਪਰ ਹਿੱਟ ਗੀਤ ਗਾਏ। ਉਸ ਨੇ ਜਦੋਂ 'ਪਟਿਆਲਾ ਪੈੱਗ' ਗੀਤ ਸੁਣਾਇਆ ਤਾਂ ਅਮਰੀਕੀ ਸੰਗੀਤ ਨਿਰਮਾਤਾ ਡੀ.ਜੇ. ਡਿਪਲੋ ਵੀ ਨੱਚਣੋਂ ਨਾ ਰੁਕ ਸਕਿਆ। ਇਸ ਦੀ ਵੀਡੀਓ ਵੀ ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਦੋਸਾਂਝ ਨੇ ਪੰਜਾਬੀ ਵਿਚ ਸਟੇਜ 'ਤੇ ਕਿਹਾ, 'ਹੁਣ ਇਹ ਇਤਿਹਾਸ ਵਿਚ ਲਿਖਿਆ ਗਿਆ ਹੈ। ਪੰਜਾਬੀ ਆ ਗਏ ਹਮ ਕੋਚੇਲਾ (ਪੰਜਾਬੀ ਕੋਚੇਲਾ ਪਹੁੰਚ ਗਏ ਹਨ)। ਜੋ ਮੇਰੇ ਗੀਤਾਂ ਨੂੰ ਨਹੀਂ ਸਮਝਦੇ, ਉਨ੍ਹਾਂ ਨੂੰ ਵੀ ਮਿਊਜ਼ਿਕ ਤੇ ਗੀਤ ਵਧੀਆ ਲੱਗਣਗੇ।' ਇਸ ਤੋਂ ਬਾਅਦ ਦਿਲਜੀਤ ਨੇ 'ਜੱਟ ਦਾ ਪਿਆਰ', 'ਪਟਿਆਲਾ ਪੈੱਗ', 'ਪ੍ਰਾਪਰ ਪਟੋਲਾ', 'ਰਾਤ ਦੀ ਗੇੜੀ' ਆਦਿ ਗੀਤਾਂ ਨਾਲ ਸਰੋਤਿਆਂ ਨੂੰ ਖ਼ੂਬ ਨਚਾਇਆ। ਦਿਲਜੀਤ ਨੇ ਇੱਥੇ ਕਰੀਬ 45 ਮਿੰਟ ਆਪਣੇ ਲਾਈਵ ਬੈਂਡ ਅਤੇ ਭੰਗੜੇ ਨਾਲ ਅਮਰੀਕਾ ਵਾਸੀਆਂ ਦਾ ਮਨੋਰੰਜਨ ਕੀਤਾ। ਉੱਘੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਦੋਸਾਂਝ ਨੂੰ ਅਮਰੀਕੀ ਸੰਗੀਤ ਸਮਾਰੋਹ ਵਿਚ ਪੇਸ਼ਕਾਰੀ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣਨ ਲਈ ਵਧਾਈ ਦਿੱਤੀ। ਰੈਪਰ ਬਾਦਸ਼ਾਹ ਅਤੇ ਦੋਸਾਂਝ ਦੀ "ਉੜਤਾ ਪੰਜਾਬ" ਦੀ ਸਹਿ-ਅਦਾਕਾਰਾ ਕਰੀਨਾ ਕਪੂਰ ਖਾਨ ਨੇ ਵੀ ਉਸ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਅਰਜੁਨ ਰਾਮਪਾਲ ਨੇ ਵੀ ਦਿਲਜੀਤ ਨੂੰ ਮਹਾਨ ਕਲਾਕਾਰ ਤੇ ਸੱਚਾ ਰੌਕ ਸਟਾਰ ਆਖਿਆ।


calstate MORTGAGE
NMLS: 1729528/ DRE 02058505
We are home loan experts dedicated to making sure your home purchase or refinance experience is top-notch.
Purchase Loan and Refinance
15 & 30 Yr. Fixed Rates Are Still Better!!! Refinance Now at Zero Cost

Ways we help 1st time home buyers:
» Will walk new buyers through the whole loan process
» Fast turn times for pre-approvals and underwriting during the settlement process
» Fannie & Freddie with expanded DTI's
» All Govt programs available for buyers
» Credit scores down to a 600 for FHA and VA buyers
» We have Cheona Down Payment Assistance In-house
» Can also work with Down Payment Assistance programs at the State and County level
» 1099, W-2 and Passive income allowed
» 100k minimum total loan amount for Primary Purchases

» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।
» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।





Preet Kalirai
NMLS: 281660/DRE 02097522
Mortgage Broker
530 La Sierra Drive, Sacramento, CA 95864
ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।
916-225-1225
e: preet@calstatemtg.com • w : https://www.getapproval.com
Copyright@Punjab Mail USA

# ਸਰੀ 'ਚ ਚਿੱਤਰ ਕਲਾ ਪ੍ਰਦਰਸ਼ਨੀ ਅਤੇ ਮਾਂ ਬੋਲੀ ਅੰਤਰਰਾਸ਼ਟਰੀ ਫਿਲਮ ਮੇਲੇ ਦਾ ਉਦਘਾਟਨੀ ਸਮਾਰੋਹ





**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਬੀਤੇ ਦਿਨੀਂ ਮਾਂ ਬੋਲੀ ਅੰਤਰਰਾਸ਼ਟਰੀ ਫਿਲਮ ਮੇਲਾ ਅਤੇ ਚਿੱਤਰ ਕਲਾ ਪ੍ਰਦਰਸ਼ਨੀ 'ਵਿਚ ਪ੍ਰਦੇਸ ਪੰਜਾਬ' ਦਾ ਉਦਘਾਟਨੀ ਸਮਾਰੋਹ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਵਿਹੜੇ ਵਿਚ ਹੋਇਆ, ਜਿਸ ਵਿਚ ਵੱਡੀ ਗਿਣਤੀ ਵਿਚ ਕਲਾ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ।

ਸ਼ਾਇਰ ਮੋਹਨ ਗਿੱਲ ਨੇ ਸਮਾਰੋਹ ਦਾ ਆਗਾਜ਼ ਕਰਦਿਆਂ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਮੇਲੇ ਅਤੇ ਪ੍ਰਦਰਸ਼ਨੀ ਦੇ ਰੂਹੇ-ਰਵਾਂ ਜਰਨੈਲ ਸਿੰਘ ਆਰਟਿਸਟ ਅਤੇ ਨਵਪ੍ਰੀਤ ਰੰਗੀ ਦੀ ਕਲਾ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਨਵਲਪ੍ਰੀਤ ਰੰਗੀ ਨੇ ਦੱਸਿਆ ਕਿ ਇਹ ਫਿਲਮ ਮੇਲਾ ਅਤੇ ਚਿੱਤਰ ਕਲਾ ਪ੍ਰਦਰਸ਼ਨੀ 23 ਅਪ੍ਰੈਲ ਤੱਕ ਜਾਰੀ ਰਹਿਣਗੇ। ਕਲਾ ਪ੍ਰੇਮੀ ਹਰ ਰੋਜ਼ ਜਰਨੈਲ ਆਰਟਸ ਗੈਲਰੀ, ਸਰੀ ਵਿਖੇ ਚਿੱਤਰ ਕਲਾ ਪ੍ਰਦਰਸ਼ਨੀ ਦੇਖ ਸਕਣਗੇ ਅਤੇ ਵੱਖ-ਵੱਖ ਵਿਸ਼ਿਆਂ 'ਤੇ ਆਧਾਰਿਤ ਕਲਾ ਅਤੇ ਲਘੂ ਫਿਲਮਾਂ 21 ਅਪ੍ਰੈਲ ਨੂੰ ਪੰਜਾਬ ਭਵਨ ਸਰੀ ਵਿਖੇ ਸ਼ਾਮ 5.30 ਤੋਂ 9.30 ਵਜੇ ਤੱਕ ਦਿਖਾਈਆਂ ਜਾਣਗੀਆਂ। ਚਿੱਤਰ ਕਲਾ ਪ੍ਰਦਰਸ਼ਨੀ ਅਤੇ ਫਿਲਮ ਮੇਲੇ ਵਿਚ ਦਾਖ਼ਲਾ ਬਿਲਕੁਲ ਮੁਫ਼ਤ ਹੈ। ਇਸ ਮੇਲੇ ਦਾ ਸਮਾਪਤੀ ਸਮਾਗਮ 23 ਅਪ੍ਰੈਲ ਨੂੰ ਹੋਵੇਗਾ।

ਇਸ ਮੌਕੇ ਬੋਲਦਿਆਂ ਸਾਹਿਤ, ਕਲਾ ਅਤੇ ਮੀਡੀਆ ਨਾਲ ਸੰਬੰਧਤ ਸ਼ਖ਼ਸੀਅਤਾਂ ਹਰਭਜਨ ਗਿੱਲ, ਡਾ. ਪ੍ਰਭਜੋਤ ਪਰਮਾਰ, ਹਰਪ੍ਰੀਤ ਸਿੰਘ, ਡਾ. ਰਿਸ਼ੀ ਸਿੰਘ, ਡਾ. ਗੁਰਬਾਜ਼ ਸਿੰਘ ਬਰਾੜ, ਬਖਸ਼ਿੰਦਰ ਅਤੇ ਰਮਿੰਦਰਜੀਤ ਧਾਮੀ ਨੇ ਜਰਨੈਲ ਸਿੰਘ ਆਰਟਿਸਟ ਅਤੇ ਨਵਲਪ੍ਰੀਤ ਰੰਗੀ ਦੇ ਯਤਨਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਕਲਾ ਪ੍ਰਦਰਸ਼ਨੀਆਂ ਅਤੇ ਫਿਲਮ ਮੇਲਿਆਂ ਦੀ ਅੱਜ ਬਹੁਤ ਲੋੜ ਹੈ। ਕੁਝ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਕੈਨੇਡਾ ਦੀ ਨਵੀਂ ਪੰਜਾਬੀ ਪੀੜ੍ਹੀ ਨੂੰ ਕਲਾ, ਸਾਹਿਤ ਅਤੇ ਪੰਜਾਬੀ ਮਾਂ ਬੋਲੀ ਸੰਬੰਧੀ ਵੈਨਕੂਵਰ ਖੇਤਰ ਵਿਚ ਹੋ ਰਹੀਆਂ ਸਰਗਰਮੀਆਂ ਨਾਲ ਜੋੜਣ ਦਾ ਕਾਰਜ ਅੱਜ ਦੇ ਸੰਦਰਭ ਵਿਚ ਬਹੁਤ ਮਹੱਤਵਪੂਰਨ ਹੈ ਅਤੇ ਸਾਨੂੰ ਸਭ ਨੂੰ ਆਪਣੇ ਪੱਧਰ 'ਤੇ ਅਤੇ ਰਲ ਕੇ ਯਤਨ ਕਰਨੇ ਚਾਹੀਦੇ ਹਨ।

ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਉਨ੍ਹਾਂ ਵੱਲੋਂ ਨਵੀਂ ਪੀੜ੍ਹੀ ਨੂੰ ਕਲਾ ਨਾਲ ਜੋੜਣ ਲਈ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਪਿਛਲੇ ਸਮੇਂ ਵਿਚ ਬਾਲ ਚਿੱਤਰਕਾਰਾਂ ਦੀਆਂ ਕ੍ਰਿਤਾਂ ਦੀ ਲਾਈ ਗਈ ਪ੍ਰਦਰਸ਼ਨੀ ਵੀ ਇਨ੍ਹਾਂ ਯਤਨਾਂ ਦਾ ਇਕ ਹਿੱਸਾ ਸੀ। ਉਨ੍ਹਾਂ ਕਿਹਾ ਕਿ ਅਸੀਂ ਪੂਰਨ ਤੌਰ 'ਤੇ ਆਸਵੰਦ ਹਾਂ ਕਿ ਆ ਰਹੀ ਪੀੜ੍ਹੀ ਦੇ ਕਲਾਕਾਰ ਕਲਾ ਅਤੇ ਸਾਹਿਤ ਦੇ ਖੇਤਰ ਵਿਚ ਆਧੁਨਿਕ ਅਤੇ ਮੌਲਿਕ ਕਿਰਤਾਂ ਨਾਲ ਜ਼ਿਕਰਯੋਗ ਯੋਗਦਾਨ ਪਾਉਣਗੇ। ਉਨ੍ਹਾਂ ਉਦਘਾਟਨੀ ਸਮਾਰੋਹ ਵਿਚ ਭਰਵੀਂ ਸ਼ਮੂਲੀਅਤ ਕਰਨ ਲਈ ਸਭਨਾਂ ਦਾ ਧੰਨਵਾਦ ਕੀਤਾ। ਇਸ ਸਮਾਰੋਹ ਵਿਚ ਹੋਰਨਾਂ ਤੋਂ ਇਲਾਵਾ ਰਾਜਿੰਦਰ ਸਿੰਘ ਪੰਧੇਰ, ਸੰਦੀਪ ਸਿੰਘ ਧੰਜੂ, ਹਰਦਮ ਸਿੰਘ ਮਾਨ, ਅਮਰੀਕ ਪਲਾਹੀ, ਅੰਗਰੇਜ਼ ਸਿੰਘ ਬਰਾੜ, ਨਵਰੂਪ ਸਿੰਘ, ਡਾ. ਸੁਖਵਿੰਦਰ ਵਿਰਕ, ਡਾ. ਫਰੀਦ (ਲਾਹੌਰ) ਆਦਿ ਹਾਜ਼ਰ ਸਨ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ 'ਚਰਨ ਸਿੰਘ ਦਾ ਕਾਵਿ ਸੰਸਾਰ' ਪੁਸਤਕ ਰਿਲੀਜ਼



**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪ੍ਰਸਿੱਧ ਪੰਜਾਬੀ ਸ਼ਾਇਰ ਚਰਨ ਸਿੰਘ ਦੀ ਸਮੁੱਚੀ ਕਵਿਤਾ ਉਪਰ ਡਾ. ਜੋਗਿੰਦਰ ਸਿੰਘ ਕੈਰੋਂ ਵੱਲੋਂ ਲਿਖੀ ਗਈ ਆਲੋਚਨਾਤਮਿਕ ਪੁਸਤਕ "ਚਰਨ ਸਿੰਘ ਦਾ ਕਾਵਿ ਸੰਸਾਰ" ਰਿਲੀਜ਼ ਕਰਨ ਲਈ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਸ਼ਾਇਰ ਚਰਨ ਸਿੰਘ ਅਤੇ ਹਰਚੰਦ ਸਿੰਘ ਬਾਗੜੀ ਨੇ ਕੀਤੀ। ਇਹ ਸਮਾਗਮ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਵੀ ਸਮਰਪਿਤ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸੰਗੀਤ ਪ੍ਰੇਮੀ ਅਤੇ ਕਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਜਗੀਰ ਸਿੰਘ ਜੌਹਲ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਈ। ਉਪਰੰਤ ਪ੍ਰਿਤਪਾਲ ਗਿੱਲ, ਪ੍ਰੋ. ਕਸ਼ਮੀਰਾ ਸਿੰਘ, ਸੁਰਜੀਤ ਸਿੰਘ ਮਾਧੋਪੁਰੀ ਨੇ ਪੁਸਤਕ ਬਾਰੇ ਆਪਣੇ ਪਰਚੇ ਪੜ੍ਹੇ ਅਤੇ ਇੰਦਰਪਾਲ ਸਿੰਘ ਸੰਧੂ ਨੇ ਡਾ. ਸ.ਪ. ਸਿੰਘ ਵੱਲੋਂ ਲਿਖਿਆ ਪਰਚਾ ਪੜ੍ਹਿਆ। ਸ਼ਾਇਰ ਚਰਨ ਸਿੰਘ ਨੇ ਵੀ ਇਸ ਪੁਸਤਕ ਬਾਰੇ ਵਿਚਾਰ ਪੇਸ਼ ਕੀਤੇ।

ਬਾਅਦ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਪ੍ਰਿਤਪਾਲ ਗਿੱਲ, ਮਨਜੀਤ ਸਿੰਘ ਮੱਲ੍ਹਾ, ਹਰਜੀਤ ਸਿੰਘ ਬੱਸੀ, ਦਵਿੰਦਰ ਕੌਰ ਜੌਹਲ, ਸੁਰਿੰਦਰ ਸਿੰਘ ਜੱਬਲ, ਕਰਮ ਸਿੰਘ ਹਕੀਰ, ਪਰਮਿੰਦਰ ਕੌਰ ਬਾਗੜੀ, ਗੁਰਮਿੰਦਰ ਸਿੱਧੂ, ਡਾ. ਬਲਦੇਵ ਸਿੰਘ ਖਹਿਰਾ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਸਿੰਘ ਰੰਧਾਵਾ, ਦਰਸ਼ਨ ਸੰਘਾ, ਹਰਚੰਦ ਸਿੰਘ ਬਾਗੜੀ, ਚਰਨ ਸਿੰਘ, ਹਰਜਿੰਦਰ ਸਿੰਘ ਚੀਮਾ, ਇੰਦਰਜੀਤ ਸਿੰਘ ਧਾਮੀ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ।

ਇਸ ਸਮਾਗਮ ਵਿਚ ਭੁਪਿੰਦਰ ਸਿੰਘ ਮੱਲ੍ਹੀ , ਡਾ. ਫਰੀਦ (ਲਾਹੌਰ), ਹਰਪਾਲ ਸਿੰਘ ਬਰਾੜ, ਹਰਬੰਸ ਕੌਰ ਬੈਂਸ, ਗੁਰਬਚਨ ਸਿੰਘ ਬਰਾੜ, ਗੁਰਮੀਤ ਸਿੰਘ ਸੇਖੋਂ, ਰਣਜੀਤ ਸਿੰਘ ਨਿੱਝਰ, ਪਾਲ ਬਿਲਗਾ, ਕੁਲਵਿੰਦਰ ਕੌਰ, ਪਵਿੱਤਰ ਕੌਰ ਬਰਾੜ, ਸਵਿੰਦਰ ਖੰਗੂੜਾ, ਕਿਰਪਾਲ ਸਿੰਘ ਪੰਧੇਰ, ਅਜੀਤ ਸਿੰਘ ਢੀਂਡਸਾ, ਅਵਤਾਰ ਸਿੰਘ ਢਿੱਲੋਂ, ਮਲਕੀਤ ਸਿੰਘ ਖੰਗੂੜਾ ਅਤੇ ਹੋਰ ਕਈ ਸ਼ਖ਼ਸੀਅਤਾਂ ਸ਼ਾਮਲ ਸਨ। ਸ਼ਾਇਰ ਚਰਨ ਸਿੰਘ ਨੇ ਸੀਨੀਅਰ ਸੈਂਟਰ ਦੇ ਅਹੁਦੇਦਾਰਾਂ ਨੂੰ ਇਹ ਪੁਸਤਕ ਭੇਂਟ ਕੀਤੀ। ਅੰਤ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

# ਗੁਰਦੁਆਰਾ ਪੰਜਾ ਸਾਹਿਬ 'ਚ ਵਿਸਾਖੀ ਮਨਾ ਕੇ ਵਤਨ ਪਰਤਿਆ ਸਿੱਖ ਸ਼ਰਧਾਲੂਆਂ ਦਾ ਜਥਾ



**ਅਟਾਰੀ, (ਪੰਜਾਬ ਮੇਲ)**- ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਪਾਕਿਸਤਾਨ ਵਿਖੇ ਵਿਸਾਖੀ ਮਨਾਉਣ ਅਤੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਉਪਰੰਤ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤਿਆ। ਜ਼ਿਕਰਯੋਗ ਹੈ ਕਿ ਵਿਸਾਖੀ ਪਰਬ ਮਨਾਉਣ ਲਈ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜਥਾ 9 ਅਪ੍ਰੈਲ ਨੂੰ ਰਵਾਨਾ ਹੋਇਆ ਸੀ, ਜਦੋਂ ਕਿ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਠਹਿਰ ਦੌਰਾਨ ਇੱਕ ਸ਼ਰਧਾਲੂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਵਤਨ ਵਾਪਸੀ ਮੌਕੇ ਅਟਾਰੀ ਸਰਹੱਦ ਵਿਖੇ ਗੱਲਬਾਤ ਕਰਦਿਆਂ ਸ਼ਰਧਾਲੂ ਨਰਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ 14 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ (ਵਿਸਾਖੀ ਪੁਰਬ) ਸਿੱਖ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।







# ਵਿਆਹ ਮਗਰੋਂ ਹਜ਼ਾਰਾਂ ਕੁੜੀਆਂ ਨੂੰ ਭਾਰਤ 'ਚ ਹੀ ਛੱਡ ਗਏ ਐੱਨ.ਆਰ.ਆਈ. ਪਤੀ

**ਚੰਡੀਗੜ੍ਹ, (ਪੰਜਾਬ ਮੇਲ)-** ਵਿਆਹ ਤੋਂ ਬਾਅਦ ਵਿਦੇਸ਼ ਵਿਚ ਪਤੀ ਨਾਲ ਵਸਣ ਦਾ ਸੁਪਨਾ ਪੰਜਾਬ ਦੀਆਂ ਕਈ ਲੜਕੀਆਂ ਲਈ ਸੁਫ਼ਨਾ ਹੀ ਬਣ ਕੇ ਰਹਿ ਗਿਆ ਹੈ। ਐੱਨ.ਆਰ.ਆਈ. ਦਾ ਪੰਜਾਬੀਆਂ ਵਿਚ ਰਸੂਖ ਕਿਸੇ ਤੋਂ ਲੁਕਿਆ ਨਹੀਂ। ਇਸ ਲਈ ਵਿਦੇਸ਼ ਜਾਣ ਦੀ ਹੋੜ ਇੱਥੇ ਸਭ ਤੋਂ ਜ਼ਿਆਦਾ ਹੈ। ਜੇਕਰ ਪਤੀ ਐੱਨ.ਆਰ.ਆਈ. ਹੋਵੇ, ਤਾਂ ਲੜਕੀ ਵਾਲੇ ਮੂੰਹ ਮੰਗਿਆ ਦਾਜ ਲੜਕੇ ਨੂੰ ਦੇਣ ਨੂੰ ਤਿਆਰ ਹੋ ਜਾਂਦੇ ਹਨ, ਬਸ਼ਰਤੇ ਉਨ੍ਹਾਂ ਦੀ ਬੇਟੀ ਵੀ ਪਤੀ ਦੇ ਨਾਲ ਵਿਦੇਸ਼ ਵਿਚ ਵਸ ਜਾਵੇ। ਇਸ ਦਾ ਫਾਇਦਾ ਕਈ ਐੱਨ.ਆਰ.ਆਈ. ਉਠਾਉਂਦੇ ਹਨ। ਇੱਥੇ ਵਿਆਹ ਲਈ ਕੁਝ ਦਿਨ ਰੁਕਣ ਤੋਂ ਬਾਅਦ ਉਹ ਅਜਿਹੇ ਵਿਦੇਸ਼ ਜਾਂਦੇ ਹਨ ਕਿ ਫਿਰ ਪਰਤਦੇ ਹੀ ਨਹੀਂ। ਪਿੱਛੇ ਰਹਿ ਜਾਂਦੀ ਹੈ ਉਨ੍ਹਾਂ ਦੀ ਪਤਨੀ, ਜਿਸ ਨੂੰ ਉਹ ਰੱਬ ਦੇ ਆਸਰੇ ਛੱਡ ਜਾਂਦੇ ਹਨ। ਉਸ ਨੂੰ ਨਾ ਪਤਨੀ ਦਾ ਦਰਜਾ ਹਾਸਲ ਹੁੰਦਾ ਹੈ ਅਤੇ ਨਾ ਹੀ ਤਲਾਕਸ਼ੁਦਾ ਜਾਂ ਵਿਧਵਾ ਮੰਨਿਆ ਜਾਂਦਾ ਹੈ।

ਇੰਨਾ ਹੀ ਨਹੀਂ, ਵਿਦੇਸ਼ ਵਿਚ ਵੀ ਭਾਰਤੀ ਪਤੀ ਆਪਣੀ ਪਤਨੀ ਨੂੰ ਛੱਡਣ ਤੋਂ ਨਹੀਂ ਝਿਜਕਦੇ। ਬੀਤੇ ਦਸੰਬਰ ਮਹੀਨੇ ਕੇਂਦਰ ਸਰਕਾਰ ਨੇ ਸੰਸਦ ਨੂੰ ਦੱਸਿਆ ਸੀ ਕਿ 5 ਸਾਲ ਵਿਚ 2300 ਤੋਂ ਜ਼ਿਆਦਾ ਐੱਨ.ਆਰ.ਆਈ. ਭਾਰਤੀ ਔਰਤਾਂ ਨੂੰ ਉਨ੍ਹਾਂ ਦੇ ਪਤੀਆਂ ਨੇ ਛੱਡ ਦਿੱਤਾ ਹੈ। ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਸੀ ਕਿ ਸਰਕਾਰ ਕੋਲ ਉਪਲਬਧ ਜਾਣਕਾਰੀ ਅਨੁਸਾਰ ਐੱਨ.ਆਰ.ਆਈ. ਔਰਤਾਂ ਦੀਆਂ ਲਗਭਗ 2372 ਸ਼ਿਕਾਇਤਾਂ ਹਨ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਉਨ੍ਹਾਂ ਦੇ ਪਤੀਆਂ ਵਲੋਂ ਭਾਰਤ ਵਿਚ ਛੱਡ ਦਿੱਤਾ ਗਿਆ ਹੈ। ਸਰਕਾਰ ਇਨ੍ਹਾਂ ਸਾਰੀਆਂ ਸ਼ਿਕਾਇਤਾਂ 'ਤੇ ਗੌਰ ਕਰ ਰਹੀ ਹੈ।

**■ ਪੰਜਾਬ ਵਿਚ ਅਜਿਹੀਆਂ ਔਰਤਾਂ ਦੀ ਗਿਣਤੀ 20 ਹਜ਼ਾਰ ਤੋਂ ਪਾਰ**

ਖਾਸ ਗੱਲ ਇਹ ਹੈ ਕਿ ਇਕ ਰਿਪੋਰਟ ਅਨੁਸਾਰ ਸਾਲ 2015 ਅਤੇ 2019 ਵਿਚ ਕੇਂਦਰ ਸਰਕਾਰ ਨੂੰ ਪਤੀਆਂ ਦੇ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਦੀਆਂ 6 ਹਜ਼ਾਰ ਤੋਂ ਜ਼ਿਆਦਾ ਸ਼ਿਕਾਇਤਾਂ ਮਿਲੀਆਂ। ਇਹ ਉਹ ਮਾਮਲੇ ਹਨ, ਜੋ ਰਿਪੋਰਟ ਕੀਤੇ ਗਏ ਹਨ। ਵੱਡੀ ਗਿਣਤੀ ਵਿਚ ਤਾਂ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰ ਵਾਲੇ ਬਿਨਾਂ ਸ਼ਿਕਾਇਤ ਕੀਤੇ ਘਰ ਬੈਠ ਜਾਂਦੇ ਹਨ। ਦਰਅਸਲ, ਅਜਿਹੀਆਂ ਔਰਤਾਂ ਦੀ ਕੋਈ ਵੀ ਅਧਿਕਾਰਤ ਗਿਣਤੀ ਸਰਕਾਰ ਕੋਲ ਵੀ ਨਹੀਂ ਹੈ। ਵੱਖ-ਵੱਖ ਐੱਨ.ਜੀ.ਓ. ਹਨ, ਜੋ ਇਨ੍ਹਾਂ ਔਰਤਾਂ ਦੀ ਮਦਦ ਕਰਦੇ ਹਨ ਜਾਂ ਫਿਰ ਐੱਨ.ਆਰ.ਆਈ. ਥਾਣੇ ਹਨ। ਮੰਨਿਆ ਜਾਂਦਾ ਹੈ ਕਿ ਪੰਜਾਬ ਵਿਚ ਅਜਿਹੀਆਂ ਔਰਤਾਂ ਦੀ ਗਿਣਤੀ 20 ਹਜ਼ਾਰ ਤੋਂ ਪਾਰ ਹੈ, ਜਿਨ੍ਹਾਂ ਦੇ ਪਤੀ ਵਿਆਹ ਤੋਂ ਬਾਅਦ ਵਿਦੇਸ਼ ਗਏ ਅਤੇ ਫਿਰ ਪਰਤ ਕੇ ਨਹੀਂ ਆਏ।

ਕੇਂਦਰੀ ਰਾਜ ਮੰਤਰੀ ਵੀ. ਮੁਰਲੀਧਰਨ ਨੇ ਦੱਸਿਆ ਕਿ ਸਰਕਾਰ ਨੇ ਵਿਆਹੁਤਾ ਐੱਨ.ਆਰ.ਆਈ. ਔਰਤਾਂ ਵਲੋਂ ਤਿਆਗ, ਘਰੇਲੂ ਹਿੰਸਾ, ਸ਼ੋਸ਼ਣ ਅਤੇ ਹੋਰ ਵਿਆਹੁਤਾ ਵਿਵਾਦਾਂ ਦੀਆਂ ਸਾਹਮਣੇ ਆਈਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਵੱਖ-ਵੱਖ ਪ੍ਰਣਾਲੀਆਂ ਨੂੰ ਲਾਗੂ ਕਰਨ ਲਈ ਕਈ ਕਦਮ ਚੁੱਕੇ ਹਨ। ਵਿਦੇਸ਼ ਮੰਤਰਾਲਾ ਅਤੇ ਵਿਦੇਸ਼ਾਂ ਵਿਚ ਮਿਸ਼ਨ/ਪੋਸਟ ਪੀੜਤ ਭਾਰਤੀ ਔਰਤਾਂ ਨੂੰ ਅਜਿਹੇ ਮਾਮਲਿਆਂ ਵਿਚ ਕਾਨੂੰਨੀ ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਬਾਰੇ ਉਚਿਤ ਸਲਾਹ, ਮਾਰਗਦਰਸ਼ਨ ਅਤੇ ਜਾਣਕਾਰੀ ਦਿੰਦੇ ਹਨ। ਭਾਰਤੀ ਮਿਸ਼ਨ ਅਤੇ ਪੋਸਟ ਔਰਤਾਂ ਲਈ ਉਨ੍ਹਾਂ ਦੀ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਵਾਕ-ਇਨ ਸੈਸ਼ਨ ਅਤੇ ਓਪਨ ਹਾਊਸ ਬੈਠਕਾਂ ਆਯੋਜਿਤ ਕਰਦੇ ਹਨ।

# ਐਡਵੋਕੇਟ ਰਾਜਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਬੇਹੱਦ ਮੰਦਭਾਗਾ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਵੱਲੋਂ ਐਡਵੋਕੇਟ ਰਾਜਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਰਾਜਦੀਪ ਸਿੰਘ ਨੂੰ ਸੋਸ਼ਲ ਮੀਡੀਆ 'ਤੇ ਅੰਮ੍ਰਿਤਪਾਲ ਸਿੰਘ ਦੀਆਂ ਪੋਸਟਾਂ ਸਾਂਝੀਆਂ ਕਰਨ ਕਰਕੇ ਗ੍ਰਿਫ਼ਤਾਰ ਕੀਤੇ ਜਾਣ ਦੀ ਸੂਚਨਾ ਮਿਲੀ ਹੈ, ਜੋ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ ਕਿ ਕਿਸੇ ਵਿਅਕਤੀ ਨੂੰ ਕੋਈ ਜੁਰਮ ਕੀਤੇ ਬਿਨਾਂ ਗ੍ਰਿਫ਼ਤਾਰ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਬੀਤੇ ਦਿਨਾਂ ਤੱਕ ਅੰਮ੍ਰਿਤਪਾਲ ਸਿੰਘ ਇਥੇ ਹੀ ਵਿਚਾਰ ਪ੍ਰਗਟਾਅ ਰਿਹਾ ਸੀ, ਉਦੋਂ ਸਰਕਾਰ ਤੇ ਪੁਲਿਸ ਤੰਤਰ ਖਾਮੋਸ਼ ਸੀ, ਤਾਂ ਅੱਜ ਆਮ ਲੋਕਾਂ ਨੂੰ ਅੰਮ੍ਰਿਤਪਾਲ ਸਿੰਘ ਦੀਆਂ ਪੋਸਟਾਂ ਸਾਂਝੀਆਂ ਕਰਨ ਕਰਕੇ ਗ੍ਰਿਫ਼ਤਾਰ ਕਰਨਾ ਸਵਾਲ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਰਾਜਦੀਪ ਸਿੰਘ ਦੀ ਗ੍ਰਿਫ਼ਤਾਰੀ ਬੇਹੱਦ ਮੰਦਭਾਗੀ ਹੈ, ਜਿਸ ਪ੍ਰਤੀ ਸਰਕਾਰ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਰਾਜਦੀਪ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਅਜਿਹੀਆਂ ਕਾਰਵਾਈਆਂ ਨਾ ਕੀਤੀਆਂ ਜਾਣ, ਜਿਸ ਨਾਲ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਹੋਵੇ।

# ਲਾਲ ਚੰਦ ਕਪੂਰ ਅਤੇ ਕਰਮ ਸਿੰਘ ਨੂੰ ਸ਼ਰਧਾਂਜ਼ਲੀਆਂ



**ਪਟਿਆਲਾ, (ਉਜਾਗਰ ਸਿੰਘ/ ਪੰਜਾਬ ਮੇਲ)-** ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਮਿਨੀ ਸਕੱਤਰੇਤ ਵਿਖੇ ਪ੍ਰੈੱਸ ਰੂਮ ਵਿਚ ਕੀਤੀ ਗਈ। ਇਸ ਮੀਟਿੰਗ ਵਿਚ ਸਹਾਇਕ ਲੋਕ ਸੰਪਰਕ ਅਧਿਕਾਰੀ ਮਾਲੇਰਕੋਟਲਾ ਦੀਪਕ ਕਪੂਰ ਦੇ ਪਿਤਾ ਲਾਲ ਚੰਦ ਕਪੂਰ ਅਤੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਦਫ਼ਤਰ ਪਟਿਆਲਾ ਦੇ ਸੇਵਾਮੁਕਤ ਕਲਾਕਾਰ ਕਰਮ ਸਿੰਘ ਦੇ ਅਚਾਨਕ ਸਵਰਗਵਾਸ ਹੋਣ 'ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਵੈੱਲਫੇਅਰ ਐਸੋਸੀਏਸ਼ਨ ਵੱਲੋਂ 2 ਮਿੰਟ ਦਾ ਮੋਨ ਰੱਖਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜ਼ਲੀਆਂ ਭੇਟ ਕੀਤੀਆਂ ਗਈਆਂ। ਸ਼੍ਰੀ ਲਾਲ ਚੰਦ ਕਪੂਰ ਜ਼ਿਲ੍ਹਾ ਲੋਕ ਸੰਪਰਕ ਦਫਤਰ ਦੀ ਮਰਹੂਮ ਅਧਿਕਾਰੀ ਸੁਤੰਤਰ ਕਪੂਰ ਦੇ ਪਤੀ ਸਨ। ਇਸ ਮੌਕੇ 'ਤੇ ਸੇਵਾਮੁਕਤ ਮੁਲਾਜ਼ਮਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਸੇਵਾਮੁਕਤ ਮੁਲਾਜ਼ਮਾਂ ਦੇ ਜਨਮ ਦਿਨ ਕੇਕ ਕੱਟ ਕੇ ਮਨਾਇਆ ਜਾਇਆ ਕਰਨਗੇ। ਇਸ ਮੀਟਿੰਗ ਦੀ ਪ੍ਰਧਾਨਗੀ ਉਮਰ ਵਿਚ ਸਭ ਤੋਂ ਸੀਨੀਅਰ ਨਰਾਤਾ ਸਿੰਘ ਸਿੱਧੂ ਨੇ ਕੀਤੀ। ਮੀਟਿੰਗ ਵਿਚ ਸੁਰਜੀਤ ਸਿੰਘ ਸੈਣੀ ਪ੍ਰਧਾਨ ਵੈੱਲਫੇਅਰ ਐਸੋਸੀਏਸ਼ਨ, ਉਜਾਗਰ ਸਿੰਘ, ਨਰਾਤਾ ਸਿੰਘ ਸਿੱਧੂ, ਸ਼ਾਮ ਸੁੰਦਰ, ਪਰਮਜੀਤ ਕੌਰ, ਜੀ.ਆਰ.ਕੁਮਰਾ, ਨਵਲ ਕਿਸ਼ੋਰ, ਵੀਨਾ ਕੁਮਾਰੀ, ਪਰਮਜੀਤ ਸਿੰਘ ਪੰਮੀ ਅਤੇ ਗੁਰਪ੍ਰਤਾਪ ਸਿੰਘ ਜੀ.ਪੀ. ਸ਼ਾਮਲ ਹੋਏ। ਐਸੋਸੀਏਸ਼ਨ ਦੇ ਡੈਪੂਟੇਸ਼ਨ ਨੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸ਼੍ਰੀ.ਹਾਕਮ ਥਾਪਰ ਨਾਲ ਵੀ ਮੁਲਾਕਾਤ ਕੀਤੀ।


USA Immigration Consultant

ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਸੰਬੰਧੀ ਫਾਰਮ ਭਰਵਾਉਣ ਲਈ ਮਿਲੋ।



We can also help you go get citizenship if you can't speaks English due to medical reason only.

ਜੇ ਤੁਹਾਨੂੰ ਇੰਗਲਿਸ਼ ਨਹੀਂ ਆਉਂਦੀ, ਅਸੀਂ ਤੁਹਾਨੂੰ ਸਿਟੀਜਨਸ਼ਿਪ ਦੁਆ ਸਕਦੇ ਹਾਂ।

• CITIZENSHIP • GREEN CARD • VISA

Call for All Kinds of Immigration Services In USA



MALIK AWAN
J.D. (CEO)

916-849-2926

malik@averwood.us

www.averwood.us

1851 Heritage Ln. Suite #129 Sacramento, CA 95815 USA

Designed By Punjab Mail USA

# ਕੈਨੇਡਾ ਦੇ ਗੁਰੂਘਰਾਂ 'ਚ ਵਿਸਾਖੀ ਖਾਲਸਾ ਸਾਜਨਾ ਦਿਵਸ ਸ਼ਰਧਾ ਨਾਲ ਮਨਾਇਆ ਗਿਆ



**ਕੈਨੇਡਾ, (ਸੁਰਜੀਤ ਸਿੰਘ ਫਲੋਰਾ/ਪੰਜਾਬ ਮੇਲ)**- ਖ਼ਾਲਸਾ ਪੰਥ ਦੇ ਸਾਜਨਾ ਦਿਵਸ 'ਤੇ ਵਿਸਾਖੀ ਪੁਰਬ ਕੈਨੇਡਾ ਭਰ 'ਚ ਸੰਗਤ ਵਲੋਂ ਸ਼ਰਧਾ ਨਾਲ ਮਨਾਇਆ ਗਿਆ। ਇਸ ਦਿਹਾੜੇ 'ਤੇ ਗੁਰਦੁਆਰਾ ਨਾਨਕਸਰ ਬਰੈਂਪਟਨ, ਓਨਟਾਰੀਓ ਖਾਲਸਾ ਦਰਬਾਰ, ਡਿਕਸੀ ਗੁਰੂਘਰ, ਨਾਨਕਸਰ ਸਿੱਖ ਸੈਂਟਰ ਤੇ ਹੋਰ ਵੈਨਕੂਵਰ ਵਿਖੇ ਸ਼ਾਮੀ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਰਾਗੀ ਜੱਥਿਆਂ ਵਲੋਂ ਸ਼ਬਦ ਕੀਰਤਨ, ਕਥਾ ਅਤੇ ਕਵੀ ਸੱਜਣਾਂ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਕਵਿਤਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ। ਉਪਰੰਤ ਅਰਦਾਸ ਗੁਰੂਘਰ ਦੇ ਹੈੱਡ ਗ੍ਰੰਥੀ ਵਲੋਂ ਕੀਤੀ ਗਈ।

ਇਸ ਉਪਰੰਤ ਭਾਈ ਸੇਵਾ ਸਿੰਘ ਜੀ ਵਲੋਂ ਵਿਸਾਖ ਮਹੀਨੇ ਦੇ ਹੁਕਮਨਾਮੇ ਦਾ ਮਹੱਤਵ ਦੱਸਦੇ ਹੋਏ ਸਮੂਹ ਸੰਗਤ ਨੂੰ ਖ਼ਾਲਸਾ ਪੰਥ ਦੇ ਸਿਰਜਣਾ ਦਿਵਸ ਦੀ ਵਧਾਈ ਦਿੱਤੀ ਤੇ ਗੁਰੂ ਘਰ ਪਹੁੰਚੀ ਸੰਗਤ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਬੁਰਾਈਆਂ ਦਾ ਤਿਆਗ ਕਰਕੇ ਗੁਰੂ ਲੜ ਲੱਗਣ ਦੀ ਲੋੜ ਹੈ ਤੇ ਗੁਰੂ ਸਾਹਿਬਾਨ ਦੇ ਸੰਦੇਸ਼ 'ਤੇ ਚੱਲ ਕੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ। ਇਸ ਸਮੇਂ ਓਨਟਾਰੀਓ ਸਰਕਾਰ ਦੇ ਖਜ਼ਾਨਾ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆਂ ਅਤੇ ਫੈਡਰਲ ਸਰਕਾਰ ਅਤੇ ਬਰੈਂਪਟਨ ਸਾਊਥ ਤੋਂ ਐੱਮ.ਪੀ. ਬੀਬੀ ਸੋਨੀਆ ਸਿੱਧੂ ਜੀ ਨੇ ਗੁਰੂਘਰ ਪਹੁੰਚ ਕੇ ਸਭ ਸਿੱਖ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀ ਲੱਖ-ਲੱਖ ਵਧਾਈ ਦਿੱਤੀ। ਨਾਲ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਿੱਖ ਭਾਈਚਾਰੇ ਨੂੰ ਭੇਜੇ ਵਿਸਾਖੀ ਵਧਾਈ ਸੰਦੇਸ਼ ਦੀ ਕਾਪੀ ਗੁਰੂ ਘਰ ਦੇ ਮਹੰਤ ਸਵਰਨਜੀਤ ਸਿੰਘ ਜੀ ਨੂੰ ਪੇਸ਼ ਕੀਤੀ। ਇਸੇ ਲੜੀ ਵਿਚ ਗੁਰੂ ਘਰ ਨਾਨਕਸਰ ਵਲੋਂ 16 ਅਪ੍ਰੈਲ ਦਿਨ ਐਤਵਾਰ ਨੂੰ ਸ਼ਰਧਾਲੂਆਂ ਨੂੰ ਅੰਮ੍ਰਿਤ ਛਕਾਇਆ ਗਿਆ। ਆਖਿਰ ਤੇ ਸਮਾਪਤੀ ਦੀ ਅਰਦਾਸ ਭਾਈ ਸੇਵਾ ਸਿੰਘ ਹੋਰਾਂ ਵਲੋਂ ਕੀਤੀ ਗਈ ਤੇ ਸੰਗਤਾਂ ਦਾ ਗੁਰੂਘਰ ਪਹੁੰਚਣ 'ਤੇ ਧੰਨਵਾਦ ਕੀਤਾ।

ਸਫਾ 1 ਦਾ ਬਾਕੀ

## ਕੈਲੀਫੋਰਨੀਆ 'ਚ ਗੋਲੀਬਾਰੀ ਤੇ ਹੋਰ ਘਟਨਾਵਾਂ ਲਈ ਲੋੜੀਂਦੇ 17 ਪੰਜਾਬੀਆਂ ਨੂੰ...

ਸੈਕਰਾਮੈਂਟੋ ਵਿਚ ਸਿੱਖ ਗੁਰਦੁਆਰੇ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰੀ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਦਸੰਬਰ 2022 ਵਿਚ ਵੁੱਡਲੈਂਡ ਗੋਲੀਬਾਰੀ ਤੋਂ ਪੈਦਾ ਹੋਏ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਦੋ ਲੋਕ ਭਾਰਤ ਵਿਚ ਕਈ ਕਤਲਾਂ ਲਈ ਲੋੜੀਂਦੇ ਹਨ।

ਅਟਾਰਨੀ ਜਨਰਲ ਰੋਬ ਬੋਂਟਾ ਨੇ ਕਿਹਾ, "ਅੱਜ ਕੈਲੀਫੋਰਨੀਆ ਡਿਪਾਰਟਮੈਂਟ ਆਫ ਜਸਟਿਸ ਏਜੰਟਾਂ ਅਤੇ ਸਟਰ ਕਾਊਂਟੀ ਵਿਚ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਸਹਿਯੋਗ, ਕੰਮ ਕਰਨ ਦੇ ਢੰਗ ਅਤੇ ਤੇਜ਼ ਕਾਰਵਾਈ ਲਈ ਧੰਨਵਾਦੀ ਹਾਂ।" ਕਿਸੇ ਵੀ ਪਰਿਵਾਰ ਨੂੰ ਕਦੇ ਵੀ ਆਂਢ-ਗੁਆਂਢ ਵਿਚ ਗੋਲੀਬਾਰੀ ਜਾਂ ਬੰਦੂਕ ਦੀ ਹਿੰਸਾ ਦੇ ਹੋਰ ਰੂਪਾਂ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ, ਜਿੱਥੇ ਉਨ੍ਹਾਂ ਦੇ ਬੱਚੇ ਰਹਿੰਦੇ ਹਨ ਅਤੇ ਖੇਡਦੇ ਹਨ। ਅਟਾਰਨੀ ਜਨਰਲ ਦਫਤਰ ਦੇ ਅਨੁਸਾਰ, ਕੈਲੀਫੋਰਨੀਆ ਦੇ ਨਿਆਂ ਵਿਭਾਗ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨਜ਼ ਅਤੇ ਕਈ ਸਥਾਨਕ ਏਜੰਸੀਆਂ ਸਮੇਤ ਘੱਟੋ-ਘੱਟ 20 ਏਜੰਸੀਆਂ ਨੇ ਜਾਂਚ ਵਿਚ ਹਿੱਸਾ ਲਿਆ। ਡੁਪਰੇ ਨੇ ਕਿਹਾ ਕਿ ਜਾਂਚ ਵਿਚ "ਸ਼ਾਇਦ ਘੱਟੋ-ਘੱਟ 500 ਲਾਅ ਇਨਫੋਰਸਮੈਂਟ ਏਜੰਸੀਆਂ ਵਾਲੇ ਅਧਿਕਾਰੀ ਸ਼ਾਮਲ ਹਨ।" ਗਰੋਹ ਦੇ ਸ਼ੱਕੀ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਲਾਖਾਂ ਪਿੱਛੇ ਸੁੱਟ ਰਹੇ ਹਾਂ।

ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਦੋ ਹੋਰ ਗੋਲੀਬਾਰੀ ਹੋਣ ਤੋਂ ਰੋਕੀ। ਯੂਬਾ ਸੂਟਰ ਨਾਰਕੋਟਿਕ ਅਤੇ ਗੈਂਗ ਇਨਫੋਰਸਮੈਂਟ ਟਾਸਕ ਫੋਰਸ, ਯੂਬਾ ਸਿਟੀ ਪੁਲਿਸ ਡਿਪਾਰਟਮੈਂਟ, ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਜਸਟਿਸ ਸਪੈਸ਼ਲ ਆਪ੍ਰੇਸ਼ਨ ਯੂਨਿਟ, ਕੈਲੀਫੋਰਨੀਆ ਹਾਈਵੇ ਪੈਟਰੋਲ ਸਪੈਸ਼ਲ ਆਪ੍ਰੇਸ਼ਨ ਯੂਨਿਟ, ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ, ਯੂ.ਐੱਸ. ਡਰੱਗ ਇਨਫੋਰਸਮੈਂਟ ਵਿਚਕਾਰ ਸਾਂਝੇ ਯਤਨਾਂ ਦੇ ਹਿੱਸੇ ਵਜੋਂ ਜਾਂਚ ਫਰਵਰੀ 2023 ਵਿਚ ਸ਼ੁਰੂ ਹੋਈ ਸੀ। ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਇਸ ਅਪ੍ਰੇਸ਼ਨ ਨੂੰ ਬਰੋਕਨ ਸਵੋਰਡਜ਼ (ਭਾਵ ਟੁੱਟੀ ਹੋਈ ਕਿਰਪਾਨ) ਦਾ ਨਾਂ ਦਿੱਤਾ ਗਿਆ।

ਸੈਕਰਾਮੈਂਟੋ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਥੀਏਨ ਹੋ ਨੇ ਕਿਹਾ ਕਿ ਦੋਸ਼ ਅਤੇ ਜਾਂਚ "ਕਿਸੇ ਵੀ ਤਰੀਕੇ ਨਾਲ ਸਿੱਖ ਭਾਈਚਾਰੇ ਨੂੰ ਪ੍ਰਤੀਬਿੰਬਤ ਜਾਂ ਪ੍ਰਭਾਵਿਤ ਨਹੀਂ ਕਰਦੇ ਹਨ, ਜੋ ਇਸ ਖੇਤਰ ਵਿਚ ਵੱਡੇ ਭਾਈਚਾਰੇ ਦਾ ਇੱਕ ਮਹੱਤਵਪੂਰਨ ਹਿੱਸਾ ਹਨ।" ਪੰਜਾਬੀ ਭਾਈਚਾਰਾ ਜਿਥੇ ਇਨ੍ਹਾਂ ਮਾੜੇ ਅਨਸਰਾਂ ਨੂੰ ਫੜੇ ਜਾਣ 'ਤੇ ਹੈਰਾਨ ਤੇ ਸ਼ੋਕ ਵਿਚ ਹਨ, ਉਥੇ ਇਨ੍ਹਾਂ ਨੂੰ ਫੜੇ ਜਾਣ 'ਤੇ ਖੁਸ਼ ਵੀ ਹੈ, ਕਿਉਂਕਿ ਬੀਤੇ ਦਿਨੀਂ ਸੈਕਰਾਮੈਂਟੋਂ ਦੇ ਇਕ ਨਗਰ ਕੀਰਤਨ ਦੌਰਾਨ ਇਨ੍ਹਾਂ ਵਲੋਂ ਗੋਲੀਬਾਰੀ ਕਾਰਨ ਸਾਰੇ ਭਾਈਚਾਰੇ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤੇ ਨਗਰ ਕੀਰਤਨ ਵਿਚਾਲੇ ਹੀ ਬੰਦ ਕਰਨਾ ਪਿਆ ਸੀ। ਇਨ੍ਹਾਂ ਦੀਆਂ ਗ੍ਰਿਫਤਾਰੀਆਂ ਕਾਰਨ ਜਿਥੇ ਲਾਅ ਇਨਫੋਰਸਮੈਂਟ ਏਜੰਸੀਆਂ ਨੂੰ ਕੁਝ ਰਾਹਤ ਮਿਲੀ ਹੈ, ਉਥੇ ਹੁਣ ਭਾਈਚਾਰੇ ਨੂੰ ਵੀ ਸੁੱਖ ਦਾ ਸਾਹ ਆਵੇਗਾ।

ਸਫਾ 1 ਦਾ ਬਾਕੀ

## ਐੱਨ.ਆਰ.ਆਈ. ਪਿਓ-ਪੁੱਤ 'ਤੇ ਪੰਜਾਬ 'ਚ ਹੋਇਆ...

ਵਕਤ ਉਨ੍ਹਾਂ ਕੋਲ ਕੁੱਝ ਨਕਦੀ ਤੇ ਸਮਾਨ ਵੀ ਪਿਆ ਸੀ, ਜੋ ਕਿ ਉਨ੍ਹਾਂ ਹਮਲਾਵਰਾਂ ਨੇ ਖੋਹ ਲਿਆ ਹੈ। ਜ਼ਖਮੀ ਹਾਲਤ 'ਚ ਹਸਪਤਾਲ ਦਾਖਲ ਐੱਨ.ਆਰ.ਆਈ. ਬਰਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਚਾਚੇ ਦੇ ਮੁੰਡੇ ਨੇ 6-7 ਵਿਅਕਤੀਆਂ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਿਤਾ ਨੂੰ ਕਿਡਨੈਪ ਕਰਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜ਼ਮੀਨੀ ਵਿਵਾਦ ਚੱਲ ਰਿਹਾ ਸੀ, ਜਿਸ ਦਾ ਅਦਾਲਤੀ ਫੈਸਲਾ ਵੀ ਉਨ੍ਹਾਂ ਦੇ ਹੱਕ ਵਿਚ ਆਇਆ ਸੀ। ਹਮਲਾ ਕਰਨ ਵਾਲਿਆਂ 'ਚ ਉਨ੍ਹਾਂ ਦੇ ਚਾਚੇ ਦਾ ਮੁੰਡਾ ਜਤਿੰਦਰ ਸਿੰਘ, ਉਸ ਦੀ ਪਤਨੀ ਮਨਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਉਦੋਕੇ ਪਿੰਡ ਅਤੇ ਸੰਦੀਪ ਸਿੰਘ ਤੋਂ ਇਲਾਵਾ ਹੋਰ ਵੀ ਤਿੰਨ-ਚਾਰ ਅਣਪਛਾਤੇ ਵਿਅਕਤੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਕੁੱਟਮਾਰ ਦੌਰਾਨ ਹਮਲਾ ਕਰਨ ਵਾਲਿਆਂ ਨੇ ਉਨ੍ਹਾਂ ਦੀ ਘੜੀ, ਚੇਨੀ ਵੀ ਉਤਾਰ ਲਈ ਅਤੇ 2 ਲੱਖ 35 ਹਜ਼ਾਰ ਰੁਪਏ ਵੀ ਖੋਹ ਲਏ। ਬਰਜਿੰਦਰ ਸਿੰਘ ਨੇ ਦੱਸਿਆ ਹੈ ਕਿ ਉਹ ਅਮਰੀਕਾ ਦਾ ਵਸਨੀਕ ਹੈ। ਉਸ ਨੇ ਪੁਲਿਸ ਅਤੇ ਪ੍ਰਸ਼ਾਸਨ ਤੋਂ ਇਨਸਾਫ ਦੀ ਗੁਹਾਰ ਲਾਈ ਹੈ।

ਇਸ ਸੰਬੰਧੀ ਟਾਹਲੀ ਸਾਹਿਬ ਚੌਂਕੀ 'ਚ ਰਿਪੋਰਟ ਲਿਖਾਈ ਗਈ ਹੈ, ਜੋ ਕਿ ਪਿੰਡ ਮੱਤੇਵਾਲ ਦੇ ਅਧੀਨ ਪੈਂਦਾ ਹੈ। ਮੱਤੇਵਾਲ ਦੇ ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਮੀਨੀ ਵਿਵਾਦ ਕਾਰਨ ਐੱਨ.ਆਰ.ਆਈ. ਪਿਓ-ਪੁੱਤ ਦੀ ਕੁੱਟਮਾਰ ਹੋਈ ਹੈ। ਇਸ ਸੰਬੰਧੀ ਮੁਕੱਦਮਾ ਨੰਬਰ 14 ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ। ਬਰਜਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਜੇ ਉਸ ਨੂੰ ਇਨਸਾਫ ਨਾ ਮਿਲਿਆ, ਤਾਂ ਉਹ ਕਦੇ ਵੀ ਪੰਜਾਬ ਨਹੀਂ ਆਉਣਗੇ।

ਸਫਾ 1 ਦਾ ਬਾਕੀ

## ਜਲੰਧਰ ਜ਼ਿਮਨੀ ਚੋਣ; ਨਾਮਜ਼ਦਗੀਆਂ ਭਰਨ ਨਾਲ...

ਇਲਾਵਾ ਆਜ਼ਾਦ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ, ਜਦਕਿ ਕਾਂਗਰਸ ਦੇ ਕਰਮਜੀਤ ਕੌਰ ਚੌਧਰੀ ਅਤੇ ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਫਾਰਮ ਪਹਿਲਾਂ ਹੀ ਜਮ੍ਹਾਂ ਕਰਵਾਏ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਭਾਜਪਾ ਵਲੋਂ ਇੰਦਰ ਇਕਬਾਲ ਸਿੰਘ, ਅਕਾਲੀ-ਬਸਪਾ ਗੱਠਜੋੜ ਵਲੋਂ ਡਾ. ਸੁਖਵਿੰਦਰ ਕੁਮਾਰ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਗੁਰਜੰਟ ਸਿੰਘ ਤੋਂ ਇਲਾਵਾ ਆਜ਼ਾਦ ਉਮੀਦਵਾਰਾਂ ਗੁਲਸ਼ਨ ਕੁਮਾਰ, ਮਨਜੀਤ ਸਿੰਘ, ਤੀਰਥ ਸਿੰਘ, ਰੋਹਿਤ ਕੁਮਾਰ ਆਦਿ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਜਲੰਧਰ ਜ਼ਿਮਨੀ ਚੋਣ ਲਈ ਤਿੰਨ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾਣ ਬਾਅਦ ਚੋਣ ਅਖਾੜਾ ਪੂਰੀ ਤਰ੍ਹਾਂ ਮਘ ਗਿਆ ਹੈ।



**ਅਕਾਲੀ ਦਲ-ਬਸਪਾ ਗੱਠਜੋੜ ਦੇ ਉਮੀਦਵਾਰ ਸੁਖਵਿੰਦਰ ਸੁੱਖੀ ਵੱਲੋਂ ਨਾਮਜ਼ਦਗੀ ਪੱਤਰ ਭਰਨ ਮੌਕੇ ਹਾਜ਼ਰ ਆਗੂ।**


Global Allianz

LAW FIRM LLP


- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



KAMBOJ AYURVEDIC & HERBS


ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਘ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ




Kharati Kamboj
Ayurvedic Prescription

524 S. Clovis Ave, Fresno, CA 93727
559-341-9252

# ਅੰਗੂਰ ਖਾਓ ਤੇ ਅੰਗੂਰੀ ਦਾ ਮਜ਼ਾ ਲਵੋ

"ਹਰ ਉਮਰ ਦਾ ਪਸੰਦੀਦਾ ਫਲ ਅੰਗੂਰ ਅੰਦਰ ਮੌਜੂਦ ਵਿਟਾਮਿਨ-ਕੇ ਸਰੀਰ ਵਿਚ ਖੂਨ ਨੂੰ ਪਤਲਾ ਕਰਨ ਵਾਲੇ, ਜਿਵੇਂ ਕਿ ਵਾਰਫਰੀਨ (ਕੌਮਾਡਿਨ) ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖੂਨ ਨੂੰ ਪਤਲਾ ਕਰਨ ਵਾਲੀਆਂ ਦਵਾਈਆਂ ਲੈਣ ਵਾਲੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਅਗੂਰ ਤੇ ਅੰਗੂਰੀ ਦਾ ਇਸਤੇਮਾਲ ਕਰਨ"-ਅਨਿਲ ਧੀਰ

ਵਿਸ਼ਵ ਭਰ ਵਿਚ ਫਲ ਅੰਗੂਰ ਤੋਂ ਵਧੀਆ ਵਾਈਨ ਦੇ ਨਾਲ-ਨਾਲ ਅਤੇ ਫੂਡ ਤੇ ਫਾਰਮਾ ਇੰਡਸਟਰੀ ਵਿਚ, ਸਦੀਆਂ ਤੋਂ ਲਗਾਤਾਰ ਹੋ ਰਿਹਾ ਹੈ। ਕੌਸਮੈਟਿਕ ਪ੍ਰੋਡਕਟਸ ਵਿਚ ਅੰਗੂਰ ਬੀਜ ਦੇ ਤੇਲ ਅੰਦਰ ਟੋਕੋਫਰੋਲਜ਼ ਅਤੇ ਫਾਈਟੋਸਟ੍ਰੋਲਜ਼ ਤੇ ਪੋਲੀਨਸਟ੍ਰੈਟਿਡ ਫੈਟੀ ਐਸਿਡ ਮੌਜੂਦ ਹੋਣ ਕਰਕੇ ਵਰਤਿਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਹਰ ਸਾਲ 72 ਮਿਲੀਅਨ ਟਨ ਅੰਗੂਰ ਉਗਾਏ ਜਾ ਰਹੇ ਹਨ, ਜ਼ਿਆਦਾਤਰ ਵਾਈਨ ਬਣਾਉਣ ਲਈ ਹਰ ਸਾਲ 7.2 ਟ੍ਰਿਲੀਅਨ ਗੈਲਨ ਵਾਈਨ ਦਾ ਉਤਪਾਦਨ ਹੁੰਦਾ ਹੈ। ਅੰਗੂਰ ਦੀ ਕਾਸ਼ਤ ਨੇੜਲੇ ਪੂਰਬ ਵਿਚ 6 ਤੋਂ 8 ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ ਸੀ। ਸਭ ਤੋਂ ਪੁਰਾਣੀ ਵਾਈਨਰੀ ਲਗਭਗ 4000 ਬੀ.ਸੀ. 9ਵੀਂ ਸਦੀ ਤੋਂ ਸ਼ੀਰਾਜ਼ ਸ਼ਹਿਰ ਮੱਧ ਪੂਰਬ ਵਿਚ ਵਧੀਆ ਸ਼ਰਾਬ ਤਿਆਰ ਕਰਨ ਲਈ ਮਸ਼ਹੂਰ ਸੀ। ਸੀਰਾਹ ਰੈਡ ਵਾਈਨ ਦਾ ਨਾਮ ਪਰਸ ਦੇ ਇਕ ਸ਼ਹਿਰ ਸ਼ੀਰਾਜ਼ ਦੇ ਨਾਮ ਰੱਖਿਆ ਗਿਆ, ਜਿਥੇ ਅੰਗੂਰ ਨੂੰ ਸ਼ੀਰਾਜ਼ ਵਾਈਨ ਬਣਾਉਣ ਲਈ ਵਰਤਿਆ ਜਾਂਦਾ ਸੀ। 19ਵੀਂ ਸਦੀ ਵਿਚ ਮੈਸਾਚਿਉਸੇਟਸ ਦੇ ਕਨਕੋਰਡ ਦੇ ਇਫਰੈਮ ਬੁੱਲ ਨੇ ਕੋਕੋਰਡ ਅੰਗੂਰ ਬਣਾਉਣ ਲਈ ਜੰਗਲੀ ਵਿਟਿਸ ਲੈਬਰੁਸਕਾ ਦੀਆਂ ਬੇਲਾਂ ਬੀਜ ਦੀ ਕਾਸ਼ਤ ਕੀਤੀ, ਜੋ ਸੰਯੁਕਤ ਰਾਜ ਵਿਚ ਇੱਕ ਖਾਸ ਫਸਲ ਬਣ ਗਈ।



ਫਲ ਅੰਗੂਰ ਜੋ 15 ਤੋਂ 300 ਦੇ ਗਰੁੱਪ ਵਿਚ ਲਾਲ, ਹਰੇ, ਕਾਲੇ, ਨੀਲੇ, ਜਾਮਨੀ, ਪੀਲੇ, ਸੰਤਰੀ, ਗੁਲਾਬੀ ਰੰਗ ਦੇ ਉੱਗਾਏ ਜਾ ਰਹੇ ਹਨ। ਲਾਲ ਜਾਂ ਹਰੇ ਅੰਗੂਰ ਇੱਕ ਕੱਪ ਯਾਨਿ 150 ਗ੍ਰਾਮ ਵਿਚ ਮੌਜੂਦ ਪੌਸ਼ਟਿਕ ਤੱਤ- ਕੈਲੋਰੀਜ਼-104, ਕਾਰਬਸ-27.3 ਗ੍ਰਾਮ, ਪ੍ਰੋਟੀਨ-1.1 ਗ੍ਰਾਮ, ਚਰਬੀ-0.2 ਗ੍ਰਾਮ, ਫਾਈਬਰ-1.4 ਗ੍ਰਾਮ, ਵਿਟਾਮਿਨ ਸੀ-27%, ਵਿਟਾਮਿਨ ਕੇ-28%, ਥਿਆਮੀਨ-7%, ਰਿਬੋਫਲੇਬਿਨ-6%, ਵਿਟਾਮਿਨ ਬੀ:6 - 6%, ਪੋਟਾਸ਼ਿਅਮ-8%, ਕੋਪਰ-10%, ਮੈਂਗਨੀਜ਼-5% ਅਤੇ ਕੱਚੇ ਅੰਗੂਰ ਵਿਚ ਪਾਣੀ-81%, ਕਾਰਬੋਹਾਈਡ੍ਰੇਟ-18%, ਆਦਿ ਸਰੀਰ ਨੂੰ ਫਿਟ ਰੱਖਦੇ ਹਨ। ਰੇਸਵੇਰਾਟ੍ਰੋਲ, ਇੱਕ ਸਟਾਈਲਬੀਨ ਮਿਸ਼ਰਿਤ ਅੰਗੂਰ ਦੀਆਂ ਕਿਸਮਾਂ ਦੇ ਛੱਲਾਂ ਅਤੇ ਸੀਡਜ਼ ਵਿਚ ਪਾਇਆ ਜਾਂਦਾ ਹੈ। ਤਾਜ਼ੇ ਅੰਗੂਰ ਦੀ ਚਮੜੀ ਵਿਚ ਪ੍ਰਤੀ ਗ੍ਰਾਮ ਰੈਸਵੇਰਾਟ੍ਰੋਲ ਦੇ ਲਗਭਗ 50 ਤੋਂ 100 ਮਾਈਕ੍ਰੋਗ੍ਰਾਮ ਮੌਜੂਦ ਰਹਿੰਦੇ ਹਨ।


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




## ਤੰਦਰੁਸਤੀ ਲਈ ਅੰਗੂਰ

- ਦਿਲ ਦੀਆਂ ਬਿਮਾਰੀਆਂ ਵਿਚ ਅੰਗੂਰ ਅੰਦਰ ਮੌਜੂਦ ਪੌਲੀਫੇਨੌਲ ਕਾਰਡੀਓਵੈਸਕੁਲਰ ਰੋਗਾਂ ਨੂੰ ਕੰਟਰੋਲ ਕਰਨ ਵਿਚ ਮਦਦ ਕਰਦੇ ਹਨ। ਫ੍ਰੀ ਰੈਡੀਕਲਜ਼ ਵਧਾਉਣ ਤੋਂ ਇਲਾਵਾ ਐਂਟੀ-ਇਨਫਲੇਮੇਟਰੀ ਅਸਰ, ਐਂਟੀਪਲੇਟਲੇਟ ਅਤੇ ਐਂਡੋਥੈਲੀਅਲ ਫੰਕਸ਼ਨ ਹੁੰਦਾ ਹੈ।
- ਅੰਗੂਰ ਵਿਚ ਮੌਜੂਦ ਐਂਟੀਆਕਸੀਡੈਂਟ ਸਰੀਰ ਅੰਦਰ ਸੈੱਲ ਝਿੱਲੀ ਦੀ ਰੱਖਿਆ ਕਰਕੇ ਸੈਲੂਲਰ ਨੁਕਸਾਨ ਨੂੰ ਘੱਟ ਕਰਕੇ ਸਰੀਰ ਵਿਚ ਰਸਾਇਣਕ ਪ੍ਰਤੀਕ੍ਰਿਆਵਾਂ ਨੂੰ ਸੀਮਤ ਕਰਦਾ ਹੈ।
- ਖੱਟਾ-ਮਿੱਠਾ ਸੁਆਦਲਾ ਅੰਗੂਰ ਜ਼ਿਆਦਾ ਖਾਣ ਨਾਲ ਕੈਲੋਰੀ ਅਤੇ ਕਾਰਬਜ਼ ਵੱਧਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਅੰਗੂਰ ਵਿਚ ਕੁਦਰਤੀ ਚੀਨੀ ਮੋਟਾਪਾ ਵਧਾ ਰਹੀ ਹੈ।
- ਵੱਧ ਰਹੀ ਉਮਰ ਦੇ ਨਾਲ ਅੱਖਾਂ ਦੀ ਕਮਜ਼ੋਰੀ ਤੇ ਰੌਸ਼ਨੀ ਵਧਾਉਣ ਲਈ 1 ਕੱਪ ਗਾਜਰ ਅਤੇ ਅੰਗੂਰ ਦਾ ਤਾਜ਼ਾ ਜੂਸ ਸਵੇਰੇ ਜਾਗਦੇ ਹੀ ਪੀਓ। ਰੈਟੀਨਲ ਰੋਗ ਯਾਨਿ ਮੈਲੂਲਰ ਡੀਜਨਰੇਸ਼ਨ ਵਿਚ ਮਦਦ ਕਰ ਸਕਦਾ ਹੈ। ਇਹ ਜੂਸ ਰੈਟੀਨਾ ਦੀ ਕ੍ਰਿਆ ਠੀਕ ਰੱਖਦਾ ਹੈ।
- ਅੰਗੂਰ ਵਿਚ ਮੌਜੂਦ ਵਿਟਾਮਿਨ ਕੇ ਸਰੀਰ ਅੰਦਰ ਖੂਨ ਨੂੰ ਜਮਾਂ ਕਰਨ ਅਤੇ ਵਿਟਾਮਿਨ ਕੇ ਦੀ ਕਮੀ ਦੂਰ ਕਰਨ ਹੇਮਰੇਜ ਨਾ ਹੋਣ ਵਿਚ ਸਹਾਇਤਾ ਕਰਦਾ ਹੈ।
- ਕਬਜ਼ ਦੇ ਰੋਗੀ 1 ਕੱਪ ਤਾਜ਼ੇ ਅੰਗੂਰ ਸਵੇਰੇ-ਸ਼ਾਮ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਖਾਓ। ਅੰਗੂਰ ਅੰਦਰ ਮੌਜੂਦ ਘੁਲਣਸ਼ੀਲ ਫਾਈਬਰ ਕੋਲੋਸਟ੍ਰੋਲ ਘੱਟ ਕਰਕੇ ਸਟੂਲ ਦੀ ਕ੍ਰਿਆ ਦਰੁੱਸਤ ਕਰਦਾ ਹੈ।
- ਬਲੱਡ-ਪੈਸ਼ਰ ਦੇ ਰੋਗੀ ਕਿਸ਼ਮਿਸ਼ (ਡੀਹਾਈਡ੍ਰੇਟਡ ਅੰਗੂਰ) 8-10 ਦਾਨੇ ਪੂਰੀ ਰਾਤ ਪਾਣੀ ਵਿਚ ਭਿਗੋ ਕੇ ਰੱਖੋ। ਸਵੇਰੇ ਉਠੱਦੇ ਹੀ ਬਿਨਾ ਕੁੱਲਾ ਕੀਤੇ ਚੰਗੀ ਤਰ੍ਹਾਂ ਚਬਾ ਕੇ ਕਿਸ਼ਮਿਸ਼ ਵਾਲਾ ਪਾਣੀ ਪੀ ਲਓ। ਇਸ ਤੋਂ ਇਲਾਵਾ ਦਿਨ ਵਿਚ 5-6 ਦਾਨੇ ਸਵੇਰੇ, ਦੁਪਹਿਰ, ਸ਼ਾਮ ਚੂਸਦੇ ਰਹੋ।
- ਰੈਸਿਵੇਰਟ੍ਰੋਲ ਲ਼ਿੰਫ, ਜਿਗਰ, ਪੇਟ, ਛਾਤੀ, ਕੋਲਨ, ਚਮੜੀ ਦੇ ਵਿਕਾਸ ਨੂੰ ਘੱਟ ਕਰਨ ਵਿਚ ਮਦਦ ਕਰ ਸਕਦਾ ਹੈ। ਸਹੀ ਮਾਤਰਾ ਰੈਡ ਵਾਈਨ ਵਿਚ ਮੌਜੂਦ ਰੈਸਿਵੇਰਟ੍ਰੋਲ ਸਰੀਰ ਤੇ ਮਨ ਦੇ ਰੋਗਾਂ ਤੋਂ ਬਚਾਉਣ ਵਿਚ ਜ਼ਿਆਦਾ ਵਾਈਨ ਦੀ ਵਰਤੋਂ ਖਤਰਨਾਕ ਬਿਮਾਰੀਆਂ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਵੇਗੀ।

**ਨੋਟ :** ਸ਼ੁਗਰ, ਕੋਲੇਸਟ੍ਰੋਲ, ਮੋਟਾਪੇ ਦੇ ਸ਼ਿਕਾਰ ਤੇ ਗਰਭਵਤੀ ਔਰਤਾਂ, ਅੰਗੂਰ ਤੇ ਅੰਗੂਰੀ ਦੀ ਵਰਤੋਂ ਆਪਣੀ ਹੈਲਥ ਹਿਸਟਰੀ ਮੁਤਾਬਿਕ ਫੈਮਿਲੀ ਡਾਕਟਰ ਦੀ ਸਲਾਹ ਨਾਲ ਹੀ ਕਰਨ।


TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



www.takharfamilymedicine.com

EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਸ੍ਰੀ ਗੁਰੂ ਅੰਗਦ ਦੇਵ ਜੀ

## 21 ਅਪ੍ਰੈਲ ਪ੍ਰਕਾਸ਼ ਪੁਰਵ 'ਤੇ ਵਿਸ਼ੇਸ਼...



ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ. : 99141-84794
(Punjab Mail USA)



ਸ੍ਰੀ ਗੁਰੂ ਅੰਗਦ ਦੇਵ ਜੀ ਦਾ ਛੋਟੇ ਹੁੰਦਿਆਂ ਦਾ ਨਾਮ ਬਾਬਾ ਲਹਿਣਾ ਸੀ। ਇਨ੍ਹਾਂ ਦਾ ਜਨਮ ਨਾਗੇ ਦੀ ਸਰਾਂ (ਜੋ ਮੁਕਤਸਰ ਤੋਂ 6 ਕੁ ਕਿਲੋਮੀਟਰ ਪੂਰਬ ਵੱਲ ਹੈ) ਵਿਚ ਵੈਸਾਖ ਸੁਦੀ 1 ਸੰਮਤ 1561 ਮੁਤਾਬਕ 31 ਮਾਰਚ 1504 ਈ: ਨੂੰ ਮਾਤਾ ਸਭਰਾਈ ਅਤੇ ਪਿਤਾ ਬਾਬਾ ਫੈਰੂ ਮੱਲ ਦੇ ਘਰ ਹੋਇਆ। ਉਸ ਟਾਇਮ ਇਸ ਪਿੰਡ ਨੂੰ ਮੱਤੇ ਦੀ ਸਰਾਂ ਨਾਲ ਜਾਣਿਆ ਜਾਂਦਾ ਸੀ।

ਵਿਆਹ : ਬਾਬਾ ਲਹਿਣਾ ਜੀ ਦਾ ਵਿਆਹ 1519 ਈ: (ਸੰਮਤ 1576) ਨੂੰ 15 ਸਾਲ ਦੀ ਉਮਰ ਵਿਚ ਖੱਤ੍ਰੀ ਦੇਵੀ ਚੰਦ ਦੀ ਲੜਕੀ ਮਾਤਾ ਖੀਵੀ ਜੀ ਨਾਲ ਪਿੰਡ ਸੰਘਰ (ਨੇੜੇ ਖੰਡੂਰ ਸਾਹਿਬ) ਵਿਖੇ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਭਾਈ ਦਾਤੂ ਜੀ, ਭਾਈ ਦਾਸੂ ਜੀ ਅਤੇ ਦੋ ਧੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਨੇ ਜਨਮ ਲਿਆ।

ਜਦ ਬਾਬਾ ਲਹਿਣਾ ਸਿੰਘ ਜੀ ਦਾ ਜਨਮ ਹੋਇਆ, ਉਸ ਟਾਇਮ ਦਿੱਲੀ ਦੇ ਤਖ਼ਤ ਉੱਤੇ ਲੋਧੀ ਖ਼ਾਨਦਾਨ ਦਾ ਦੂਜਾ ਬਾਦਸ਼ਾਹ ਸਿਕੰਦਰ ਲੋਧੀ ਬੈਠਾ ਸੀ। 1517 ਈ: ਵਿਚ ਇਸ ਦਾ ਪੁੱਤਰ ਇਬਰਾਹੀਮ ਲੋਧੀ ਤਖ਼ਤ 'ਤੇ ਬੈਠਾ ਪਰ ਲੋਧੀਆਂ ਦੀ ਤਾਕਤ ਘੱਟ ਰਹੀ ਸੀ। ਚਾਰ ਚੁਫੇਰੇ ਬਗਾਵਤਾਂ ਹੋ ਰਹੀਆਂ ਸਨ। ਸੂਬੇਦਾਰਾਂ ਦੀ ਬਗਾਵਤ ਕਰਕੇ ਦੇਸ਼ ਵਿਚ ਬੇ ਅਮਨੀ ਬਹੁਤ ਵੱਧ ਗਈ ਸੀ। ਲੁੱਟਾਂ-ਮਾਰਾਂ ਬਹੁਤ ਵੱਧ ਗਈਆਂ ਸਨ। ਇਸ ਤਰ੍ਹਾਂ ਮੱਤੇ ਦੀ ਸਰਾਂ ਉੱਜੜ ਗਈ। ਬਾਬਾ ਫੈਰੂ ਜੀ ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ਖੰਡੂਰ (ਤਰਨਤਾਰਨ) ਜਾ ਟਿਕੇ। ਖੰਡੂਰ ਵਿਖੇ ਬਾਬਾ ਲਹਿਣਾ ਜੀ ਦੀ ਭੂਆ ਵਿਆਹੀ ਹੋਈ ਸੀ। ਇਨ੍ਹਾਂ ਦਾ ਰਿਸ਼ਤਾ ਭੂਆ ਰਾਹੀਂ ਹੀ ਹੋਇਆ ਸੀ। ਫੈਰੂ ਜੀ ਨੇ ਇੱਥੇ ਪਰਚੂਨ ਦੀ ਹੱਟੀ ਕਰ ਲਈ ਸੀ। ਇਹ ਜ਼ਿਕਰ 1524 ਈ: ਦਾ ਹੈ, ਉਸ ਟਾਇਮ ਭਾਈ ਲਹਿਣਾ ਜੀ ਦੀ ਉਮਰ 20 ਸਾਲ ਦੀ ਸੀ।

### ਭਾਈ ਜੋਧ ਜੀ ਨਾਲ ਮਿਲਾਪ:

1532 ਈ: (ਸੰਮਤ 1589) ਨੂੰ ਅਚਾਨਕ ਸ੍ਰੀ ਗੁਰੂ ਨਾਨਕ ਜੀ ਦੇ ਪਰਮ ਪਿਆਰੇ ਸੇਵਕ ਭਾਈ ਜੋਧ ਜੀ ਤੋਂ ਬਾਬਾ ਲਹਿਣਾ ਜੀ ਨੇ ਆਸਾਂ ਦੀ ਵਾਰ ਦੀ ਪਾਉੜੀ ਸੁਣੀ:

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ॥ 21॥
(ਆਸਾ ਕੀਵਾਰ ਅੰਗ 474)

ਬਾਣੀ ਦੀ ਮਨ ਨੂੰ ਅਜਿਹੀ ਖਿੱਚ ਪਈ ਕਿ ਭਾਈ ਯੋਧ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਤਾ ਪੁੱਛ ਕੇ ਆਪਣੇ ਮਨ ਵਿਚ ਫੈਸਲਾ ਕੀਤਾ ਕਿ ਐਤਕੀਂ ਜੰਮੂ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਜਾਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਜ਼ਰੂਰ ਕਰ ਕੇ ਜਾਣਾ ਹੈ।

### ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ

1532 ਈ: ਅਕਤੂਬਰ-ਨਵੰਬਰ ਵਿਚ ਮਾਤਾ ਦੇ ਦਰਸ਼ਨਾਂ ਨੂੰ ਜਾਂਦਿਆਂ ਬਾਬਾ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਦਿਲ ਨੂੰ ਅਜਿਹੀ ਖਿੱਚ ਪਈ ਕਿ ਜਾਂਦੇ-ਜਾਂਦੇ ਉੱਥੇ ਹੀ ਰਹਿ ਪਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਇਨਸਾਨੀ ਪਿਆਰ ਦੇ ਨਵੇਂ ਸਾਂਚੇ ਵਿਚ ਢਾਲਣਾ ਸ਼ੁਰੂ ਕਰ ਦਿੱਤਾ। 1532 ਤੋਂ 1539 ਤੱਕ 7 ਸਾਲ ਤੱਕ ਬਾਬਾ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦੀਆਂ ਕਈ ਪ੍ਰਖਿਆਵਾਂ ਲਈਆਂ ਪਰ ਆਪ ਪ੍ਰਖਿਆਵਾਂ ਵਿਚੋਂ ਪਾਸ ਹੁੰਦੇ ਰਹੇ। ਫਿਰ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਗੱਲ ਨਾਲ ਲਾ ਕੇ ਆਖਿਆ ਤੇਰੇ ਮੇਰੇ ਵਿਚ ਕੋਈ ਵਿੱਥ ਨਹੀਂ ਰਹੀ। ਮੈਂ ਗਰੀਬਾਂ ਦੀ ਨੀਚਾਂ ਦੀ ਬਾਂਹ ਫੜਨ ਆਇਆ ਸੀ, ਤੂੰ ਵੀ ਉਸ ਨਿਸ਼ਾਨੇ ਉਤੇ ਆ ਉਪੜਿਆਂ, ਤੂੰ ਮੇਰਾ ਅੰਗ ਏ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦਾ ਨਾਮ ਅੰਗਦ ਧਰ ਦਿੱਤਾ। ਨਾਮ ਵੀ ਤਬਦੀਲ ਕਰ ਦਿੱਤਾ, ਜੀਵਨ ਵੀ ਤਬਦੀਲ ਕਰ ਦਿੱਤਾ।

### ਗੁਰਆਈ ਗੱਦੀ ਮਿਲਣਾ

2 ਅੱਸੂ ਸੰਮਤ 1596 ਅੱਸੂ ਵਦੀ 5 ਮੁਤਾਬਿਕ 2 ਸਤੰਬਰ, 1539 ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਬਣਾ ਕੇ ਆਪਣੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਆਪ ਅੱਸੂ ਵਦੀ 10 (7 ਅੱਸੂ ਸੰਮਤ 1596) 7 ਸਤੰਬਰ 1539 ਈ: ਨੂੰ ਜੋਤੀ ਜੋਤ ਸਮਾਏ। ਉਸ ਟਾਇਮ ਗੁਰੂ ਅੰਗਦ ਦੇਵ ਜੀ ਦੀ ਉਮਰ ਸਾਢੇ ਪੈਂਤੀ ਸਾਲ ਸੀ। ਗੁਰੂ ਬਣਾਉਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਆਪਣੀ ਉਹ ਕਿਤਾਬ ਵੀ ਦਿੱਤੀ, ਜਿਸ ਵਿਚ ਉਨ੍ਹਾਂ ਆਪਣੀ ਸਾਰੀ ਬਾਣੀ ਲਿਖ ਕੇ ਰੱਖੀ ਹੋਈ ਸੀ ਅਤੇ ਬਾਬਾ ਫ਼ਰੀਦ, ਭਗਤ ਨਾਮ ਦੇਵ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਆਦਿ ਸਾਰੇ ਭਗਤਾਂ ਦੀ ਬਾਣੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ, ਤਾਂ ਕਾਜ਼ੀਆਂ ਨੇ ਵੀ ਇਸ ਕਿਤਾਬ ਬਾਰੇ ਆਖਿਆ ਸੀ। ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਏ ਦੱਸੋ, ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਸ ਸਾਰੀ ਬਾਣੀ ਨੂੰ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਾਣੀ ਵਿਚ ਸਲੋਕ ਹੀ ਹਨ, ਜਿਨ੍ਹਾਂ ਦੀ ਗਿਣਤੀ 63 ਹੈ। ਤਕਰੀਬਨ 13 ਸਾਲ ਗੁਰੂ ਗੱਦੀ 'ਤੇ ਬਿਰਾਜਮਾਨ ਰਹਿ ਕੇ 48 ਸਾਲ ਦੀ ਉਮਰ ਵਿਚ 29 ਮਾਰਚ 1552 ਨੂੰ ਜੋਤੀ ਜੋਤ ਸਮਾ ਗਏ। ਅੰਤਿਮ ਸਮੇਂ ਆਪਣੇ ਅਨਿੰਨ ਸੇਵਕ (ਗੁਰੂ) ਅਮਰ ਦਾਸ ਜੀ ਨੂੰ ਤੀਸਰੇ ਗੁਰੂ ਥਾਪ ਗਏ।

Do you know how to plan & secure your finances?
Book your free consultations for
- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy

Harsimran Bajwa
Lic# 4267166
Call/Text: (916) 479-4783
Email: bajwahgi@gmail.com



Let's do the needful to secure our life and our family's future!



# ਸੁਰਜੀਤ ਦਾ ਕਾਵਿ ਸੰਗ੍ਰਹਿ 'ਤੇਰੀ ਰੰਗਸ਼ਾਲਾ' ਭਾਵਨਾਵਾਂ ਅਤੇ ਕੁਦਰਤ ਦੇ ਰਹੱਸਾਂ ਦੀ ਕਵਿਤਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)





ਸੁਰਜੀਤ ਪੰਜਾਬੀ ਕਾਵਿ ਜਗਤ ਵਿਚ ਸਥਾਪਤ ਕਵਿੱਤਰੀ ਹੈ। ਉਸ ਦੀਆਂ ਹੁਣ ਤੱਕ 9 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਚਾਰ ਕਾਵਿ ਸੰਗ੍ਰਹਿ 'ਸ਼ਿਕਸਤ', 'ਹੇ ਸਖ਼ੀ' (ਲੰਮੀ ਕਵਿਤਾ) 'ਵਿਸਮਾਦ' ਅਤੇ 'ਲਵੈਂਡਰ (ਸੰਪਾਦਿਤ)', ਇਕ ਕਹਾਣੀ ਸੰਗ੍ਰਹਿ 'ਪਾਰਲੇ-ਪੁਲ', ਇਕ ਸਾਹਿਤ ਸਮੀਖਿਆ 'ਪਰਵਾਸੀ ਪੰਜਾਬੀ ਸਾਹਿਤ (ਸ਼ਬਦ ਤੇ ਸੰਵਾਦ)' ਅਤੇ ਦੋ ਸੰਪਾਦਿਤ ਪੁਸਤਕ 'ਕੂੰਜਾਂ' ਅਤੇ 'ਧਰਤ ਪਰਾਈ ਆਪਣੇ ਲੋਕ' ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। 'ਸ਼ਿਕਸਤ' ਕਾਵਿ ਸੰਗ੍ਰਹਿ ਸ਼ਾਹਮੁਖੀ ਵਿਚ ਵੀ ਪ੍ਰਕਾਸ਼ਤ ਹੋਇਆ ਹੈ। ਚਰਚਾ ਅਧੀਨ ਕਾਵਿ ਸੰਗ੍ਰਹਿ 'ਤੇਰੀ ਰੰਗਸ਼ਾਲਾ' ਉਸ ਦੀ 10ਵੀਂ ਪੁਸਤਕ ਹੈ। ਸੁਰਜੀਤ ਦਾ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੈ, ਉਸ ਨੇ ਸੰਸਾਰ ਦੇ ਕਈ ਦੇਸ਼ਾਂ ਦੀ ਯਾਤਰਾ ਕਰਦਿਆਂ ਜ਼ਿੰਦਗੀ ਦੇ ਕਈ ਰੰਗ ਵੇਖੇ ਅਤੇ ਮਾਣੇ ਹਨ। ਇਸ ਕਰਕੇ ਉਸ ਦੇ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਦੇ ਰੰਗ ਵੀ ਵੰਨ-ਸਵੰਨੇ ਹਨ। ਇਸ ਪੁਸਤਕ ਦੀਆਂ ਕਵਿਤਾਵਾਂ ਕੁਦਰਤ ਅਤੇ ਇਸ ਦੇ ਅਨੇਕਾਂ ਰਹੱਸਾਂ ਨੂੰ ਸਮਝਣ ਵਾਲੀਆਂ ਅਤੇ ਜ਼ਿੰਦਗੀ ਜਿਓਣ ਅਤੇ ਇਸ ਨੂੰ ਮਾਨਣ ਦੀ ਉਮੀਦ ਜਗਾਉਂਦੀਆਂ ਹਨ। ਇਹ ਕਵਿਤਾਵਾਂ ਗ਼ਰੀਬਾਂ-ਮਜ਼ਦੂਰਾਂ ਅਤੇ ਜੱਦੋ-ਜਹਿਦ ਕਰਨ ਵਾਲੇ ਹੋਰ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹਨ। ਉਸ ਦੀਆਂ ਲਗਪਗ ਸਾਰੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਕਈ ਵਾਰ ਕਵੀ/ਕਵਿੱਤਰੀ ਜਦੋਂ ਕਵਿਤਾ ਲਿਖਦੀ ਹੈ, ਤਾਂ ਉਸ ਨੂੰ ਆਪ ਵੀ ਪਤਾ ਨਹੀਂ ਹੁੰਦਾ ਕਿ ਉਹ ਕਿਸ ਮੰਤਵ ਲਈ ਅਤੇ ਕਿਉਂ ਕਵਿਤਾ ਲਿਖ ਰਹੀ ਹੈ। ਇਸ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ ਆਦਿਕਾ ਦੇ ਰੂਪ ਵਿਚ 'ਤੇਰੀ ਰੰਗਸ਼ਾਲਾ' ਇਕ ਕਿਸਮ ਨਾਲ ਜ਼ਿੰਦਗੀ ਦਾ ਨਚੋੜ ਹੈ, ਜਿਸ ਵਿਚ ਕਵਿੱਤਰੀ ਦੱਸਦੀ ਹੈ ਕਿ ਇਨਸਾਨ ਸੰਸਾਰ ਰੂਪੀ ਭਵਸਾਗਰ ਵਿਚ ਵਿਚਰਦਿਆਂ ਆਨੰਦ ਮਾਣਦਾ ਹੈ ਪ੍ਰੰਤੂ ਅਸਲ ਵਿਚ ਉਹ ਇੱਛਾਵਾਂ ਦੀ ਪੂਰਤੀ ਅਤੇ ਪ੍ਰਾਪਤੀਆਂ ਲਈ ਕਾਗਤ ਦੀ ਬੇੜੀ ਭਾਵ ਖ਼ਿਆਲੀ ਪਲਾਓ ਬਣਾਉਂਦਾ ਹੋਇਆ ਜੱਦੋ-ਜਹਿਦ ਕਰਦਾ ਰਹਿੰਦਾ ਹੈ। ਉਸ ਦੀਆਂ ਕਵਿਤਾਵਾਂ ਇਹ ਵੀ ਦੱਸਦੀਆਂ ਹਨ ਕਿ ਸਰੀਰ ਅਤੇ ਚੇਤਨਾ ਆਪੋ-ਆਪਣੇ ਕਾਰਜ ਕਰਦੇ ਰਹਿੰਦੇ ਹਨ, ਸਰੀਰ ਤੇ ਚੇਤਨਾ ਕਦੀਂ ਵੀ ਇਕ ਥਾਂ ਨਹੀਂ ਹੁੰਦੇ। ਇਨਸਾਨ ਖਿਆਲੀ ਦੁਨੀਆਂ ਵਿਚ ਸਕੀਮਾਂ ਬਣਾਉਂਦਾ ਭੁਲੇਖਿਆਂ ਵਿਚ ਉਲਝਿਆ ਰਹਿੰਦਾ ਹੈ। ਇਹ ਮਨ ਦੀ ਭਟਕਣਾ ਉਸ ਦੀਆਂ ਕਵਿਤਾਵਾਂ ਦਾ ਸ਼ਿੰਗਾਰ ਹੈ। ਮਨੁੱਖ ਆਪਣੇ ਅੰਤਹਕਰਨ ਦੀ ਨਾ ਤਾਂ ਆਵਾਜ਼ ਸੁਣਦਾ ਹੈ ਅਤੇ ਨਾ ਹੀ ਆਪਣੇ ਅੰਦਰ ਝਾਤੀ ਮਾਰਦਾ ਹੈ। ਅਜਿਹੀਆਂ ਲਗਪਗ ਅੱਧੀ ਦਰਜਨ ਕਵਿਤਾਵਾਂ ਆਪੇ ਨੂੰ ਪਛਾਨਣ ਸੰਬੰਧੀ ਹਨ। ਸੁਰਜੀਤ ਦੀਆਂ ਕਵਿਤਾਵਾਂ ਬੰਧਨਾ ਵਿਚ ਬੱਝਕੇ ਕੇ ਵਹਿਮਾਂ-ਭਰਮਾਂ ਵਿਚ ਪੈਣ ਨਹੀਂ ਦਿੰਦੀਆਂ। 'ਕੁੜੀ ਤੇ ਕਵਿਤਾ' ਦਰਸਾਉਂਦੀ ਹੈ ਕਿ ਜਿਵੇਂ ਕੁੜੀ ਆਪਣੀ ਦਿੱਖ ਨੂੰ ਬਣਾ ਸਵਾਰਕੇ ਰੱਖਦੀ ਹੈ, ਉਸੇ ਤਰ੍ਹਾਂ ਕਵਿਤਾ ਇਨਸਾਨ ਦੀ ਜ਼ਿੰਦਗੀ ਨੂੰ ਨਿਹਾਰਦੀ ਹੈ। ਸੁਰਜੀਤ ਕਵਿਤਾਵਾਂ ਰਾਹੀਂ ਸਮਾਜ, ਕੁਦਰਤ ਅਤੇ ਕੁਦਰਤ ਦੀ ਕਾਇਨਾਤ ਨਾਲ ਸੰਵਾਦ ਕਰਦੀ ਹੈ। ਜਦੋਂ ਇਸ ਕਾਇਨਾਤ ਵਿਚ ਪੰਛੀ, ਪੰਖੇਰੂ ਆਨੰਦ ਮਾਣ ਸਕਦੇ ਹਨ, ਤਾਂ ਇਨਸਾਨ ਕਿਉਂ ਉਦਾਸੀ ਦੇ ਆਲਮ ਵਿਚ ਹੈ? ਇਨਸਾਨ ਨੂੰ ਪੰਛੀਆਂ ਤੋਂ ਸਿੱਖਿਆ ਲੈਣੀ ਬਣਦੀ ਹੈ। ਜਿਵੇਂ ਆਪਣੀ ਪਸੰਦ ਦੀ ਚਾਹ ਦੀ ਘੁੱਟ ਸਕੂਨ ਦਿੰਦੀ ਹੈ, ਉਸੇ ਤਰ੍ਹਾਂ ਆਪਣੀਆਂ ਸ਼ਰਤਾਂ 'ਤੇ ਜੀਵਿਆ ਜੀਵਨ ਅਤੇ ਫਿਰ ਮਾਣਿਆਂ ਆਨੰਦ/ਸਕੂਨ ਦਿੰਦਾ ਹੈ। ਜਿਵੇਂ 'ਕੁਕਨੂਸ' ਹਰ ਰੋਜ਼ ਮਰਦੀ ਤੇ ਫਿਰ ਰਾਖ 'ਚੋਂ ਉਠ ਖੜ੍ਹਦੀ ਅਤੇ ਆਪਣੇ ਜੀਵਨ ਨੂੰ ਬਾਖ਼ੂਬੀ ਮਾਣਦੀ, ਹਰ ਰੋਜ਼ ਉਸ ਲਈ ਨਵਾਂ ਦਿਨ ਨਵੀਂ ਊਰਜਾ ਲੈ ਕੇ ਆਉਂਦਾ, ਇਸ ਪ੍ਰਕਾਰ ਇਨਸਾਨ ਨੂੰ ਵੀ ਉਸੇ ਤਰਜ 'ਤੇ ਆਪਣਾ ਜੀਵਨ ਜਿਊਣਾ ਚਾਹੀਦਾ ਹੈ। ਸੁਰਜੀਤ ਦਾ ਸਾਹਿਤਕ ਸੁਭਾਅ ਸਮਾਜਿਕ ਜ਼ਿੰਦਗੀ ਵਿਚ ਸੋਸ਼ਲ ਮੀਡੀਆ ਦੀ ਗ਼ੁਲਾਮੀ ਤੋਂ ਖ਼ਫ਼ਾ ਹੈ ਕਿਉਂਕਿ ਘਰਾਂ ਤੇ ਪਰਿਵਾਰਾਂ ਵਿਚ ਦੁੱਖ-ਸੁੱਖ ਸਾਂਝੇ ਕਰਨ ਦਾ ਵਕਤ ਨਹੀਂ, ਇਸ ਕਰਕੇ ਘਰਾਂ ਵਿਚ ਸਭ ਸੁੱਖ-ਸਹੂਲਤਾਂ ਦੇ ਹੁੰਦਿਆਂ-ਸੁੰਦਿਆਂ ਖਾਮੋਸ਼ੀ ਦਾ ਪਰਵਾਹ ਹੈ। ਸੋਸ਼ਲ ਮੀਡੀਆ ਦੀ ਵਰਤੋਂ ਮਾਨਸਿਕ ਬਿਮਾਰੀ ਹੈ। ਉਸ ਦੀਆਂ ਕਵਿਤਾਵਾਂ ਔਰਤ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀਆਂ ਹਨ ਕਿਉਂਕਿ ਸਮਾਜ ਔਰਤ ਦੀ ਤਰੱਕੀ ਨੂੰ ਵੀ ਬਰਦਾਸ਼ਤ ਨਹੀਂ ਕਰਦਾ। ਉਸ ਬਾਰੇ ਊਲ-ਜਲੂਲ ਗੱਲਾਂ ਕਰਦਾ ਹੈ। ਕਵਿੱਤਰੀ ਲੜਕੀਆਂ ਨੂੰ ਸਲਾਹ ਵੀ ਦਿੰਦੀ ਹੈ ਕਿ ਉਹ ਦਲੇਰੀ ਨਾਲ ਹਰ ਮੁਸ਼ਕਲ ਦਾ ਮੁਕਾਬਲਾ ਕਰਦੀਆਂ ਹੋਈਆਂ ਜ਼ਿੰਦਗੀ ਨੂੰ ਮਾਨਣ ਦੀ ਕੋਸ਼ਿਸ਼ ਕਰਨ, ਸੜ ਕੇ ਮਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ। ਔਰਤ ਨੂੰ ਜਿਸਮ ਦੀ ਖੇਡ ਖੇਡਣ ਵਾਲਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਔਰਤ ਪੁਲਾੜ 'ਤੇ ਜਾ ਸਕਦੀ ਹੈ, ਜੰਗਾਂ ਲੜ ਸਕਦੀ ਹੈ, ਇਥੋਂ ਤੱਕ ਕਿ ਤਵਾਰੀਖ ਬਦਲ ਸਕਦੀ ਹੈ। ਫਿਰ ਵੀ ਔਰਤ ਨੂੰ ਜ਼ਿੰਦਗੀ ਭਰ ਇਮਤਿਹਾਨਾਂ ਵਿਚੋਂ ਕਿਉਂ ਲੰਘਣਾ ਪੈਂਦਾ ਹੈ? ਔਰਤ ਬਾਰੇ ਮਰਦਾਂ ਨੂੰ ਸਲਾਹ ਦਿੰਦੀ ਹੋਈ 'ਤੁਰਨਾ ਅਸਾਂ, ਹੁਣ ਨਾਲ ਨਾਲ' ਕਵਿਤਾ ਵਿਚ ਲਿਖਦੀ ਹੈ:-

ਤੂੰ ਔਰਤ ਨੂੰ ਘੁੰਗਰੂ ਪੁਆ ਨਚਾਉਣਾ ਛੱਡ ਦੇ,
ਹੁਣ ਉਸਦੀ ਦੇਹ ਨੂੰ ਨੰਗਾ ਦਿਖਾਉਣਾ ਛੱਡ ਦੇ।
ਛੇੜ-ਛਾੜ ਵਾਲਾ ਕੰਮ ਹੈ ਘਿਨਾਉਣਾ, ਛੱਡ ਦੇ,
ਇੱਜ਼ਤਾਂ ਰੋਲ਼ ਕੰਜਕਾਂ ਨੂੰ ਇਉਂ ਰੁਆਉਣਾ ਛੱਡ ਦੇ।

ਕਵਿੱਤਰੀ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਹੋਈ ਉਨ੍ਹਾਂ ਨੂੰ ਕਵਿਤਾ ਦਾ ਰੂਪ ਦਿੰਦੀ ਹੈ। ਉਹ ਮਰਦ ਅਤੇ ਔਰਤ ਨੂੰ ਇਕ ਦੂਜੇ ਦੇ ਪੂਰਕ ਸਮਝਦੀ ਹੈ। ਅੰਤਰਰਾਸ਼ਟਰੀ ਵਿਦਿਆਰਥਣਾਂ ਦੇ ਦਰਦ ਨੂੰ ਮਹਿਸੂਸ ਕਰਨ ਵਾਲੀਆਂ ਕਵਿਤਾਵਾਂ ਵੀ ਇਸ ਕਾਵਿ ਸੰਗ੍ਰਹਿ ਦਾ ਹਿੱਸਾ ਹਨ। ਪਰਵਾਸ ਵਿਚ ਨਫ਼ਰਤ ਦੀ ਰਾਜਨੀਤੀ ਹੋ ਰਹੀ ਹੈ। ਪਰਵਾਸ ਵਿਚ ਜਾਣ 'ਤੇ ਪੰਜਾਬ ਦੇ ਪਿੰਡਾਂ ਵਿਚ ਘਰਾਂ ਦੀ ਬੈਰਾਨਗੀ ਦੀ ਹੂਕ ਵੀ ਮਿਲਦੀ ਹੈ। ਲੋਕ ਹਰ ਸੁੱਖ ਦਾ ਆਨੰਦ ਮਾਣਦੇ ਹੋਏ ਵੀ ਭਟਕਦੇ ਰਹਿੰਦੇ ਹਨ। ਸਮੁੰਦਰਾਂ ਦੀਆਂ ਲਹਿਰਾਂ ਲੋਕਾਈ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਪ੍ਰੰਤੂ ਸੰਤੁਸ਼ਟੀ ਫਿਰ ਵੀ ਨਹੀਂ ਮਿਲਦੀ। ਇਨਸਾਨ ਦੇ ਅੰਦਰ ਹੀ ਸਭ ਕੁਝ ਹੈ, ਬਾਹਰ ਭਟਕਣ ਦੀ ਲੋੜ ਨਹੀਂ। ਇਸ ਲਈ ਇਨਸਾਨ ਨੂੰ ਆਪਣੀ ਪਛਾਣ ਕਰ ਲੈਣੀ ਚਾਹੀਦੀ ਹੈ। ਪ੍ਰਮਾਤਮਾ ਨੇ ਇਨਸਾਨ ਨੂੰ ਚਾਨਣ ਦੀ ਲੋਅ ਲੱਭਕੇ ਵਰਤਣ ਲਈ ਭੇਜਿਆ ਹੈ। ਇਨਸਾਨ ਲੋਅ ਦੀ ਭਾਲ ਉਦਾਸੀਆਂ ਕਰਕੇ ਜੰਗਲਾਂ ਵਿਚ ਲੱਭਦਾ ਹੈ। ਇਹ ਲੋਅ ਸਾਡੇ ਅੰਦਰ ਹੈ ਪ੍ਰੰਤੂ ਅਸੀਂ ਮੱਥੇ 'ਚੋਂ ਸੂਰਜ ਉਗਮਦਾ ਭਾਲਦੇ ਹਾਂ, ਇਸ ਲੋਅ ਦੀ ਵਰਤੋਂ ਨਫਰਤ ਫੈਲਾਉਣ ਲਈ ਕਰ ਰਹੇ ਹਾਂ। ਇਹ ਕਾਇਨਾਤ ਜੰਗਲ, ਬੇਲੇ, ਧਰਤ, ਅਸਮਾਨ ਵਿਸ਼ਾਲ ਅਤੇ ਅਨੰਤ ਹਨ, ਜੋ ਇਕ ਨਿਯਮਤ ਕਾਨੂੰਨ ਅਨੁਸਾਰ ਚਲਦੀ ਹੈ। ਇਸ ਨੂੰ ਸਮਝਣ ਨਾਲ ਸੰਪੂਰਨਤਾ ਪ੍ਰਾਪਤ ਹੁੰਦੀ ਹੈ। ਜ਼ਿੰਦਗੀ ਵਿਚ ਅਨੇਕਾਂ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ ਪ੍ਰੰਤੂ ਲੋਕਾਈ ਨੂੰ ਅਡੋਲ ਰਹਿਣਾ ਚਾਹੀਦਾ ਹੈ। ਪਰਵਾਸ ਵਿਚ ਧਾਰਮਿਕ ਕੱਟੜਤਾ ਕਰਕੇ ਮਾਸੂਮ ਬੱਚਿਆਂ ਨਾਲ ਹੋਈਆਂ ਜ਼ਾਲਮਾਨਾ ਹਰਕਤਾਂ ਕਵਿੱਤਰੀ ਦੇ ਸੋਹਲ ਮਨ ਨੂੰ ਵਲੂੰਧਰਦੀਆਂ ਹਨ। ਧਾਰਮਿਕ ਕੱਟੜਤਾ ਸਕੂਲ ਵਿਚ ਹੋਈ ਤ੍ਰਾਸਦੀ ਨੂੰ ਕਾਵਿ ਰੂਪ ਦੇਣ ਲਈ ਮਜਬੂਰ ਕਰਦੀ ਹੈ। ਉਸ ਦੀ ਕਵਿਤਾ ਇਹ ਵੀ ਯਾਦ ਕਰਾਉਂਦੀ ਹੈ ਕਿ ਸਾਡੀ ਵਿਰਾਸਤ ਗੁਰੂਆਂ ਦੀ ਵਿਚਾਰਧਾਰਾ ਹੈ ਪ੍ਰੰਤੂ ਅਸੀਂ ਉਸ ਤੋਂ ਬੇਮੁੱਖ ਹੋਏ ਬੈਠੇ ਹਾਂ। ਵਿਚਾਰਧਾਰਾ ਦੇ ਚਾਨਣ ਦੇ ਹੁੰਦਿਆਂ ਹਨ੍ਹੇਰੇ ਵਿਚ ਹੱਥ ਮਾਰ ਰਹੇ ਹਾਂ। ਸਦੀਆਂ ਤੋਂ ਮਨੁੱਖ ਹੀ ਮਨੁੱਖਤਾ ਦਾ ਘਾਣ ਕਰਦਾ ਆ ਰਿਹਾ ਹੈ। ਸੀਰੀਆ ਵਿਚ ਹੋਏ ਨਰਸੰਘਾਰ ਨੇ ਵੀ ਕਵਿੱਤਰੀ ਨੂੰ ਪ੍ਰਭਾਵਤ ਕੀਤਾ ਹੈ। ਉਹ ਇਹ ਵੀ ਲਿਖਦੀ ਹੈ ਕਿ ਲੋਕ ਵਾਅਦੇ ਕਰਦੇ ਹਨ, ਜੋ ਕਦੇ ਵਫ਼ਾ ਨਹੀਂ ਹੁੰਦੇ। ਚੁੱਪ/ਖ਼ਾਮੋਸ਼ੀ ਬਾਰੇ ਵੀ ਕਵਿੱਤਰੀ ਨੇ ਕੁਝ ਕਵਿਤਾਵਾਂ ਲਿਖੀਆਂ ਹਨ। 'ਆਦਮ ਤੇ ਹਵਾ ਦਾ ਸੰਵਾਦ' ਸਿੰਬਾਲਿਕ ਕਵਿਤਾ ਹੈ, ਜਿਸ ਵਿਚ ਆਦਮ ਅਤੇ ਹਵਾ ਦਾ ਸੰਵਾਦ ਵਿਖਾਇਆ ਹੈ, ਅਸਲ ਵਿਚ ਇਹ ਸੰਵਾਦ ਇਨਸਾਨ ਦੀ ਆਪਸੀ ਵਿਚਾਰ ਚਰਚਾ ਹੈ। 'ਆਪਣਾ ਆਪਣਾ ਹੱਕ' ਕਵਿਤਾ ਵਿਚ ਇਨਸਾਨ ਨੂੰ ਆਪਣੇ ਹੱਕਾਂ ਦੀ ਗੱਲ ਕਰਦਿਆਂ ਜਾਨਵਰਾਂ ਦੇ ਹੱਕਾਂ ਦਾ ਵੀ ਧਿਆਨ ਰੱਖਣ ਦੀ ਤਾਕੀਦ ਹੈ। ਕਵਿੱਤਰੀ ਮਾਪਿਆਂ ਦੀ ਅਣਗਹਿਲੀ ਬਾਰੇ ਚਿੰਤਾ ਜ਼ਾਹਰ ਕਰਦੀ ਹੈ। ਲੋਕਾਂ ਵਿਚ ਝੂਠ ਦਾ ਬੋਲਬਾਲਾ ਹੈ। ਆਧੁਨਿਕਤਾ ਦੇ ਆਉਣ ਨਾਲ ਵਿਰਾਸਤੀ ਵਸਤਾਂ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ। ਚਮਚਾਗਿਰੀ ਭਾਰੂ ਹੈ। 'ਸੰਕਟ ਕਾਲ ਦੀ ਕਵਿਤਾ' ਵਿਚ ਕਵਿੱਤਰੀ ਨੇ ਦੱਸਿਆ ਹੈ ਕਿ ਵਿਕਸਤ ਸਮੇਂ ਵਿਚ ਟੈਕਸ ਭਰਨ, ਭੀਖ ਮੰਗਣ ਅਤੇ ਬੇਹੋਸ਼ੀ ਦੀ ਸਪਰੇਅ ਕਰਕੇ ਠੱਗੀ ਮਾਰਨ ਦੇ ਨਵੇਂ ਤਰੀਕੇ ਆ ਗਏ ਹਨ, ਇਨ੍ਹਾਂ ਤੋਂ ਬਚਣ ਦੀ ਲੋੜ ਹੈ। 'ਵੈਂਟੀਲੇਟਰ 'ਤੇ ਜੀਊਂਦੀ ਸਦੀ' ਸਿਰਲੇਖ ਅਧੀਨ ਕਰੋਨਾ ਕਾਲ ਵਿਚ ਦਹਿਸ਼ਤ ਦੇ ਮਾਹੌਲ ਅਤੇ ਰਿਸ਼ਤਿਆਂ ਦੀ ਬੇਕਦਰੀ ਕਾਰਨ ਲੋਕਾਂ ਦਾ ਖ਼ੂਨ ਸਫ਼ੈਦ ਹੋ ਗਿਆ। ਆਪਣੇ ਹੀ ਅਪਣਿਆਂ ਤੋਂ ਕਿਨਾਰਾ ਕਰਨ ਲੱਗੇ। ਲੋਕ ਇਤਨੇ ਬੇਪ੍ਰਵਾਹ ਹੋ ਗਏ ਹਨ ਕਿ ਵਾਤਾਵਰਨ ਨੂੰ ਗੰਧਲਾ ਕਰ ਰਹੇ ਹਨ, ਇਮਾਰਤਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ, ਜ਼ਮੀਨ ਹੇਠਲਾ ਪਾਣੀ ਖ਼ਤਮ ਹੋਣ ਕਿਨਾਰੇ ਕਰ ਦਿੱਤਾ ਅਤੇ ਕਰੋਨਾ ਕਾਲ ਵਿਚ ਲਾਲਚ ਤੇ ਫਰੇਬ ਵੱਧ ਗਿਆ। ਪਾਣੀ ਦੀ ਘਾਟ ਵੀ ਕਵਿੱਤਰੀ ਨੂੰ ਸਤਾਉਂਦੀ ਹੈ। ਨੈਤਿਕਤਾ ਪਰ ਲਾ ਕੇ ਉਡ ਗਈ ਸੀ। 'ਕਿਸਾਨੀ ਕਾਵਿ' ਕਿਸਾਨ ਅੰਦੋਲਨ ਨਾਲ ਸੰਬੰਧਤ ਕਵਿਤਾਵਾਂ ਹਨ, ਜਿਨ੍ਹਾਂ ਵਿਚ ਕਵਿਤਰੀ ਨੇ ਅਣਸੁਖਾਵੇਂ ਹਾਲਾਤ, ਗਰਮੀ, ਸਰਦੀ, ਪੁਲਿਸ ਦੀਆਂ ਬੁਛਾੜਾਂ ਅਤੇ ਕੰਡਿਆਲੀਆਂ ਤਾਰਾਂ ਦਾ ਮੁਕਾਬਲਾ ਕਰਨ ਵਾਲੀਆਂ ਵੀਰਾਂਗਣਾ, ਕਿਸਾਨਾਂ ਅਤੇ ਹਰ ਵਰਗ ਦੇ ਲੋਕਾਂ ਦੇ ਪਾਏ ਯੋਗਦਾਨ ਦੇ ਸੋਹਲੇ ਗਾਏ ਹਨ। ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣ ਵਾਲੇ ਡੋਲੇ ਨਹੀਂ ਅਤੇ ਸਾਰਾ ਅੰਦੋਲਨ ਸ਼ਾਂਤਮਈ ਰਹਿੰਦਿਆਂ ਧਰਮ ਨਿਰਪੱਖ ਵਿਚਾਰਧਾਰਾ ਦਾ ਹਾਮੀ ਬਣਿਆਂ ਰਿਹਾ। ਭਾਈਚਾਰਕ ਸਦਭਾਵਨਾ ਵਿਚ ਵਾਧਾ ਹੋਇਆ। ਕਵਿੱਤਰੀ ਨੇ ਬਾਖ਼ੂਬੀ ਸਾਰਾ ਦ੍ਰਿਸ਼ ਪੇਸ਼ ਕੀਤਾ ਹੈ। ਅਖ਼ੀਰ ਵਿਚ ਅੰਤਿਕਾ 'ਤੇਰੀ ਰੰਗਸ਼ਾਲਾ 2' ਕਵਿਤਾ ਵਿਚ ਪੰਜਾਬ ਦੀ ਤ੍ਰਾਸਦੀ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਨਿਰਾਸ਼ਾ, ਬੇਆਸ ਅਤੇ ਉਦਾਸੀ ਦਾ ਆਲਮ ਹੈ। ਕਵਿੱਤਰੀ ਨੇ ਪੰਜਾਬ ਦਾ ਸੁਨਹਿਰਾ ਭਵਿੱਖ ਹੋਣ ਦੀ ਕਾਮਨਾ ਕੀਤੀ ਹੈ।

165 ਪੰਨਿਆਂ, 58 ਕਵਿਤਾਵਾਂ, 300 ਰੁਪਏ ਕੀਮਤ ਅਤੇ ਸਚਿੱਤਰ ਰੰਗਦਾਰ ਸੁੰਦਰ ਮੁੱਖ ਕਵਰ ਵਾਲੀ ਪੁਸਤਕ ਸ਼ਬਦਲੋਕ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।









# ਪੰਜਾਂ ਪਾਣੀਆਂ ਦੀ ਧਰਤੀ 'ਤੇ ਪਾਣੀ ਦਾ ਸੰਕਟ

"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" ਗੁਰਬਾਣੀ ਦੇ ਇਸ ਮਹਾਂਵਾਕ ਨੂੰ ਜੇਕਰ ਅਸੀਂ ਜੀਵਨ ਵਿਚ ਅਪਣਾਇਆ ਹੁੰਦਾ, ਤਾਂ ਅੱਜ ਪੰਜਾਂ ਪਾਣੀਆਂ ਵਾਲਾ ਪੰਜਾਬ ਪਾਣੀ ਲਈ ਨਾ ਤੜਫਦਾ। ਜਿੱਧਰ ਮਰਜ਼ੀ ਨਿਗ੍ਹਾ ਘੁਮਾਓ, ਹਾਹਾਕਾਰ ਮਚੀ ਪਈ ਹੈ। ਪਾਣੀ ਦੀ ਥੁੜ ਮਾਰੇ ਲੋਕ ਰੋਜ਼ ਮੁਜ਼ਾਹਰੇ ਕਰ ਰਹੇ ਹਨ। ਇਥੋਂ ਤੱਕ ਕਿ ਮਾਹਿਰ ਵਿਗਿਆਨੀਆਂ ਨੇ ਤਾਂ ਇਹ ਵੀ ਚੇਤਾਵਨੀ ਦੇ ਦਿੱਤੀ ਹੈ ਕਿ ਪਾਣੀ ਖਾਤਰ ਯੁੱਧ ਹੋਣਗੇ ਅਤੇ ਲੋਕਾਂ ਨੂੰ ਪਾਣੀ ਦੀ ਭਾਲ਼ ਵਿਚ ਪਰਵਾਸ ਕਰਨਾ ਪਵੇਗਾ। ਤੁਸੀਂ ਅੰਦਾਜ਼ਾ ਲਾਉ, ਜਦੋਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਇਕ ਹਜ਼ਾਰ ਫੁੱਟ ਡੂੰਘਾ ਚਲਿਆ ਜਾਵੇਗਾ, ਫਿਰ ਇਥੇ ਵਸਦੇ ਲੋਕਾਂ ਦਾ ਕੀ ਬਣੇਗਾ। ਇਹ ਵੀ ਕਿਹਾ ਗਿਆ ਹੈ ਕਿ ਉਹ ਪਾਣੀ ਪੀਣ ਦੇ ਯੋਗ ਹੀ ਨਹੀਂ ਹੋਵੇਗਾ। ਅਜਿਹੇ ਚਿੰਤਾਜਨਕ ਵਿਚਾਰਾਂ ਨੂੰ ਅਸੀਂ ਬੜੇ ਲੰਮੇ ਸਮੇਂ ਤੋਂ ਹਲਕੇ ਵਿਚ ਲੈਂਦੇ ਆ ਰਹੇ ਹਾਂ।

ਕਦੀ ਅਸੀਂ ਬਜ਼ੁਰਗਾਂ ਤੋਂ ਸੁਣਦੇ ਸਾਂ 'ਪਾਣੀ ਕਿਹੜਾ ਮੁੱਲ ਵਿਕਦਾ ਹੈ?' ਹੁਣ ਨਿਗ੍ਹਾ ਮਾਰੋ, ਪਾਣੀ ਮੁਫਤ ਕਿੱਥੇ ਮਿਲ ਰਿਹੈ? ਅਜਿਹੇ ਸਵਾਲ ਸਾਡੇ ਦਿਲ ਦਿਮਾਗ ਨੂੰ ਹਲੂਣ ਰਹੇ ਹਨ। ਪੰਜਾਬ ਨੂੰ ਪੂਰੇ ਭਾਰਤ ਦਾ ਅੰਨਦਾਤਾ ਬਨਾਉਣ ਵਿਚ ਖੇਤੀ ਵਿਗਿਆਨੀਆਂ ਨੇ ਅਹਿਮ ਯੋਗਦਾਨ ਪਾਇਆ। ਜਿਹੜੀਆਂ ਫਸਲਾਂ ਸਾਡੀ ਧਰਤੀ ਲਈ ਮਾਫਕ ਵੀ ਨਹੀਂ ਸਨ, ਉਹ ਵੀ ਪੈਦਾ ਕਰ ਦਿੱਤੀਆਂ। ਅੰਨ ਦੀ ਭੁੱਖ ਤਾਂ ਪੂਰੇ ਦੇਸ਼ ਦੀ ਮਿਟਾ ਦਿੱਤੀ ਗਈ ਪਰ ਇਸ ਬਦਲੇ ਪੰਜਾਬੀਆਂ ਨੂੰ ਪਿਆਸੇ ਕਰ ਦਿੱਤਾ ਗਿਆ। ਕੇਂਦਰੀ ਜ਼ਮੀਨੀ ਪਾਣੀ ਬੋਰਡ ਦੀ ਰਿਪੋਰਟ ਮੁਤਾਬਕ ਪੰਜਾਬ 'ਚ ਧਰਤੀ ਹੇਠੋਂ ਹੱਦੋਂ ਵੱਧ ਪਾਣੀ ਖਿੱਚਿਆ ਜਾ ਰਿਹਾ ਹੈ, ਜਿਸ ਕਾਰਨ ਸੂਬੇ ਦੇ 23 ਵਿਚੋਂ 20 ਜ਼ਿਲ੍ਹਿਆਂ ਦੀ ਸਥਿਤੀ ਗੰਭੀਰ ਹੈ। ਪਾਣੀ ਹਰ ਸਾਲ ਡੂੰਘਾ ਹੁੰਦਾ ਜਾ ਰਿਹਾ ਹੈ। ਕਈ ਪਿੰਡਾਂ ਵਿਚ ਤਾਂ ਇਹ ਪੰਜ-ਛੇ ਸੌ ਫੁੱਟ ਤੋਂ ਵੀ ਡੂੰਘਾ ਹੋ ਚੁੱਕਾ ਹੈ। ਇਕ ਅਨੁਮਾਨ ਮੁਤਾਬਿਕ 2039 ਤੱਕ ਇਹ 300 ਮੀਟਰ ਤੱਕ ਡੂੰਘਾ ਜਾ ਸਕਦਾ ਹੈ।



ਸੰਯੁਕਤ ਰਾਸ਼ਟਰ ਵਲੋਂ ਨਿਊਯਾਰਕ ਵਿਚ ਕੌਮਾਂਤਰੀ ਜਲ ਸੰਸਾਧਨਾਂ 'ਤੇ ਕਰਵਾਈ ਵਿਸ਼ਵ ਜਲ ਕਾਨਫਰੰਸ ਦੌਰਾਨ ਇਸਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ ਪਾਣੀ ਦੀ ਸੰਭਾਲ ਦੇ ਪ੍ਰਬੰਧਨ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪਾਣੀ ਮਨੁੱਖੀ ਸਰੀਰ ਵਾਸਤੇ ਖੂਨ ਵਾਂਗ ਹੀ ਲੋੜੀਂਦਾ ਹੈ। ਇਸ ਵੇਲੇ ਪੂਰੀ ਦੁਨੀਆਂ ਦੇ 26 ਫੀਸਦੀ ਲੋਕਾਂ ਕੋਲ ਪੀਣ ਵਾਲਾ ਸ਼ੁੱਧ ਪਾਣੀ ਉਪਲਬਧ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 2030 ਤੱਕ ਪਾਣੀ ਦੀ ਮੰਗ ਅਤੇ ਸਪਲਾਈ ਦਾ ਪਾੜਾ 40 ਫੀਸਦੀ ਤੱਕ ਵਧਣ ਦਾ ਡਰ ਸਤਾ ਰਿਹਾ ਹੈ। ਵਿਸ਼ਵ ਬੈਂਕ ਦੁਆਰਾ ਲਗਾਏ ਇਕ ਅਨੁਮਾਨ ਅਨੁਸਾਰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਵਿਚ ਪਾਣੀ ਦੀ ਕਮੀ ਜੀ.ਡੀ.ਪੀ. ਵਿਕਾਸ ਦਰ ਨੂੰ 11.5 ਫੀਸਦੀ ਤੱਕ ਪ੍ਰਭਾਵਿਤ ਕਰ ਸਕਦੀ ਹੈ। ਵਿਗਿਆਨੀਆਂ ਅਨੁਸਾਰ ਦੁਨੀਆਂ ਵਿਚ ਪਾਣੀ ਦਾ 70 ਪ੍ਰਤੀਸ਼ਤ ਹਿੱਸਾ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। ਸਮੇਂ ਦੀ ਮੰਗ ਹੈ ਕਿ ਗਲੋਬਲ ਵਾਟਰ ਲੈਂਡਸਕੇਪ ਨੂੰ ਬਦਲਿਆ ਜਾਵੇ ਅਤੇ ਰੀਚਾਰਗਿੰਗ, ਸਮੁੰਦਰੀ ਪਾਣੀ ਦੀ ਵਰਤੋਂ ਵਰਗੀਆਂ ਨਵੀਆਂ ਤਕਨੀਕਾਂ ਦੀ ਵਰਤੋਂ ਕਰਨੀ ਹੋਵੇਗੀ।

-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ
ਹੁਸ਼ਿਆਰਪੁਰ ਪੰਜਾਬ



(Punjab Mail USA)

ਪੰਜਾਬ ਵਿਚ ਪਾਣੀ ਦੀ ਵਧੇਰੇ ਵਰਤੋਂ ਫਸਲਾਂ ਵਾਸਤੇ ਕੀਤੀ ਜਾਂਦੀ ਹੈ। ਜਿਨ੍ਹਾਂ ਫਸਲਾਂ ਨੂੰ ਵੱਧ ਪਾਣੀ ਦੀ ਲੋੜ ਹੈ, ਉਨ੍ਹਾਂ ਦੇ ਬਦਲ ਲੱਭ ਕੇ ਬਿਜਾਈ ਕਰਨ ਦੀ ਜ਼ਰੂਰਤ ਹੈ। ਦੂਜੇ ਬੰਨ੍ਹੇ ਮੁਫਤ ਬਿਜਲੀ ਕਾਰਨ ਅਸੀਂ ਪਾਣੀ ਦਾ ਸਹੀ ਇਸਤੇਮਾਲ ਵੀ ਨਹੀਂ ਕਰ ਰਹੇ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਮੁਫਤ ਦੀ ਚੀਜ਼ ਦੀ ਕਦਰ ਨਹੀਂ ਹੁੰਦੀ। ਜਦਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਕੁਦਰਤੀ ਨਿਆਮਤਾਂ ਬਾਬਤ ਸੈਂਕੜੇ ਸਾਲ ਪਹਿਲਾਂ ਸੁਚੇਤ ਕਰਦਿਆਂ ਲਿਖਿਆ ਸੀ: "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥" ਪੰਜਾਬ ਵਿਚ ਹਰ ਸਾਲ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਹੈ, ਜਦੋਂ ਕਿ ਕੇਵਲ 18.94 ਬਿਲੀਅਨ ਕਿਊਬਿਕ ਮੀਟਰ ਪਾਣੀ ਹੀ ਰਿਚਾਰਜ ਹੁੰਦਾ ਹੈ। ਪੰਜਾਬ ਵਿਚ 25 ਤੋਂ 27 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਫਸਲੀ ਬੀਜੀ ਜਾਂਦੀ ਹੈ, ਜਦਕਿ ਇਹ ਪੰਜਾਬ ਵਿਚ ਪੈਦਾ ਹੋਣ ਵਾਲੀ ਮੂਲ ਫਸਲ ਨਹੀਂ ਹੈ। ਇਸ ਫਸਲ ਦੀ ਬਿਜਾਈ ਕਾਰਨ ਸਥਿਤੀ ਇਹ ਬਣ ਗਈ ਹੈ ਕਿ ਸੂਬੇ ਦੇ 153 ਬਲਾਕਾ 'ਚੋਂ 17 ਹੀ ਅਜਿਹੇ ਹਨ, ਜਿਥੇ ਧਰਤੀ ਹੇਠਲਾ ਪਾਣੀ ਸੁਰੱਖਿਅਤ ਸ਼੍ਰੇਣੀ 'ਚ ਹੈ, ਜਦੋਂਕਿ ਬਾਕੀਆਂ ਦੀ ਸਥਿਤੀ ਚਿੰਤਾਜਨਕ ਅਤੇ ਗੰਭੀਰ ਹੈ।

ਇਸ ਸਭ ਕਾਸੇ ਵਾਸਤੇ ਇਕੱਲਾ ਕਿਸਾਨ ਹੀ ਜ਼ਿੰਮੇਵਾਰ ਨਹੀਂ ਹੈ, ਸਗੋਂ ਮੌਕੇ ਦੀਆਂ ਸਰਕਾਰਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਪੰਜਾਬ ਦੀ ਜਨਤਾ ਨੂੰ ਉਨ੍ਹਾਂ ਦੇ ਹਾਲ 'ਤੇ ਛੱਡਿਆ ਹੈ। ਅੱਜ ਲੋੜ ਹੈ ਫਸਲੀ ਵਿਭਿੰਨਤਾ ਦੀ। ਜਿਸ ਨਾਲ ਪਾਣੀ ਦੀ ਵਰਤੋਂ ਘਟਾਈ ਜਾ ਸਕੇ। ਨਾਲ ਹੀ ਧਰਤੀ ਵਿਚ ਰਿਚਾਰਜ ਕਰਨ ਲਈ ਉਚਿਤ ਸਾਧਨ ਪੈਦਾ ਕੀਤੇ ਜਾਣ। ਪੰਜਾਬ ਨੂੰ ਬੰਜਰ ਬਣਨ ਤੋਂ ਬਚਾਉਣ ਲਈ ਪਾਣੀ ਦੀ ਸੁਚੱਜੀ ਅਤੇ ਸੰਜਮ ਨਾਲ ਵਰਤੋਂ ਕਰਨ ਦੀ ਵਿਧੀ ਹਰ ਇਕ ਨੂੰ ਅਪਨਾਉਣੀ ਪਵੇਗੀ। ਜਦਕਿ ਕੇਂਦਰੀ ਬਜਟ ਵਿਚ ਪਿਛਲੇ ਸਾਲ ਦੇ 1.51 ਲੱਖ ਕਰੋੜ ਦੇ ਮੁਕਾਬਲੇ 1.25 ਲੱਖ ਕਰੋੜ ਰੱਖੇ ਗਏ ਹਨ। ਪੰਜਾਬ ਸਰਕਾਰ ਵਲੋਂ ਫਸਲੀ ਵਿਭਿੰਨਤਾ ਵਾਸਤੇ ਇਕ ਹਜ਼ਾਰ ਕਰੋੜ ਦਾ ਪ੍ਰਬੰਧ ਕੀਤਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਵਿਚ ਫਸਲੀ ਵਿਭਿੰਨਤਾ ਦਾ ਚੱਕਰ ਪੂਰਾ ਕਿਵੇਂ ਹੁੰਦਾ ਹੈ। ਵਾਤਾਵਰਣ ਪ੍ਰੇਮੀਆਂ ਅਤੇ ਧਰਤੀ ਦੇ ਖੋਜੀਆਂ ਵਲੋਂ ਸਾਨੂੰ ਵਾਰ-ਵਾਰ ਸੁਚੇਤ ਕੀਤਾ ਜਾ ਰਿਹਾ ਹੈ। ਜੇਕਰ ਅਜੇ ਵੀ ਸਾਡੀਆਂ ਸਰਕਾਰਾਂ ਅਤੇ ਜਨਤਾ ਪਾਣੀ ਨੂੰ ਬਚਾਉਣ ਦੀਆਂ ਵਿਧੀਆਂ ਅਪਨਾਉਣ ਵਿਚ ਸਫ਼ਲ ਨਾ ਹੋਏ, ਤਾਂ ਪੰਜਾਬ ਨੂੰ ਬੰਜਰ ਬਣਨ ਤੋਂ ਕੋਈ ਨਹੀਂ ਰੋਕ ਸਕੇਗਾ। ਸੋ ਆਉ, ਆਪਾਂ ਸਾਰੇ ਰਲਕੇ ਇਸ ਸੰਕਟ ਤੋਂ ਬਚਣ ਦੇ ਸਭ ਉਪਾਅ ਅਪਣਾਈਏ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# ਮੁਫਤ ਦਾ ਲੰਗਰ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਲੰਗਰ ਲਾਉਣਾ ਪੰਜਾਬੀਆਂ ਨੂੰ ਰੱਬ ਦੀ ਸਭ ਤੋਂ ਵੱਡੀ ਦੇਣ ਹੈ। ਹਰ ਮੇਲੇ, ਮੱਸਿਆ, ਸੰਗਰਾਂਦ, ਪੁੰਨਿਆਂ ਅਤੇ ਖੁਸ਼ੀ ਗਮੀ ਦੇ ਮੌਕੇ 'ਤੇ ਲੰਗਰ ਜ਼ਰੂਰ ਲਗਾਇਆ ਜਾਂਦਾ ਹੈ। ਇਥੋਂ ਤੱਕ ਕਿ ਜੇ ਬਾਰਸ਼ ਨਾ ਹੋਵੇ, ਤਾਂ ਬਾਰਸ਼ ਪਵਾਉਣ ਲਈ ਲੰਗਰ ਤੇ ਜੇ ਬਾਰਸ਼ ਜ਼ਿਆਦਾ ਹੋ ਜਾਵੇ, ਤਾਂ ਬਾਰਸ਼ ਹਟਾਉਣ ਲਈ ਲੰਗਰ। ਕਿਸਾਨ ਅੰਦੋਲਨ ਵੇਲੇ ਕਿਸਾਨਾਂ ਲਈ ਲਗਾਏ ਗਏ ਫਾਈਵ ਸਟਾਰ ਲੰਗਰ ਤਾਂ ਨੈਸ਼ਨਲ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣ ਗਏ ਸਨ। ਕਈ ਲੋਕਾਂ ਦੇ ਢਿੱਡ ਵਿਚ ਇਹ ਵੇਖ ਕੇ ਬੜੀ ਪੀੜ ਹੋਈ ਸੀ ਕਿ ਕਿਸਾਨ ਮਠਿਆਈਆਂ, ਸਮੋਸੇ, ਪਕੌੜੇ, ਪੀਜ਼ੇ, ਬਰਗਰ ਅਤੇ ਨੂਡਲਜ਼ ਆਦਿ ਕਿਉਂ ਖਾ ਰਹੇ ਹਨ ਤੇ ਕਿੱਲਿਆਂ ਦੇ ਕਿੱਲੋ ਡਰਾਈ ਫਰੂਟ ਦੇ ਫੱਕੇ ਕਿਉਂ ਮਾਰ ਰਹੇ ਹਨ। ਆਮ ਭਾਰਤੀਆਂ ਨੂੰ ਪਤਾ ਹੀ ਨਹੀਂ ਹੈ ਕਿ ਪੰਜਾਬੀਆਂ ਦਾ ਲਿਵਿੰਗ ਸਟੈਂਡਰਡ ਬਾਕੀ ਸੂਬਿਆਂ ਨਾਲੋਂ ਬਹੁਤ ਅਲੱਗ ਹੈ।

ਲੰਗਰਾਂ ਵੇਲੇ ਕਈ ਵਾਰ ਕੁਝ ਹਾਸੋਹੀਣੀਆਂ ਗੱਲਾਂ ਵੀ ਵਾਪਰ ਜਾਂਦੀਆਂ ਹਨ। ਕਈ ਬੰਦਿਆਂ ਨੂੰ ਲੰਗਰ ਵਿਚ ਸੇਵਾ ਕਰਨ ਦਾ ਬਹੁਤ ਸ਼ੌਂਕ ਹੁੰਦਾ ਹੈ। ਕਿਤੇ ਵੀ ਦੂਰ ਨੇੜੇ ਲੰਗਰ ਲੱਗਾ ਹੋਵੇ, ਜ਼ਰੂਰ ਪਹੁੰਚਦੇ ਹਨ ਤੇ ਦਾਲ ਵਾਲੀ ਬਾਲਟੀ ਜਾਂ ਰੋਟੀਆਂ ਵਾਲੀ ਟੋਕਰੀ ਪਕੜ ਲੈਂਦੇ ਹਨ। ਸਭ ਨੇ ਨੋਟ ਕੀਤਾ ਹੋਵੇਗਾ ਕਿ ਲੰਗਰਾਂ ਵਿਚ ਸੰਬੋਧਨ ਕਰਨ ਲੱਗਿਆਂ ਇਸਤਰੀ ਲਿੰਗ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਾਣੀ ਨੂੰ ਜਲ, ਰੋਟੀ ਨੂੰ ਪ੍ਰਸ਼ਾਦਾ ਅਤੇ ਦਾਲ ਨੂੰ ਦਾਲਾ ਕਿਹਾ ਜਾਂਦਾ ਹੈ। ਜਦੋਂ ਮੈਂ ਮਲੋਟ ਐੱਸ.ਪੀ. ਲੱਗਾ ਹੋਇਆ ਸੀ, ਤਾਂ ਮੇਰੇ ਇੱਕ ਮਾਨ ਨਾਮਕ ਗੰਨਮੈਨ ਨੂੰ ਲੰਗਰਾਂ ਵਿਚ ਸੇਵਾ ਕਰਨ ਦਾ ਬਹੁਤ ਸ਼ੌਂਕ ਸੀ। ਨਾਲੇ ਤਾਂ ਉਸ ਨੇ ਲੰਗਰਾਂ ਵਿਚ ਸੇਵਾ ਕਰਨੀ ਤੇ ਨਾਲੇ ਬਾਕੀ ਗੰਨਮੈਨਾਂ ਵਾਸਤੇ ਖੁੱਲ੍ਹਾ ਰਾਸ਼ਨ ਲੈ ਕੇ ਆਉਣਾ। ਗੰਨਮੈਨਾਂ ਨੇ ਵੀ ਉਸ ਨੂੰ ਇਸ ਕੰਮ ਵਾਸਤੇ ਵਿਹਲਾ ਰੱਖਣਾ ਤੇ ਉਸ ਦੀ ਡਿਊਟੀ ਖੁਦ ਕਰ ਲੈਣੀ। ਉਹ ਥਾਣੇ ਲੰਬੀ ਦੀ ਹੱਦ ਨਾਲ ਲੱਗਦੇ ਹਰਿਆਣੇ ਅਤੇ ਰਾਜਸਥਾਨ ਤੱਕ ਮਾਰ ਕਰਦਾ ਸੀ।

ਕਈ ਵਾਰ ਮੁਫਤ ਦਾ ਲੰਗਰ ਛਕਣਾ ਮਹਿੰਗਾ ਵੀ ਪੈ ਜਾਂਦਾ ਹੈ। ਕਈ ਸਾਲ ਪਹਿਲਾਂ ਮੇਰੀ ਫਤਿਹਗੜ੍ਹ ਸਾਹਿਬ ਸ਼ਹੀਦੀ ਮੇਲੇ ਵਿਚ ਡਿਊਟੀ ਲੱਗੀ ਹੋਈ ਸੀ। ਪੰਜਾਬ ਦੇ ਸਾਰੇ ਮੇਲਿਆਂ ਨਾਲੋਂ ਉਥੋਂ ਦੀ ਡਿਊਟੀ ਪੁਲਿਸ ਨੂੰ ਜ਼ਿਆਦਾ ਪਸੰਦ ਆਉਂਦੀ ਹੈ। ਇੱਕ ਤਾਂ ਮੌਸਮ ਵਧੀਆ ਹੁੰਦਾ ਹੈ ਤੇ ਦੂਸਰਾ ਉਥੇ ਭਿੰਨ-ਭਿੰਨ ਪ੍ਰਕਾਰ ਦੇ ਲੰਗਰ ਲੱਗਦੇ ਹਨ। ਮੇਰੇ ਨਾਲ ਪਟਿਆਲੇ ਦਾ ਇੱਕ ਡੀ.ਐੱਸ.ਪੀ. ਵੀ ਡਿਊਟੀ ਕਰ ਰਿਹਾ ਸੀ। ਅਸੀਂ ਗੱਡੀਆਂ ਇੱਕ ਲੰਗਰ ਦੇ ਨਜ਼ਦੀਕ ਖੜ੍ਹੀਆਂ ਕੀਤੀਆਂ ਹੋਈਆਂ ਸਨ। ਉਸ ਲੰਗਰ ਦਾ ਖਾਣਾ ਕੁਝ ਜ਼ਿਆਦਾ ਹੀ ਸਵਾਦ ਸੀ। ਮੇਰੇ ਤੇ ਉਸ ਡੀ.ਐੱਸ.ਪੀ. ਦੇ ਗੰਨਮੈਨਾਂ ਸਮੇਤ ਅਸੀਂ ਕੋਈ 7-8 ਬੰਦੇ ਸੀ। ਅਸੀਂ ਉਸ ਲੰਗਰ ਵਿਚੋਂ ਦਿਨ ਵਿਚ 2-3 ਵਾਰ ਲੰਗਰ ਛਕਿਆ ਪਰ ਲੰਗਰ ਦੀ ਸੇਵਾ ਵਾਸਤੇ ਇੱਕ ਪੈਸਾ ਵੀ ਭੇਂਟ ਨਾ ਕੀਤਾ। ਉਸ ਲੰਗਰ ਦੇ ਪ੍ਰਬੰਧਕ ਸਾਡੇ ਵੱਲ ਕੌੜਾ-ਕੌੜਾ ਝਾਕਣ। ਉੱਪਰੋਂ ਸਿਤਮ ਇਹ ਕਿ ਜਦੋਂ ਸ਼ਾਮੀਂ ਡਿਊਟੀ ਖਤਮ ਹੋਈ, ਤਾਂ ਉਸ ਡੀ.ਐੱਸ.ਪੀ. ਨੇ ਲੰਗਰ ਘਰ ਲਿਜਾਣ ਲਈ ਵੱਡਾ ਸਾਰਾ ਟਿਫਨ ਕੱਢ ਲਿਆ ਤੇ ਪੰਜ-ਛੇ ਬੰਦਿਆਂ ਦੇ ਖਾਣ ਜੋਗਾ ਰਾਸ਼ਨ ਪੈਕ ਕਰਵਾ ਲਿਆ। ਖਿਝੇ ਖਪੇ ਪ੍ਰਬੰਧਕਾਂ ਨੇ ਉਹ ਟਿਫਨ ਵੀ ਭਰ ਦਿੱਤਾ।

ਅਗਲੇ ਦਿਨ ਅਸੀਂ ਫਿਰ ਡਿਊਟੀ ਵਾਸਤੇ ਇਕੱਠੇ ਹੋਏ, ਤਾਂ ਮੈਂ ਵੇਖਿਆ ਕਿ ਡੀ.ਐੱਸ.ਪੀ ਰੋਣਹਾਕਾ ਹੋਇਆ ਪਿਆ ਹੈ। ਮੈਂ ਕਾਰਣ ਪੁੱਛਿਆ ਤਾਂ ਕਹਿਣ ਲੱਗਾ ਕਿ ਮੇਰੇ ਨਾਲ ਇਸ ਲੰਗਰ ਵਾਲਿਆ ਨੇ ਬਹੁਤ ਮਾੜਾ ਕੀਤਾ ਹੈ। ਇਨ੍ਹਾਂ ਨੇ ਲੰਗਰ ਪੈਕ ਕਰਨ ਲੱਗਿਆਂ ਦਾਲ ਵਾਲੇ ਡੱਬੇ ਵਿਚ ਲਾਲ ਮਿਰਚਾਂ ਦੀ ਕੜਛੀ ਪਾ ਦਿੱਤੀ ਸੀ। ਮੇਰੀ ਪਤਨੀ ਨੇ ਇੱਕ ਹੀ ਬੁਰਕੀ ਲਾਈ ਤੇ ਚੀਕਾਂ ਮਾਰਨ ਲੱਗ ਪਈ। ਮੈਂ ਹੱਸਦੇ ਹੋਏ ਕਿਹਾ ਕਿ ਇਨ੍ਹਾਂ ਨੇ ਬਿਲਕੁਲ ਠੀਕ ਕੀਤਾ ਹੈ। ਆਪਾਂ ਕੱਲ੍ਹ ਲੰਗਰ ਵਿਚ ਇੱਕ ਦੁਆਨੀ ਵੀ ਭੇਂਟ ਨਹੀਂ ਕੀਤੀ, ਸੱਤਾਂ-ਅੱਠਾਂ ਬੰਦਿਆਂ ਨੇ ਤਿੰਨ-ਤਿੰਨ ਵਾਰ ਲੰਗਰ ਛੱਕਿਆ ਤੇ ਉੱਪਰੋਂ ਤੂੰ ਘਰ ਵਾਸਤੇ ਵੀ ਪੈਕ ਕਰਵਾ ਲਿਆ। ਇਸ ਤੋਂ ਬਾਅਦ ਪੰਜ ਸੌ ਰੁਪਏ ਮੈਂ ਪਾਏ, ਪੰਜ ਸੌ ਰੁਪਏ ਡੀ.ਐੱਸ.ਪੀ. ਤੋਂ ਪਵਾਏ ਤੇ ਨਾਲ ਗੰਨਮੈਨਾਂ ਕੋਲੋਂ ਸ਼ਰਧਾ ਮੁਤਾਬਕ ਤਿਲ ਫੁੱਲ ਲੈ ਕੇ ਲੰਗਰ ਵਿਚ ਭੇਂਟ ਕੀਤੇ। ਫਿਰ ਕਿਤੇ ਜਾ ਕੇ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਕਿਸੇ ਘਰ ਕੁਝ ਅਮਲੀ ਇੱਕਠੇ ਹੋ ਕੇ ਦਾਰੂ ਸਿੱਕਾ ਛਕ ਰਹੇ ਸਨ ਤੇ ਉਨ੍ਹਾਂ ਨੇ ਬੱਕਰਾ ਬਣਾਇਆ ਹੋਇਆ ਸੀ। ਜਿਸ ਅਮਲੀ ਦੇ ਘਰ ਪ੍ਰੋਗਰਾਮ ਚੱਲ ਰਿਹਾ ਸੀ, ਉਸ ਦੀ ਪਤਨੀ ਉਸ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਪਹਿਲਾਂ ਹੀ ਉਸ ਨੂੰ ਛੱਡ ਕੇ ਜਾ ਚੁੱਕੀ ਸੀ। ਜਦੋਂ ਸ਼ਰਾਬ ਦਾ ਦੌਰ ਖਤਮ ਹੋਇਆ, ਤਾਂ ਰੋਟੀ ਖਾਣ ਦਾ ਸਮਾਂ ਹੋ ਗਿਆ। ਹੁਣ ਘਰ ਵਿਚ ਜਨਾਨੀ ਹੋਵੇ ਤਾਂ ਰੋਟੀ ਪਕਾਵੇ। ਉਨ੍ਹਾਂ ਦੇ ਘਰ ਦੇ ਨਜ਼ਦੀਕ ਹੀ ਕਿਸੇ ਬਹੁਤ ਹੀ ਕੱਟੜ ਧਾਰਮਿਕ ਸੰਸਥਾ ਨੇ ਲੰਗਰ ਲਗਾਇਆ ਹੋਇਆ ਸੀ। ਦੋ ਅਮਲੀ ਉਥੋਂ ਰੋਟੀਆਂ ਲੈਣ ਲਈ ਚਲੇ ਗਏ। ਦਾਰੂ ਦੀ ਮੁਸ਼ਕ ਮਾਰਦੇ ਅਮਲੀਆਂ ਨੂੰ ਸੇਵਾਦਾਰਾਂ ਨੇ ਨੱਕ ਮੂੰਹ ਵੱਟ ਕੇ ਰੋਟੀਆਂ ਪੋਣੇ ਵਿਚ ਵਲੇਟ ਦਿੱਤੀਆਂ। ਜਦੋਂ ਅਮਲੀ ਤੁਰਨ ਲੱਗੇ, ਤਾਂ ਇੱਕ ਸੇਵਾਦਾਰ ਨੇ ਕਿਹਾ ਕਿ ਭਾਈ ਦਾਲ ਤਾਂ ਲੈ ਲਉ, ਰੋਟੀਆਂ ਸੁੱਕੀਆਂ ਕਿਵੇਂ ਖਾਉਗੇ? ਇੱਕ ਅਮਲੀ ਸਿਆਣਾ ਜਿਹਾ ਬਣ ਕੇ ਕਹਿਣ ਲੱਗਾ, "ਦਾਲ ਦੀ ਲੋੜ ਨਹੀਂ ਬਾਬਾ ਜੀ, ਘਰੇ ਬੱਕਰਾ ਬਣਿਆ ਹੋਇਆ ਹੈ।" ਪਹਿਲਾਂ ਹੀ ਅਮਲੀਆਂ ਦੇ ਮੂੰਹ ਵਿਚੋਂ ਆਉਂਦੀ ਮੁਸ਼ਕ ਤੋਂ ਸੜੇ ਬਲੇ ਸੇਵਾਦਾਰਾਂ ਨੇ ਐਨਾ ਸੁਣਦੇ ਹੀ ਉਨ੍ਹਾਂ ਨੂੰ ਬੱਕਰੇ ਵਾਂਗ ਢਾਹ ਲਿਆ ਤੇ ਕੁੱਟ-ਕੁੱਟ ਕੇ ਬਾਂਦਰ ਬਣਾ ਦਿੱਤਾ।

---

# ਧਰਤੀ ਦਿਵਸ ਤੇ ਜਲਵਾਯੂ ਸੰਕਟ

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)






ਗੁਰਬਾਣੀ ਦੇ ਕਥਨ ਵਿਚ ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਵਡਿਆਇਆ ਗਿਆ ਹੈ। ਧਰਤੀ ਇੱਕ ਮਾਂ ਦਾ ਕਾਰਜ ਬਾਖੂਬੀ ਨਿਭਾਉਂਦੀ ਨਜ਼ਰ ਆਉਂਦੀ ਹੈ। ਧਰਤੀ ਦੇ ਸੂਰਜ ਨਾਲੋਂ ਅਲੱਗ ਹੋਣ ਤੋਂ ਬਾਅਦ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦਿਆਂ ਧਰਤੀ 'ਤੇ ਇੱਕ ਸੈੱਲੀ ਜੀਵਾਂ ਦੀ ਉਤਪਤੀ ਹੋਈ ਅਤੇ ਉਸ ਵਿਚੋਂ ਹੀ ਹੌਲੀ-ਹੌਲੀ ਅਜੋਕੇ ਮਨੁੱਖ ਦੀ ਹੋਂਦ ਬਣੀ।

ਸ਼ੁਰੂ ਵਿਚ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਤੇ ਉਸਦੀਆਂ ਲੋੜਾਂ ਬਹੁਤ ਘੱਟ ਅਤੇ ਨਿਯਮਤ ਸਨ। ਸ਼ੁਰੂ ਵਿਚ ਮਨੁੱਖ ਨੇ ਰੁੱਖਾਂ ਦੇ ਪੱਤਿਆਂ ਅਤੇ ਕੱਚੇ ਮਾਸ ਨੂੰ ਹੀ ਆਪਣਾ ਭੋਜਨ ਬਣਾਇਆ। ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਹੌਲੀ-ਹੌਲੀ ਹੋਈ ਅੱਗ ਦੀ ਖ਼ੋਜ ਨੇ ਮਨੁੱਖ ਦੀ ਜ਼ਿੰਦਗੀ ਵਿਚ ਬਦਲਾਅ ਲਿਆਂਦਾ। ਪਸ਼ੂਆਂ ਦੇ ਮਾਸ ਨੂੰ ਉਹ ਪਕਾ ਕੇ ਖਾਂਦਾ ਅਤੇ ਪਸ਼ੂਆਂ ਦੇ ਸ਼ਿਕਾਰ ਕਰਨ ਲਈ ਉਸ ਨੇ ਪੱਕੇ, ਨੁਕੀਲੇ ਅਤੇ ਤਿੱਖੇ ਹਥਿਆਰ ਬਣਾਉਣੇ ਸ਼ੁਰੂ ਕੀਤੇ। ਲੰਮੇ ਸਮੇਂ ਤੱਕ ਇਹ ਸਿਲਸਿਲਾ ਜਾਰੀ ਰਿਹਾ, ਜਿਸ ਦੇ ਨਤੀਜਿਆਂ ਵਜੋਂ ਮਨੁੱਖ ਜੰਗਲਾਂ ਵਿਚੋਂ ਨਿਕਲ ਕੇ ਆਬਾਦੀ ਵਿਚ ਰਹਿਣਾ ਸ਼ੁਰੂ ਕੀਤਾ। ਪਿੰਡਾਂ ਅਤੇ ਸ਼ਹਿਰੀ ਜੀਵਨ ਵਿਚ ਆਇਆ। ਪਰ ਇਹ ਕੁਦਰਤ ਦਾ ਅਟੱਲ ਨਿਯਮ ਹੈ ਕਿ ਜੋ ਕੁਦਰਤ ਦਾ ਨਾਸ਼ ਕਰਦਾ ਹੈ, ਜੋ ਕੁਦਰਤ ਦੇ ਨਿਯਮਾਂ ਦੇ ਵਿਪਰੀਤ ਚੱਲਦਾ ਹੈ, ਉਸ ਦਾ ਵਿਨਾਸ਼ ਸੰਭਵ ਹੈ। ਇਹੀ ਸਭ ਕੁਝ ਅਜੋਕੇ ਸਮੇਂ ਵਿਚ ਹੋ ਰਿਹਾ ਹੈ।

ਮਨੁੱਖ ਦੀ ਕੀਤੀ ਅਥਾਹ ਤਰੱਕੀ ਅਤੇ ਵਿਕਾਸ ਨੇ ਧਰਤੀ ਦੀ ਹੋਂਦ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਦਿਨੋਂ-ਦਿਨ ਵਧ ਰਹੇ ਪ੍ਰਦੂਸ਼ਣ ਨੇ ਕਈ ਪ੍ਰਕਾਰ ਦੀਆਂ ਨਵੀਆਂ ਬਿਮਾਰੀਆਂ ਨੂੰ ਜਨਮ ਦੇ ਕੇ ਸਿਹਤ ਵਿਭਾਗ ਨੂੰ ਚੁਣੌਤੀ ਦਿੱਤੀ ਹੈ, ਜਿਸਦੀ ਤਰੋਤਾਜ਼ਾ ਉਦਾਹਰਣ ਕਰੋਨਾ ਲਈ ਜਾ ਸਕਦੀ ਹੈ, ਜਿਸਨੇ ਮੌਜੂਦਾ ਸਮੇਂ ਵਿਚ ਵੀ ਤਹਿਲਕਾ ਮਚਾ ਰੱਖਿਆ ਹੈ। ਜਿਸਦੇ ਨਤੀਜੇ ਵਜੋਂ ਕਿੰਨੇ ਹੀ ਤਰ੍ਹਾਂ ਦੇ ਜਾਨ ਅਤੇ ਮਾਲ ਦਾ ਨੁਕਸਾਨ ਹੋ ਚੁੱਕਿਆ ਹੈ।

ਦਿਨੋਂ-ਦਿਨ ਵਧ ਰਹੀ ਗਰਮੀ ਅਤੇ ਆਲਮੀ ਤਪਸ਼ ਸੰਸਾਰ ਲਈ ਬਹੁਤ ਪੱਖੀ ਸੰਕਟ ਲੈ ਕੇ ਆ ਰਿਹਾ ਹੈ। ਦਿਨੋਂ-ਦਿਨ ਗਰਮੀ ਦੇ ਵਧਣ ਨਾਲ ਗਲੇਸ਼ੀਅਰਾਂ ਵਿਚ ਹੁੰਦਾ ਲਗਾਤਾਰ ਪਿਘਲਾਅ ਜਿਸਦੇ ਨਤੀਜੇ ਵਜੋਂ ਨਦੀਆਂ ਵਿਚ ਪਾਣੀ ਦੀ ਮਾਤਰਾ ਦਾ ਵਧਣਾ ਅਤੇ ਨਤੀਜੇ ਵਜੋਂ ਹੜ੍ਹਾਂ ਵਰਗੀਆਂ ਕੁਦਰਤੀ ਆਫਤਾਂ ਦਸਤਕ ਦਿੰਦੀਆਂ ਹਨ। ਕਾਰਨਾਮੇ ਲਾਲਚੀ ਮਨੁੱਖ ਦੇ ਤੇ ਬਦਨਾਮ ਕੁਦਰਤ ਜਾਂ ਜ਼ਿੰਮੇਵਾਰ ਕੁਦਰਤ। ਇਹ ਕਿਹੋ ਜਿਹਾ ਇਨਸਾਫ਼ ਹੈ।

ਮਨੁੱਖ ਨੇ ਲਾਲਚ ਵਿਚ ਆ ਕੇ ਵਿਕਾਸ ਦੇ ਨਾਂ 'ਤੇ ਧੜਾਧੜ ਰੁੱਖਾਂ ਦੀ ਕਟਾਈ ਕੀਤੀ। ਪੂਰੀ ਧਰਤੀ ਹੀ ਕੱਖੋਂ ਹੌਲੀ ਕਰ ਦਿੱਤੀ। ਜੰਗਲਾਂ ਹੇਠ ਰਕਬਾ ਘੱਟ ਰਿਹਾ ਹੈ। ਉਪਜਾਊ ਭੂਮੀ ਘੱਟ ਰਹੀ ਹੈ, ਉਦਯੋਗਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਧਰਤੀ ਦੇ ਬੰਜਰ ਹੋਣ ਨਾਲ ਭਵਿੱਖ ਵਿਚ ਭੋਜਨ ਸੰਕਟ ਦਾ ਵੀ ਗਹਿਰਾ ਖਦਸ਼ਾ ਬਣਿਆ ਹੋਇਆ ਹੈ। ਦਿਨੋਂ-ਦਿਨ ਵਧ ਰਹੀ ਆਬਾਦੀ ਦੇ ਪੇਟ ਦਾ ਬੋਝ ਧਰਤੀ 'ਤੇ ਹੀ ਹੈ। ਧਰਤੀ ਨੇ ਪੂਰੀ ਦੁਨੀਆਂ ਦੀ ਭੁੱਖ ਮਿਟਾਉਣੀ ਹੈ। ਪਰ ਦਿਨੋਂ-ਦਿਨ ਘੱਟ ਰਹੀ ਉਪਜਾਊ ਭੂਮੀ ਕਰਕੇ ਭਵਿੱਖ ਵਿਚ ਭੁੱਖਮਰੀ ਦਾ ਸਾਹਮਣਾ ਕਰਨਾ ਤਹਿ ਹੈ।


ਧਰਤੀ ਦੇ ਵਾਯੂਮੰਡਲ ਦੀਆਂ ਪਰਤਾਂ ਜਿਸ ਵਿਚ ਪਹਿਲੇ ਨੰਬਰ ਤੇ ਟਰੋਪੋਸਫੀਅਰ, ਦੂਜੇ ਨੰਬਰ ਤੇ ਸਟੈਟੋਸਫੀਅਰ, ਤੀਜੇ ਨੰਬਰ 'ਤੇ ਮੀਜੋਸਫੀਅਰ ਅਤੇ ਚੌਥੇ ਨੰਬਰ 'ਤੇ ਆਇਨੋ ਸਫੀਅਰ ਸ਼ਾਮਿਲ ਹਨ। ਸਟੈਟੋਸਫੀਅਰ ਵਿਚ ਓਜ਼ੋਨ ਪਰਤ ਜਾਂ ਓਜ਼ੋਨ ਪੱਟੀ ਮੌਜੂਦ ਹੈ, ਜੋ ਸੂਰਜ ਤੋਂ ਆਉਣ ਵਾਲੀਆਂ ਪਰਾਬੈਂਗਣੀ ਕਿਰਨਾਂ ਨੂੰ ਆਪਣੇ ਵਿਚ ਸੋਖਦੀ ਹੈ ਅਤੇ ਪਰਾਬੈਂਗਣੀ ਅਤੇ ਹਾਨੀਕਾਰਕ ਕਿਰਨਾਂ ਨੂੰ ਧਰਤੀ 'ਤੇ ਪਹੁੰਚਣ ਤੋਂ ਰੋਕਦੀ ਹੈ। ਪਰ ਵਾਤਾਵਰਨ ਵਿਚ ਆਏ ਵਿਗਾੜ ਅਤੇ ਰੁੱਖਾਂ ਦੀ ਲਗਾਤਾਰ ਕਟਾਈ ਨੇ ਓਜ਼ੋਨ ਪਰਤ ਨੂੰ ਪਤਲਾ ਕਰ ਦਿੱਤਾ ਹੈ ਅਤੇ ਪਰਾਬੈਂਗਣੀ ਕਿਰਨਾਂ ਦੀ ਧਰਤੀ 'ਤੇ ਪਹੁੰਚ ਬਣਨ ਲੱਗੀ ਹੈ।

ਧਰਤੀ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਹਰ ਸਾਲ 22 ਅਪ੍ਰੈਲ ਨੂੰ ਧਰਤੀ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਸਭ ਤੋਂ ਪਹਿਲਾਂ ਧਰਤੀ ਦਿਵਸ 1970 ਵਿਚ ਮਨਾਇਆ ਗਿਆ, ਜੋ ਹੁਣ ਲਗਾਤਾਰ ਸਾਲ ਸਾਲ ਦੇ ਵਕਫੇ ਅਤੇ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਵਿਚ ਹਰ ਸਾਲ ਜਲਵਾਯੂ ਸੰਕਟ ਨੂੰ ਧਿਆਨ ਵਿਚ ਰੱਖਦਿਆਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਚਾਰ-ਚਰਚਾ ਕੀਤੀ ਜਾਂਦੀ ਹੈ। ਪਰ ਇਨ੍ਹਾਂ ਸਾਲਾਂ ਵਿਚ ਕੋਈ ਤਸੱਲੀਬਖ਼ਸ਼ ਨਤੀਜੇ ਨਹੀਂ ਮਿਲੇ, ਬਲਕਿ ਪਰਨਾਲਾ ਉਥੇ ਦਾ ਉਥੇ ਹੀ ਹੈ। ਕਾਰਵਾਈਆਂ ਅਤੇ ਯੋਜਨਾਵਾਂ ਕੇਵਲ ਕਾਗਜ਼ਾਂ ਅਤੇ ਫਾਈਲਾਂ ਤੱਕ ਸਿਮਟ ਕੇ ਰਹਿ ਗਈਆਂ। ਇਸ ਤਰ੍ਹਾਂ ਇਹ ਮਸਲੇ ਕਦੇ ਨਹੀਂ ਸੁਲਝਣਗੇ। ਲੋੜ ਹੈ ਧਰਤੀ ਨੂੰ ਬਚਾਉਣ ਅਤੇ ਇਸ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਪ੍ਰਤੀ ਜਨ-ਜਨ ਨੂੰ ਜਾਗਰੂਕ ਕਰਨ ਦੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਠੋਸ ਅਤੇ ਕਾਰਗਰ ਨੀਤੀ ਬਣਾ ਕੇ ਉਸ ਨੂੰ ਪਾਰਦਰਸ਼ੀ ਨਾਲ ਲਾਗੂ ਕਰਨ ਦੀ, ਤਾਂ ਜੋ ਧਰਤੀ ਦਿਵਸ ਮਨਾਉਣ ਦਾ ਸੁਪਨਾ ਪੂਰਾ ਕਰਦੇ ਹੋਇਆਂ ਧਰਤੀ 'ਤੇ ਜੀਵਨ ਦੀ ਹੋਂਦ ਬਚਾਈ ਅਤੇ ਬਣਾਈ ਰੱਖੀ ਜਾ ਸਕੇ।

# ਸ਼ੇਰਨੀਆਂ

ਡਾਕਟਰ ਅਜੀਤ ਸਿੰਘ ਕੋਟਕਪੂਰਾ

(Punjab Mail USA)



ਮੂੰਹ ਹਨੇਰਾ ਹੋਣ ਤੋਂ ਪਹਿਲਾਂ ਦਾ ਸਮਾਂ ਸੀ, ਜਦੋਂ ਪਿਲੱਤਣ ਅਤੇ ਕਾਲਖ ਮੂੰਹ ਜੋੜ ਕੇ ਬੈਠਦੀਆਂ ਹਨ ਅਤੇ ਹਨੇਰਾ ਦੋਹਾਂ ਦੀ ਹੀ ਨਹੀਂ ਸੁਣਦਾ ਅਤੇ ਸਾਰੇ ਪਾਸਿਓਂ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਮੈਂ ਆਪਣੇ ਕਮਰੇ ਦੇ ਅੰਦਰ ਉਨ੍ਹਾਂ ਦੇ ਦਫਤਰ ਤੋਂ ਵਾਪਿਸ ਆਉਣ ਦਾ ਇੰਤਜ਼ਾਰ ਕਰ ਰਹੀ ਸਾਂ, ਤਾਂ ਜੋ ਇਕੱਠੇ ਬੈਠ ਕੇ ਚਾਹ ਦਾ ਆਨੰਦ ਲੈ ਸਕੀਏ। ਖਿਆਲਾਂ ਦੇ ਅੰਦਰ ਮੈਂ ਆਪਣੇ ਪਿੰਡ ਪੁੱਜ ਗਈ ਤੇ ਆਪਣੀ ਪੁਰਾਣੀ ਬਚਪਨ ਦੀ ਸਹੇਲੀ ਜੈਲੋ ਪੂਰਾ ਨਾਮ ਜਰਨੈਲ ਕੌਰ, ਨੂੰ ਯਾਦ ਕਰਨ ਲੱਗੀ। ਅਸੀਂ ਦੋਵੇਂ ਸਹੇਲੀਆਂ ਸ਼ੁਰੂ ਤੋਂ ਹੀ ਇਕੱਠੀਆਂ ਖੇਡ-ਖੇਡ ਵੱਡੀਆਂ ਹੋਈਆਂ ਸੀ। ਮੈਂ ਕੈਲੋ, ਪੂਰਾ ਨਾਮ ਕਰਨੈਲ ਕੌਰ, ਚੰਗੇ ਖਾਂਦੇ-ਪੀਂਦੇ ਪਰਿਵਾਰ ਵਿਚ ਜੰਮੀ ਸਾਂ। ਸਾਡੇ ਘਰ ਲਵੇਰੀਆਂ ਸਨ ਦੁੱਧ ਵਾਧ ਖੁੱਲ੍ਹਾ-ਡੁੱਲ੍ਹਾ ਸੀ। ਜਦੋਂ ਕਿ ਜੈਲੋ ਇੱਕ ਗਰੀਬ ਪਰਿਵਾਰ ਵਿਚੋਂ ਸੀ ਅਤੇ ਆਪਣੀ ਵਿਧਵਾ ਮਾਂ ਦਾ ਇਕੋ ਇੱਕ ਸਹਾਰਾ ਸੀ। ਮੈਂ ਆਪਣੀ ਹੋਸ਼ ਵਿਚ ਜੈਲੋ ਦੇ ਪਿਤਾ ਨੂੰ ਨਹੀਂ ਡਿਠਾ ਸੀ। ਜੈਲੋ ਵੀ ਆਖਦੀ ਕਿ ਮੈਂ ਵੀ ਆਪਣੇ ਪਿਤਾ ਦੀ ਤਸਵੀਰ ਹੀ ਦੇਖੀ ਹੈ। ਉਸ ਦੀ ਮਾਂ ਨੇ ਉਸ ਨੂੰ ਦੱਸਿਆ ਸੀ ਕਿ ਉਹ ਕੇਵਲ ਚਾਰ-ਪੰਜ ਸਾਲ ਦੀ ਸੀ, ਜਦੋਂ ਉਸ ਦੇ ਬਾਪ ਨੂੰ ਕਿਸੇ ਨਾ ਮੁਰਾਦ ਬਿਮਾਰੀ ਨੇ ਖਾ ਲਿਆ ਸੀ। ਅਨਪੜ੍ਹ ਮਾਂ ਨੂੰ ਬਿਮਾਰੀ ਦਾ ਨਾਂ ਕੀ ਪਤਾ ਹੋਣਾ ਸੀ ਅਤੇ ਉਹ ਆਪਣੀ ਬੇਟੀ ਨੂੰ ਕੀ ਦੱਸਦੀ ਕਿ ਕਿਹੜੀ ਚੰਦਰੀ ਬਿਮਾਰੀ ਸਾਡੀ ਖੁਸ਼ੀ ਲੁੱਟ ਕੇ ਲੈ ਗਈ ਸੀ। ਇਸ ਲਈ ਜੈਲੋ ਨੂੰ ਵੀ ਕੋਈ ਇਲਮ ਨਹੀਂ ਸੀ ਪਿਤਾ ਜੀ ਨੂੰ ਕਿਹੜੀ ਬਿਮਾਰੀ ਇਸ ਜਹਾਨ ਤੋਂ ਉਸ ਸਫ਼ਰ ਵਲ ਲੈ ਟੁਰੀ, ਜਿਥੋਂ ਕਦੇ ਕੋਈ ਵਾਪਿਸ ਨਹੀਂ ਮੁੜਦਾ ਹੁੰਦਾ। ਜੈਲੋ ਦੇ ਪਿਤਾ ਦੇ ਚਲੇ ਜਾਣ ਤੋਂ ਬਾਅਦ ਹੌਲੀ-ਹੌਲੀ ਸਾਰੇ ਰਿਸ਼ਤੇਦਾਰ ਉਨ੍ਹਾਂ ਤੋਂ ਕਿਨਾਰਾ ਕਰ ਗਏ। ਇਕ ਇਕੱਲੀ ਔਰਤ ਦਿਨ-ਰਾਤ ਇਕ ਕਰ ਆਪਣੀ ਇਕਲੌਤੀ ਧੀ ਨੂੰ ਪੜ੍ਹਾ-ਲਿਖਾ ਰਹੇ ਸਨ। ਉਸ ਦੀਆਂ ਮੰਗਾਂ ਪੂਰੀਆਂ ਕਰਨ ਲਈ ਉਹ ਹਰ ਯਤਨ ਕਰਦੇ ਸਨ ਅਤੇ ਕਦੇ ਵੀ ਉਨ੍ਹਾਂ ਦੇ ਮੱਥੇ ਵੱਟ ਪਿਆ ਨਹੀਂ ਦੇਖਿਆ ਸੀ। ਮੈਨੂੰ ਉਸ ਦੇ ਮੰਮੀ ਜੀ ਬਹੁਤ ਪਿਆਰੇ ਲੱਗਦੇ ਸਨ। ਭਾਵੇਂ ਮੈਂ ਉਨ੍ਹਾਂ ਨੂੰ ਆਂਟੀ ਆਖਦੀ ਸਾਂ। ਇਕ ਦਿਨ ਉਨ੍ਹਾਂ ਦੇ ਘਰ ਬੈਠੇ ਸਾਂ ਤੇ ਮੈਨੂੰ ਜੈਲੋ ਕਹਿਣ ਲੱਗੀ ਕਿ ਜੇ ਤੈਨੂੰ ਮੇਰੀ ਮੰਮੀ ਇਤਨੀ ਚੰਗੀ ਲੱਗਦੀ ਹੈ, ਤਾਂ ਤੂੰ ਉਨ੍ਹਾਂ ਨੂੰ ਮੰਮੀ ਬਣਾ ਲੈ। ਮੈਂ ਉਸ ਨੂੰ ਕਿਹਾ ਕਿ ਠੀਕ ਹੈ ਹੁਣ ਤੂੰ ਮੁਕਰ ਨਾ ਜਾਈਂ ਅੱਜ ਤੋਂ ਬਾਅਦ ਤੇਰੀ ਮੰਮੀ, ਮੇਰੀ ਤੇ ਮੇਰੀ ਮੰਮੀ ਤੇਰੀ। ਮੈਂ ਆਂਟੀ ਨੂੰ ਗਲਵਕੜੀ ਪਾ ਕੇ ਆਖਿਆ ਕਿ ਅੱਜ ਤੋਂ ਬਾਅਦ ਮੈਂ ਤੁਹਾਨੂੰ ਆਂਟੀ ਨਹੀਂ, ਮੰਮੀ ਹੀ ਆਖਿਆ ਕਰਾਂਗੀ, ਬੋਲੋ ਤੁਹਾਨੂੰ ਇਹ ਮਨਜ਼ੂਰ ਹੈ। ਉਹ ਮੈਨੂੰ ਪਿਆਰ ਨਾਲ ਘੁੱਟ ਕੇ ਆਖਣ ਲੱਗੇ ਕਿ ਅੱਜ ਤੋਂ ਮੇਰੇ ਦੋ ਬੇਟੇ ਹੋ ਗਏ ਅਤੇ ਨਾਲੇ ਖਿੜ-ਖਿੜ ਕੇ ਹੱਸਣ ਲੱਗ ਪਏ।

ਆਂਟੀ ਨਹੀਂ, ਸੱਚ ਮੰਮੀ ਪਿਆਰ ਨਾਲ ਜੈਲੋ ਨੂੰ ਬੇਟਾ ਜਾਂ ਲੱਡੂ ਪੁੱਤ ਆਖਿਆ ਕਰਦੇ ਸਨ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਕੋਈ ਪੁੱਤ ਨਾ ਹੋਣ ਕਾਰਨ ਉਸ ਨੂੰ ਲੱਡੂ ਪੁੱਤ ਆਖ ਆਪਣੇ ਮਨ ਦੀ ਅਧੂਰੀ ਰੀਝ ਨੂੰ ਪੂਰਾ ਕਰਦੇ ਸਨ। ਇਹ ਵੀ ਸੰਭਵ ਹੈ ਉਨ੍ਹਾਂ ਨੂੰ ਪੁੱਤ ਕਹਿਣ ਦੀ ਆਦਤ ਹੋਵੇ। ਪਰੰਤੂ ਜੈਲੋ ਸੋਚਦੀ ਸੀ ਕਿ ਮੰਮੀ ਮੈਨੂੰ ਪੁੱਤ ਆਖ ਇਹ ਦੱਸਣਾ ਚਾਹੁੰਦੇ ਹਨ ਕਿ ਮੈਂ ਸਮਾਜ ਦੇ ਅੰਦਰ ਕੁੜੀ ਬਣ ਨਿਤਾਣੀ ਨਾ ਰਹਿ ਜਾਵਾਂ, ਅੱਗੋਂ ਇਸ ਦੁਨੀਆਂ ਦਾ ਡੱਟ ਕੇ ਮੁਕਾਬਲਾ ਕਰਾਂ। ਮੈਨੂੰ ਇਹ ਗੱਲ ਜ਼ਿਆਦਾ ਜਚਦੀ ਸੀ ਕਿਉਂ ਜੋ ਛੋਟੇ ਮੰਮੀ, ਆਂਟੀ ਨੂੰ ਸੰਬੋਧਨ ਕਰਨ ਲਈ ਇਹ ਸ਼ਬਦ ਜੋੜ ਵਧੇਰੇ ਜਚਿਆ ਸੀ, ਇਸ ਲਈ ਮੈਂ ਇਸ ਦਾ ਪ੍ਰਯੋਗ ਕਰਨ ਲੱਗ ਗਈ ਸੀ, ਹਮੇਸ਼ਾ ਹੀ ਆਖਿਆ ਕਰਦੇ ਸੀ ਕਿ ਜੇਕਰ ਤੁਸੀਂ ਬਾਹਰਲੀ ਦੁਨੀਆਂ ਵਿਚ ਕੰਮਜ਼ੋਰ ਬਣ ਨਿਕਲੀਆਂ, ਤਾਂ ਤੁਹਾਨੂੰ ਨੋਚ-ਨੋਚ ਖਾ ਜਾਣ ਵਾਲੇ ਤੁਹਾਨੂੰ ਇੱਕ ਸ਼ਿਕਾਰ ਦੀ ਤਰ੍ਹਾਂ ਦੇਖਿਆ ਕਰਨਗੇ ਤੇ ਹਮੇਸ਼ਾ ਹੀ ਸ਼ਿਕਾਰੀ ਬਣ ਤੁਹਾਨੂੰ ਖਾਣ ਬਾਰੇ ਸੋਚਿਆ ਕਰਨਗੇ ਅਤੇ ਜੇ ਸ਼ੇਰਨੀਆਂ ਬਣ ਵਿਚਰੋਂਗੀਆਂ ਤਾਂ ਓਹੀ ਸ਼ਿਕਾਰੀ ਗਿੱਦੜ ਬਣ ਤੁਹਾਨੂੰ ਰਾਹ ਛੱਡ ਜਾਣਗੇ। ਉਸ ਵੇਲੇ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਪੈਂਦੀ ਸੀ ਕਿ ਛੋਟੀ ਮੰਮੀ ਕੀ ਸ਼ਿਕਾਰੀ-ਸ਼ਿਕਾਰ ਬਾਰੇ ਦੱਸੀ ਜਾਂਦੇ ਹਨ। ਪਰ ਅੱਜ ਉਹ ਗੱਲਾਂ ਯਾਦ ਆਉਂਦੀਆਂ ਹਨ ਅਤੇ ਸਮਝ ਵੀ ਪੈਂਦੀ ਹੈ।

ਜੈਲੋ ਦੀ ਮੇਰੇ ਨਾਲ ਹਰ ਗੱਲ ਦੀ ਸਾਂਝ ਸੀ। ਅਸੀਂ ਦੋਵੇਂ ਇੱਕ ਪਰਿਵਾਰ ਦਾ ਹਿਸਾ ਬਣ ਕੇ ਹੀ ਵਿਚਰ ਰਹੇ ਸਾਂ। ਕੋਈ ਖੁਸ਼ੀ-ਗਮੀ, ਤਿਓਹਾਰ, ਉਦਾਸੀ ਅਸੀਂ ਹਮੇਸ਼ਾ ਇੱਕਠੀਆਂ ਹੀ ਹੁੰਦੀਆਂ ਸੀ। ਮੈਨੂੰ ਤਾਂ ਇਹ ਵੀ ਯਾਦ ਨਹੀਂ ਕਿ ਮੇਰੇ ਵਿਆਹ ਤੋਂ ਪਹਿਲਾਂ ਕੋਈ ਦਿਨ ਆਪਸ ਵਿਚ ਮਿਲੇ ਬਿਨਾ ਲੰਘਿਆ ਹੋਵੇ। ਸਾਡੀਆਂ ਮੰਮੀਆਂ ਨੇ ਕਹਿਣਾ, ਪਤਾ ਨਹੀਂ ਕਿਹੜੀਆਂ ਗੱਲਾਂ ਹਨ ਜਿਹੜੀਆਂ ਇਨ੍ਹਾਂ ਦੀਆ ਮੁੱਕਦੀਆਂ ਹੀ ਨਹੀਂ, ਸਾਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਦੋ ਮੁੰਡੇ ਇਕੋ ਘਰ ਦੇ ਲੱਭਣੇ ਪੈਣੇ ਹਨ, ਤਾਂ ਜੋ ਇਹ ਵਿਆਹ ਕੇ ਵੀ ਅੱਡ ਨਾ ਹੋਣ। ਗੱਲਾਂ ਕਿਹੜੀਆਂ ਸਨ ਇਹ ਤਾਂ ਸਾਨੂੰ ਵੀ ਪਤਾ ਨਹੀਂ ਸੀ। ਸਾਨੂੰ ਗੱਲਾਂ ਕਰਨ ਦੀ ਆਦਤ ਸ਼ੁਰੂ ਤੋਂ ਹੀ ਸੀ ਕਿਉਂ ਜੋ ਸਕੂਲ ਵਿਚ ਅਸੀਂ ਇਕੋ ਬੈਂਚ 'ਤੇ ਬੈਠ ਕੇ ਹੀ ਪੜ੍ਹਾਈ ਕੀਤੀ ਸੀ। ਪਤਾ ਹੀ ਨਾ ਲੱਗਾ ਕਦੋਂ ਸਕੂਲ ਤੋਂ ਕਾਲਿਜ ਹੋ ਗਿਆ, ਉਥੇ ਵੀ ਇੱਕਠੀਆਂ ਬੈਠ ਲੈਕਚਰ ਲਾਉਣੇ ਤੇ ਗੱਪਾਂ ਹਕਣੀਆਂ। ਪਰ ਕਾਲਿਜ ਦੇ ਮੁੱਕਦਿਆਂ ਹੀ ਸਾਡੇ ਰਾਹ ਵੱਖੋ-ਵੱਖ ਹੋ ਗਏ।

ਜੈਲੋ ਨੇ ਕਾਲਜ ਤੋਂ ਬਾਅਦ ਨੌਕਰੀ ਪ੍ਰਾਪਤ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ। ਉਸ ਨੇ ਕੁਝ ਕੁ ਮੁਕਾਬਲੇ ਦੇ ਇਮਿਤਹਾਨ ਦਿੱਤੇ ਤੇ ਅਖੀਰ ਆਪਣੀ ਮਿਹਨਤ ਨਾਲ ਮੇਰੇ ਪਿਤਾ ਦੀ ਪਹੁੰਚ ਦਾ ਲਾਭ ਲੈ ਇਕ ਦਫਤਰ ਵਿਚ ਨੌਕਰੀ ਪ੍ਰਾਪਤ ਕਰ ਲਈ। ਉਸ ਦੇ ਮੰਮੀ ਦਾ ਪੈਰ ਹੁਣ ਭੁੰਜੇ ਨਹੀਂ ਲੱਗਦਾ ਸੀ। ਉਸ ਨੂੰ ਖੁਸ਼ੀ ਸੀ ਕਿ ਹੁਣ ਕੁਝ ਆਮਦਨ ਘਰ ਆਵੇਗੀ। ਅਸੀਂ ਸੌਖੇ ਦਿਨ ਗੁਜ਼ਾਰ ਸਕਾਂਗੇ। ਉਨ੍ਹਾਂ ਨੇ ਸਾਡੇ ਘਰ ਵੀ ਮਿਠਿਆਈ ਦਿੱਤੀ ਅਤੇ ਸਾਡੇ ਸਾਰੇ ਪਰਿਵਾਰ ਨਾਲ ਆਪਣੀ ਖੁਸ਼ੀ ਸਾਂਝੀ ਕਰ ਦਿੱਤੀ ਸੀ। ਉਧਰ ਸਾਡੇ ਪਰਿਵਾਰ ਨੇ ਵੀ ਦੱਸਿਆ, ਅਸੀਂ ਕੈਲੋ ਦੀ ਮੰਗਣੀ ਵੀ ਇਕ ਕੈਨੇਡਾ ਵਸਦੇ ਲੜਕੇ ਨਾਲ ਕਰ ਦਿੱਤੀ ਹੈ ਅਤੇ ਛੇਤੀ ਹੀ ਵਿਆਹ ਕਰ ਇਸਨੂੰ ਜਹਾਜ਼ੇ ਚੜ੍ਹਾ ਦੇਵਾਂਗੇ। ਸਾਰੇ ਖੁਸ਼ ਸਨ। ਮੇਰੇ ਛੋਟੇ ਮੰਮੀ ਨੇ ਥੋੜ੍ਹਾ ਉਦਾਸ ਚੇਹਰਾ ਦਿਖਾਇਆ ਕਿ ਹੁਣ ਕੈਲੋ ਦੂਰ ਚਲੀ ਜਾਵੇਗੀ ਤੇ ਜੈਲੋ ਦੀਆਂ ਕਮਲੀਆਂ-ਸ਼ਮਲੀਆਂ ਕੌਣ ਸੁਣੇਗਾ। ਸਾਡੇ ਘਰ ਦੀ ਰੌਣਕ ਅਧੂਰੀ ਰਹਿ ਜਾਵੇਗੀ। ਮੇਰੀ ਮੰਮੀ ਨੇ ਕਿਹਾ ਕਿ ਕੁੜੀਆਂ ਤਾਂ ਚਿੜੀਆਂ ਨੇ, ਇਨ੍ਹਾਂ ਨੇ ਇਕ ਦਿਨ ਉਡਣਾ ਹੀ ਹੈ। ਜੈਲੋ ਕਿੰਨਾ ਕੁ ਚਿਰ ਘਰ ਬੈਠੀ ਰਹੇਗੀ, ਅਖੀਰ ਕੋਈ ਚੰਗਾ ਘਰ ਦੇਖ ਇਸ ਨੂੰ ਵੀ ਆਪਣੇ ਘਰ ਤੌਰ ਦਿੱਤਾ ਜਾਵੇਗਾ। ਆਪਾਂ ਵੀ ਤਾਂ ਕੀਤੇ ਹੋਰ ਜੰਮੀਆਂ ਸੀ ਤੇ ਕਿਧਰੇ ਹੋਰ ਡੇਰਾ ਲਾ ਕੇ ਬੈਠੀਆਂ ਹਾਂ। ਇਹ ਤਾਂ ਇਸ ਜੱਗ ਦੀ ਰੀਤ ਹੈ, ਸਾਰੇ ਰਾਜੇ ਰਾਣੇ ਨਿਭਾਉਂਦੇ ਰਹੇ ਹਨ। ਅਸੀਂ ਜ਼ਮਾਨੇ ਤੋਂ ਵੱਖਰੇ ਨਹੀਂ ਹਾਂ। ਇਹ ਗੱਲਾਂ ਕਰਦੇ ਰਾਤ ਦਾ ਖਾਣਾ ਖਾ ਕੇ ਜੈਲੋ ਤੇ ਛੋਟੇ ਮੰਮੀ ਆਪਣੇ ਘਰ ਵੱਲ ਚੱਲ ਪਈਆਂ।

ਛੋਟੇ ਮੰਮੀ ਨੂੰ ਇਹ ਤਸੱਲੀ ਸੀ ਕਿ ਜੈਲੋ ਨੂੰ ਸਰਕਾਰੀ ਨੌਕਰੀ ਮਿਲ ਗਈ ਹੈ, ਇਸ ਕੁੜੀ ਲਈ ਕੋਈ ਚੰਗਾ ਰਿਸ਼ਤਾ ਮਿਲ ਜਾਵੇਗਾ ਅਤੇ ਇਸ ਦੇ ਬਾਪ ਦਾ ਸਪਨਾ ਪੂਰਾ ਹੋ ਜਾਵੇਗਾ। ਉਹ ਸਵਰਗ ਵਿਚੋਂ ਆਪਣੀ ਧੀ ਨੂੰ ਖੁਸ਼ ਦੇਖ ਖੁਸ਼ ਹੋ ਜਾਵੇਗਾ। ਜੈਲੋ ਨੂੰ ਨੌਕਰੀ 'ਤੇ ਜਾਣ ਲਈ ਬੱਸ ਉਪਰ ਜਾਣਾ ਪੈਂਦਾ ਸੀ। ਮੈਂ ਆਪਣੇ ਵਿਆਹ ਦੀ ਤਿਆਰੀ ਵਿਚ ਰੁਝ ਗਈ ਸਾਂ। ਬੱਸ ਵਿਆਹ ਦੀ ਤਰੀਕ ਹੀ ਤਹਿ ਕਰਨੀ ਹੀ ਬਾਕੀ ਸੀ। ਫਿਰ ਵੀ ਮੈਂ ਕਦੇ-ਕਦੇ ਛੋਟੀ ਮੰਮੀ ਨੂੰ ਮਿਲਣ ਚਲੀ ਜਾਂਦੀ ਸਾਂ। ਉਨ੍ਹਾਂ ਨੂੰ ਆਪਣੇ ਵਿਆਹ ਦੀ ਤਿਆਰੀ ਬਾਰੇ ਦੱਸ ਤੇ ਉਨ੍ਹਾਂ ਨਾਲ ਸਲਾਹ ਕਰ ਆਇਆ ਕਰਦੀ ਸਾਂ। ਭਾਵੇਂ ਜੈਲੋ ਨੂੰ ਮਿਲਣ ਦਾ ਮਨ ਸੀ ਪਰ ਉਹ ਰੀਝ ਪੂਰੀ ਨਹੀਂ ਹੋ ਰਹੀ ਸੀ ਕਿਉਂ ਜੋ ਉਹ ਸਵੇਰੇ ਹੀ ਚਲੀ ਜਾਂਦੀ ਸੀ ਅਤੇ ਦੇਰ ਰਾਤ ਘਰ ਮੁੜਦੀ ਸੀ। ਇਕ ਦਿਨ ਮੈਂ ਜਦ ਛੋਟੀ ਮੰਮੀ ਨੂੰ ਮਿਲਣ ਗਈ ਤਾਂ ਉਸ ਨੇ ਦੱਸਿਆ ਕੇ ਤੇਰੀ ਸਹੇਲੀ ਅੱਜ ਘਰ ਹੀ ਹੈ, ਉਸ ਨੂੰ ਕੋਈ ਛੁੱਟੀ ਹੈ। ਉਸ ਦੀ ਤਬੀਅਤ ਵੀ ਸਾਜ਼ਗਾਰ ਨਹੀਂ ਹੈ, ਉਸ ਨੂੰ ਮਿਲ ਲੈ, ਮੈਂ ਚਾਹ ਬਣਾ ਕੇ ਲੈ ਆਉਂਦੀ ਹਾਂ। ਉਸ ਨੂੰ ਪੁੱਛ ਕੇ ਉਸ ਨੇ ਕਿਹੋ ਜਿਹੇ ਮੁੰਡੇ ਨਾਲ ਵਿਆਹ ਕਰਵਾਉਣਾ ਹੈ, ਅਸੀਂ ਲੱਭੀਏ ਕਿ ਉਸ ਨੇ ਕੋਈ ਚੁਣ ਲਿਆ ਹੈ। ਮੈਂ ਅੰਦਰ ਗਈ ਤਾਂ ਦੇਖਿਆ ਕਿ ਉਹ ਸਿਰ ਸੁੱਟ ਕੇ ਰੋ ਰਹੀ ਸੀ। ਮੈਨੂੰ ਬਹੁਤ ਹੈਰਾਨੀ ਹੋਈ ਕਿ ਇਸ ਸ਼ੇਰਨੀ ਨੂੰ ਕੀ ਹੋਇਆ ਹੈ। ਮੈਂ ਉਸ ਨੂੰ ਉਠਾਇਆ ਤੇ ਪੁੱਛਿਆ ਕਿ ਮੇਮਸਾਬ ਕੀ ਗੱਲ ਹੈ, ਕਿਸੇ ਨੇ ਧੋਖਾ ਦਿੱਤਾ ਹੈ ਜਾਂ ਹੋਰ ਕੋਈ ਗੱਲ ਹੈ। ਉਹ ਮੈਨੂੰ ਚਿੰਬੜ ਗਈ ਤੇ ਕਹਿਣ ਲਗੀ ਮੈਂ ਮੇਮਸਾਬ ਨਹੀਂ ਹਾਂ ਅਤੇ ਤੇਰੇ ਲਈ ਤਾਂ ਮੈਂ ਓਹੀ ਜੈਲੋ ਹਾਂ। ਜੇ ਤੂੰ ਵਿਆਹ ਕਰਵਾ ਕੇ ਕੈਨੇਡਾ ਜਾਣਾ ਹੈ, ਤਾਂ ਸਾਨੂੰ ਤੰਗ ਕਿਉਂ ਕਰਦੀ ਹੈਂ। ਮੈਨੂੰ ਕੀਹਨੇ ਧੋਖਾ ਦੇਣਾ ਸੀ, ਮੈਂ ਤਾਂ ਕੁਝ ਪੈਸੇ ਇਕੱਠੇ ਕਰ ਲਵਾਂ, ਫਿਰ ਵਿਆਹ ਬਾਰੇ ਸੋਚਾਂਗੀ ਤੇ ਇਹ ਸੋਚਦੀ ਹਾਂ ਮੇਰੀ ਮਾਂ ਇਕੱਲੀ ਰਹਿ ਜਾਵੇਗੀ, ਅਜਿਹਾ ਮੁੰਡਾ ਦੇਖਾਂਗੀ, ਜੋ ਘਰ ਜਵਾਈ ਬਣ ਸਕਦਾ ਹੋਵੇ। ਇਹ ਤਾਂ ਸਭ ਠੀਕ ਹੈ ਪਰ ਤੂੰ ਅੱਖਾਂ ਕਿਉਂ ਸੁਜਾਈਆਂ ਨੇ।

ਲੈ ਸੁਣ ਮੇਰਾ ਦੁੱਖ! ਜਦੋਂ ਸਵੇਰੇ ਬਸ ਚੜ੍ਹਦੀ ਹਾਂ, ਭੁੱਖੇ ਕੰਬਖਤ ਲੋਕ ਕੁੜੀਆਂ ਨੂੰ ਆਪਣੀਆਂ ਅੱਖਾਂ ਨਾਲ ਨੋਚਣ ਲੱਗ ਜਾਂਦੇ ਹਨ। ਕੱਲੀ ਕੁੜੀ ਨੂੰ ਦੇਖ ਕਦੀ ਧਕੇ ਮਾਰਦੇ ਨੇ, ਬਸ ਵਿਚਲੀ ਭੀੜ ਦਾ ਫਾਇਦਾ ਉਠਾ ਕੇ ਨਾਲ ਜੁੜ-ਜੁੜ ਖੜ੍ਹੇ ਹੁੰਦੇ ਹਨ, ਅਸ਼ਲੀਲ ਹਰਕਤਾਂ ਕਰਦੇ ਹਨ। ਸਵੇਰੇ ਹੀ ਗੁੱਸੇ ਨਾਲ ਖੂਨ ਖੌਲਣ ਲੱਗ ਪੈਂਦਾ ਹੈ। ਹੋਰ ਦੇਖ ਨਵੇਂ-ਨਵੇਂ ਕਾਲਿਜ ਦੇ ਮੁੰਡੇ ਹਾਲੇ ਜੰਮ ਮੁੱਕੇ ਨਹੀਂ ਹੁੰਦੇ, ਕੁੜੀਆਂ ਨੂੰ ਛੇੜਨਾ ਸਿੱਖ ਜਾਂਦੇ ਹਨ। ਇੰਜ ਬੋਲਦੇ ਨੇ ਜਿਵੇਂ ਪਤਾ ਨਹੀਂ ਮਾਂ ਦੇ ਢਿੱਡ ਦੇ ਅੰਦਰੋਂ ਗੰਦ ਬਕਣਾ ਸਿੱਖ ਕੇ ਆਏ ਹਨ। ਛੋਟੇ ਮੰਮੀ ਚਾਹ ਲੈ ਕੇ ਆਏ, ਤਾਂ ਉਹ ਚੁੱਪ ਕਰ ਗਈ ਤੇ ਮੰਮੀ ਚਾਹ ਦੇ ਨਾਲ ਕੁਝ ਖਾਣ ਨੂੰ ਰੱਖ ਕੇ ਚਲੇ ਗਏ। ਬਾਹਰ ਉਨ੍ਹਾਂ ਨੂੰ ਘਰ ਦਾ ਕੰਮ ਅਵਾਜ਼ਾਂ ਮਾਰ ਰਿਹਾ ਸੀ। ਅਸੀਂ ਚਾਹ ਆਪਣੇ ਹੱਥਾਂ ਵਿਚ ਲੈ ਕੇ ਫਿਰ ਗੱਲੀ ਜੁਟ ਗਈਆਂ। ਮੈਂ ਕਿਹਾ ਕਿ ਓ ਸ਼ੇਰਨੀਏ, ਇਹ ਕੋਈ ਨਵੀਂ ਗੱਲ ਹੈ, ਇਹ ਸਭ ਤਾਂ ਸਾਡੇ ਨਾਲ ਹੁੰਦਾ ਹੀ ਰਹਿੰਦਾ ਹੈ। ਜਦੋਂ ਮੈਂ ਕਹਿੰਦੀ ਸੀ ਕਿ ਕਿਉਂ ਨਾ ਆਪਾਂ ਇਨ੍ਹਾਂ ਭੂੰਡ ਆਸ਼ਕਾਂ ਨੂੰ ਮਜ਼ਾ ਚਖਾਈਏ, ਤੂੰ ਮੈਨੂੰ ਆਖਦੀ ਸੀ, ਛੱਡ ਯਾਰ ਕੁੱਤੇ ਤਾਂ ਭੌਂਕਦੇ ਹੀ ਹੁੰਦੇ ਹਨ ਅਤੇ ਹਾਥੀ ਅਜਿਹੇ ਕੁੱਤਿਆਂ ਦੀ ਪ੍ਰਵਾਹ ਕਰੇ ਬਿਨਾ ਆਪਣਾ ਰਸਤਾ ਨਾਪਦੇ ਰਹਿੰਦੇ ਹਨ। ਇਹੋ ਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਨਹੀਂ ਘਬਰਾਈਦਾ ਹੁੰਦਾ। ਜੈਲੋ ਕਹਿੰਦੀ ਕਿ ਇਹ ਕੋਈ ਛੋਟੀ ਜਿਹੀ ਗੱਲ ਹੈ। ਮੈਂ ਕਿਹਾ ਕਿ ਮੇਰਾ ਮਤਲਬ ਸੀ ਕਿ ਕੁੱਤਿਆਂ ਨੂੰ ਭੌਂਕਣ ਦੇ। ਜੈਲੋ ਕਹਿੰਦੀ ਭੌਂਕਣ ਤੱਕ ਤਾਂ ਠੀਕ ਹੈ ਜੇ ਵੱਢਣ ਲੱਗਣ ਤਾਂ? ਹੱਛਾ ਦੱਸ! ਕੋਈ ਖਾਸ ਗੱਲ ਹੋਈ ਹੈ। ਅੱਗੇ ਤਾਂ ਸੁਣ, ਜਦੋਂ ਦਫਤਰ ਪੈਰ ਪਾਉਂਦੀ ਹਾਂ, ਤਾਂ ਦਰਜਾ ਚਾਰ ਤੋਂ ਲੈ ਕੇ ਵੱਡੇ ਅਫਸਰ ਤੱਕ ਇੰਞ ਝਾਕਦੇ ਹਨ, ਜਿਵੇਂ ਇਨ੍ਹਾਂ ਦੇ ਘਰਾਂ ਅੰਦਰ ਮਾਂਵਾਂ ਭੈਣਾਂ ਤਾਂ ਹਨ ਹੀ ਨਹੀਂ। ਅਸੀਂ ਆਪਣੇ ਦਫਤਰ ਤਿੰਨ ਕੁੜੀਆਂ ਹਾਂ, ਇੱਕ ਵਿਚਾਰੀ ਹੈਂਡੀਕੈਪ ਹੈ -ਮੋਹਣੀ ਤੇ ਦੂਜੀ ਦਾ ਰੰਗ ਸਾਂਵਲਾ ਹੈ, ਉਹ ਹੈ -ਸ਼ੀਲਾ। ਉਨ੍ਹਾਂ ਦਫਤਰ ਵਾਲਿਆਂ ਦੀਆਂ ਗੰਦੀਆਂ ਨਜ਼ਰਾਂ ਕਿਸੇ ਨੂੰ ਵੀ ਨਹੀਂ ਬਖਸ਼ਦੀਆਂ। ਸਵੇਰੇ ਫਤਿਹ ਬੁਲਾਈਏ ਤਾਂ ਕਹਿਣਗੇ, ਕਿਵੇਂ ਹੈ ਸੋਹਣਿਓ, ਅੱਜ ਤਾਂ ਬੜੇ ਹੀ ਫੱਬਣ ਡਹੇ ਹੋ। ਕੋਈ ਕਤਲ ਕਰਨ ਦਾ ਇਰਾਦਾ ਹੈ। ਹੱਦ ਤਾਂ ਉਦੋਂ ਹੋ ਗਈ, ਜਦੋਂ ਅਫਸਰ ਕੋਲ ਆਪਦਾ ਰੋਣਾ ਰੋਇਆ, ਤਾਂ ਉਹ ਕਹਿੰਦਾ ਕਿ ਮੁੰਡੇ ਜੇ ਹਾਸਾ ਮਖੌਲ ਕਰਦੇ ਹਨ, ਤਾਂ ਤੁਸੀਂ ਹੱਸ ਕੇ ਟਾਲ ਦਿਆ ਕਰੋ। ਕੋਈ ਹੋਰ ਸਮੱਸਿਆ ਹੈ, ਤਾਂ ਦੱਸੋ ਮੈਂ ਤੁਹਾਡੀ ਰਾਖੀ ਲਈ ਹਾਜ਼ਰ ਹਾਂ। ਅਫਸਰ ਤੋਂ ਵਾਪਸ ਆ ਕੇ ਢਿਲੇ ਜਿਹੇ ਹੋ ਕੇ ਕੰਮ 'ਤੇ ਲੱਗ ਪਏ ਅਤੇ ਨਾਲ ਹੀ ਤਿੰਨਾਂ ਨੇ ਫੈਸਲਾ ਕਰ ਲਿਆ ਕਿ ਅਸੀਂ ਕਿਸੇ ਨੂੰ ਨਹੀਂ ਬੁਲਾਉਣਾ ਤੇ ਕੇਵਲ ਲੋੜ ਦੀ ਗੱਲ ਹੀ ਕਰਨੀ ਹੈ। ਜਦੋਂ ਅਫਸਰ ਨੇ ਨਾ ਸੁਣੀ ਤਾਂ ਉਨ੍ਹਾਂ ਦਾ ਹੌਂਸਲਾ ਵੱਧ ਗਿਆ ਤੇ ਇਕ ਦਿਨ ਜਦੋਂ ਵਿਚਾਰੀ ਮੋਹਣੀ ਉੱਠ ਕੇ ਅਫਸਰ ਕੋਲ ਕਿਸੇ ਕੰਮ ਲਈ ਜਾਣ ਲੱਗੀ ਤਾਂ ਇਕ ਬੋਲਿਆ ਸੋਹਣਿਓ ਕਿਉਂ ਔਖੇ ਹੁੰਦੇ ਹੋ, ਤੁਹਾਡੀ ਫਾਈਲ ਅਸੀਂ ਲੈ ਜਾਂਦੇ ਹਾਂ, ਜੇ ਤੁਹਾਡਾ ਜਾਣਾ ਜ਼ਰੂਰੀ ਹੈ, ਤਾਂ ਮੈਂ ਤੁਹਾਨੂੰ ਚੁੱਕ ਕੇ ਲੈ ਚਲਦਾ ਹਾਂ। ਬੱਸ ਇਹ ਸੁਣ ਮੈਂ ਸਹਾਰ ਨਾ ਸਕੀ ਤੇ ਆਪਣੀ ਥਾਂ ਤੋਂ ਉੱਠ ਕੇ ਜ਼ਰਾ ਕੜਕਦੀ ਆਵਾਜ਼ ਵਿਚ ਬੋਲ ਪਈ ਕਿ ਮੋਹਣੀ ਆਪ ਤੁਰ ਕੇ ਜਾ ਸਕਦੀ ਹੈ, ਇਸ ਤਰ੍ਹਾਂ ਬਕਵਾਸ ਕਰਨ ਦੀ ਲੋੜ ਨਹੀਂ। ਮੇਰੀ ਆਵਾਜ਼ ਸੁਣ ਸਾਰਾ ਦਫਤਰ ਇਕੱਠਾ ਹੋ ਗਿਆ ਤੇ ਪਵਨ ਗੁੱਸੇ ਵਿਚ ਆ ਕੇ ਬੋਲਣ ਲੱਗਾ, ਮੈਂ ਤੈਨੂੰ ਕੁਝ ਆਖਿਆ ਨਹੀਂ ਜੇ ਤੈਨੂੰ ਬੁਰਾ ਲੱਗਾ ਹੈ ਤਾਂ ਮੈਂ ਤੈਨੂੰ ਚੁੱਕ ਲਵਾਂ। ਮੈਂ ਤਾਂ ਗੁੱਸੇ ਨਾਲ ਭਰੀ ਹੋਈ ਸੀ। ਮੈਂ ਅੱਗੇ ਵੱਧ ਕੇ ਉਸ ਦੇ ਇਕ ਚਪੇੜ ਜੜ੍ਹ ਦਿੱਤੀ। ਜਦੋਂ ਉਹ ਮੈਨੂੰ ਮਾਰਨ ਲਈ ਤਿਆਰ ਹੋਇਆ, ਤਾਂ ਬਾਕੀ ਸਾਥੀਆਂ ਨੇ ਹਟਾ ਦਿੱਤਾ ਤੇ ਅਫਸਰ ਨੇ ਕਿਹਾ, ਸਾਰੇ ਆਪਣੀਆਂ-ਆਪਣੀਆਂ ਸੀਟਾਂ 'ਤੇ ਜਾਓ, ਤੁਸੀਂ ਮੇਰੇ ਕਮਰੇ ਵਿਚ ਆ ਜਾਓ। ਜਦੋਂ ਮੈਂ ਉਸ ਨੂੰ ਸਾਰੀ ਗੱਲ ਦੱਸੀ ਕਿ ਇਹ ਮੋਹਣੀ ਨੂੰ ਛੇੜ ਰਿਹਾ ਸੀ, ਤਾਂ ਅਫਸਰ ਨੇ ਕਿਹਾ ਜਦੋਂ ਤੈਨੂੰ ਕੁਝ ਨਹੀਂ ਆਖਿਆ ਤਾਂ ਕਿਉਂ ਭੜਕੀ ਸੀ। ਜੇ ਆਖਿਆ ਵੀ ਹੁੰਦਾ, ਤਾਂ ਤੂੰ ਮੁੰਡਿਆਂ ਨੂੰ ਥੱਪੜ ਮਾਰਿਆ ਕਰੇਂਗੀ। ਇਹ ਤੇਰੀ ਗਲਤੀ ਹੈ ਤੈਨੂੰ ਹੁਣੇ ਪਵਨ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਮੈਨੂੰ ਸਾਰਿਆਂ ਦੇ ਸਾਹਮਣੇ ਉਸ ਖਸਮਾਂ ਖਾਣੇ ਕੋਲੋਂ ਮੁਆਫੀ ਮੰਗਣੀ ਪਈ ਤੇ ਹੋਰ ਦੇਖ ਜਿਸ ਦੀ ਖਾਤਿਰ ਮੈਂ ਸਭ ਕੁਝ ਕੀਤਾ, ਉਹ ਪਹਿਲਾਂ ਤਾਂ ਚੁੱਪ ਰਹੀ, ਫੇਰ ਮੈਨੂੰ ਹੀ ਕਹਿਣ ਲੱਗੀ ਕਿ ਕੀ ਲੋੜ ਸੀ ਬਖੇੜਾ ਖੜ੍ਹਾ ਕਰਨ ਦੀ। ਤੈਨੂੰ ਪਤਾ ਹੈ ਕਿ ਮੁੰਡੇ ਆਪਣੀ ਬੇਇਜ਼ਤੀ ਦਾ ਬਦਲਾ ਕਿਵੇਂ ਲੈਂਦੇ ਹਨ। ਇਹ ਦੱਸ ਜੈਲੋ ਦੀਆਂ ਵਿਚੋਂ ਫੇਰ ਮੀਂਹ ਵਸਣ ਲੱਗ ਪਿਆ। ਇਕ ਵਾਰ ਤਾਂ ਮੈਨੂੰ ਵੀ ਸਮਝ ਨਾ ਲੱਗੀ ਕਿ ਮੈਂ ਜੈਲੋ ਨੂੰ ਕਿਵੇਂ ਹੌਂਸਲਾ ਦੇਵਾਂ।

ਫਿਰ ਮੈਂ ਹੌਂਸਲਾ ਜੁਟਾ ਕੇ ਬੋਲੀ ਮੈਂ ਜੈਲੋ ਨੂੰ ਜਾਣਦੀ ਹਾਂ, ਤੂੰ ਕੰਮਜ਼ੋਰ ਨਹੀਂ ਹੈਂ, ਇੱਕ ਬਹਾਦਰ ਲੜਕੀ ਹੀ ਨਹੀਂ, ਇਕ ਸ਼ੇਰਨੀ ਹੈਂ। ਬੁਰਾਈ ਵਿਰੁੱਧ ਖੜ੍ਹੀ ਹੋ ਕੇ ਡੱਟ ਕੇ ਮੁਕਾਬਲਾ ਕਰ ਸਕਦੀ ਹੈਂ, ਤੂੰ ਸਮਝਦੀ ਹੈਂ ਕੇ ਜ਼ੁਲਮ ਕਰਨਾ ਪਾਪ ਹੈ, ਤਾਂ ਜ਼ੁਲਮ ਸਹਿਣਾ ਵੀ ਪਾਪ ਹੈ। ਕੈਲੋ ਤੂੰ ਸੋਚਦੀ ਹੋਵੇਂਗੀ ਮੈਂ ਡਰ ਗਈ ਹਾਂ ਤੇ ਬਾਕੀ ਦਫਤਰ ਵਾਲੇ ਵੀ ਇੰਜ ਹੀ ਸੋਚਣਗੇ। ਮੈਂ ਘਰ ਨਹੀਂ ਬੈਠਾਂਗੀ, ਮੈਂ ਤਾਂ ਇੱਟ ਦਾ ਜੁਆਬ ਪੱਥਰ ਨਾਲ ਦੇਵਾਂਗੀ। ਮੈਂ ਡਰ ਕੇ ਖੁਦ ਵਿਚ ਲੁਕ ਕੇ ਨਹੀਂ ਬੈਠਣ ਵਾਲੀ। ਮੈਂ ਇੱਕ ਹੋਰ ਤਰੀਕਾ ਸੋਚਿਆ ਹੈ, ਤੂੰ ਵਾਅਦਾ ਕਿ ਮੇਰੀ ਇਹ ਤਰਕੀਬ ਕਿਸੇ ਨੂੰ ਵੀ ਨਹੀਂ ਦਸੇਂਗੀ, ਮੇਰੀ ਮੰਮੀ ਨੂੰ ਵੀ ਨਹੀਂ। ਮੈਂ ਜਕੋ ਤੱਕੀ ਵਿਚ ਉਸ ਨੂੰ ਵਾਅਦਾ ਕਰ ਦਿੱਤਾ। ਉਹ ਆਪਣੀ ਯੋਜਨਾ ਸਮਝਾਉਣ ਲੱਗੀ ਕਿ ਸਾਰੇ ਦਫਤਰ ਵਿਚ ਇਹ ਗੱਲ ਘੁਮਾ ਦੇਵਾਂਗੀ ਕਿ ਮੈਂ ਕਿਸੇ ਲਾ-ਇਲਾਜ ਬਿਮਾਰੀ ਦੀ ਮਰੀਜ਼ ਹਾਂ ਜਿਵੇਂ ਏਡਜ਼ ਜਿਹੀ ਬਿਮਾਰੀ ਹੁੰਦੀ ਹੈ। ਮੈਂ ਇਸ ਨੂੰ ਕਿਹਾ ਕਿ ਕੀ ਤੂੰ ਸੋਚਦੀ ਹੈਂ ਕਿ ਉਹ ਸਾਰੇ ਇਨੇ ਹੀ ਬੇਵਕੂਫ਼ ਹਨ, ਜਿਹੜੇ ਤੇਰਾ ਇਹ ਝੂਠ ਸੱਚ ਮੰਨ ਲੈਣਗੇ, ਜਦੋਂ ਕਿ ਤੂੰ ਬਿਮਾਰ ਜਾਪਦੀ ਹੀ ਨਹੀਂ। ਤਾਂ ਜੈਲੋ ਨੇ ਆਖਿਆ ਕਿ ਯਤਨ ਕਰ ਦੇਖਦੀ ਹਾਂ। ਮੈਂ ਤਾਂ ਸਭ ਨੂੰ ਡਰਾਉਣਾ ਹੀ ਹੈ ਤੇ ਇਹ ਕਹਿ ਕੇ ਉਹ ਖਿੜਖਿੜਾ ਕੇ ਹੱਸਣ ਲੱਗ ਪਈ। ਮੈਂ ਉਸ ਦਾ ਹਾਸਾ ਵੇਖ ਕਿਹਾ ਕਿ ਜੇ ਤੂੰ ਜਾ ਕੇ ਆਖੇਂਗੀ ਕਿ ਸਰ! ਮੈਂ ਤਾਂ ਕਿਸੇ ਲਾ ਇਲਾਜ ਬਿਮਾਰੀ ਦੀ ਮਰੀਜ਼ ਹਾਂ ਤਾਂ ਉਹ ਤੇਰਾ ਮੈਡੀਕਲ ਕਰਵਾਏਗਾ ਤੇ ਨੌਕਰੀ ਵਿਚੋਂ ਕਢਵਾ ਦੇਵਗਾ। ਮੈਨੂੰ ਨਹੀਂ ਲੱਗਦਾ ਕਿ ਤੇਰਾ ਇਹ ਪਲਾਨ ਚਲੇਗਾ। ਤੂੰ ਇਹ ਪੰਗਾ ਨਾ ਲੈ। ਲੈਣੇ ਦੇ ਦੇਣੇ ਨਾ ਪੈ ਜਾਣ। ਇਸ 'ਤੇ ਜੈਲੋ ਆਖਣ ਲੱਗੀ ਕਿ ਮੈਨੂੰ ਇਹ ਪਤਾ ਹੈ ਕਿ ਜੇ ਕਰ ਕੋਈ ਐੱਚ.ਆਈ.ਵੀ. ਪਾਜ਼ੀਟਿਵ ਹੋਵੇ, ਉਸ ਨੂੰ ਨੌਕਰੀ ਵਿਚੋਂ ਨਹੀਂ ਕੱਢਿਆ ਜਾ ਸਕਦਾ, ਇਹ ਗੈਰ ਕਾਨੂੰਨੀ ਹੁੰਦਾ ਹੈ। ਮੈਂ ਉਸ ਨੂੰ ਆਖਿਆ ਕਿ ਇਸ ਸਕੀਮ ਨੂੰ ਦਫ਼ਾ ਕਰ। ਮੈਨੂੰ ਤਾਂ ਠੀਕ ਨਹੀਂ ਲੱਗਦਾ। ਉਸ ਨੇ ਕਿਹਾ ਕਿ ਬਸ ਤੂੰ ਆਪਣੇ ਵਾਅਦੇ 'ਤੇ ਕਾਇਮ ਰਹੀਂ, ਬਿਲਕੁਲ ਵੀ ਹਵਾ ਨਾ ਕੱਢੀ। ਸ਼ਾਮ ਢਲ ਚੁੱਕੀ ਸੀ ਤੇ ਮੈਂ ਉਸ ਦੀ ਸਕੀਮ ਨੂੰ ਢਿੱਡ ਵਿਚ ਰੱਖ ਆਪਣੇ ਘਰ ਚਲੀ ਗਈ। ਅਗਲੇ ਦਿਨ ਜੈਲੋ ਦਫਤਰ ਤੋਂ ਸਿੱਧੀ ਹੀ ਸਾਡੇ ਘਰ ਆ ਗਈ ਤੇ ਦੱਸਣ ਲੱਗੀ ਕਿ ਅੱਜ ਬਹੁਤ ਹੀ ਮਜ਼ਾ ਆਇਆ, ਜਿਵੇਂ ਮੈਂ ਸੋਚਿਆ ਸੀ ਉਸੇ ਤਰ੍ਹਾਂ ਹੀ ਹੋਇਆ, ਕੋਈ ਵੀ ਮੇਰੇ ਨੇੜੇ ਆਉਣ ਦੀ ਜ਼ੁਰਅਤ ਨਹੀਂ ਕਰਦਾ, ਦੋਵੇਂ ਕੁੜੀਆਂ ਵੀ ਮੈਥੋਂ ਦੂਰ ਹੋ ਗਈਆਂ ਹਨ। ਹੁਣ ਉਸ ਦਫਤਰ ਅੰਦਰ ਮੇਰਾ ਰਾਜ ਹੈ ਮੈਂ ਸ਼ੇਰਨੀ ਹਾਂ ਅਤੇ ਬਾਕੀ ਸਾਰੇ ਸ਼ਿਕਾਰ ਦੀ ਤਰ੍ਹਾਂ ਮੈਥੋਂ ਦੂਰ-ਦੂਰ ਭੱਜ ਰਹੇ ਹਨ। ਸੱਪ ਮਾਰ ਦਿੱਤਾ ਹੈ ਅਤੇ ਲਾਠੀ ਵੀ ਸਾਬਤ ਸਬੂਤ ਹੈ।

ਮੈਂ ਆਪਣੇ ਕੰਮਾਂ ਵਿਚ ਰੁੱਝ ਗਈ। ਵਿਆਹ ਦੀ ਤਰੀਕ ਪੱਕੀ ਕਰ ਲਈ ਗਈ। ਸਾਰਾ ਟੱਬਰ ਤਿਆਰੀਆਂ ਵਿਚ ਲੱਗ ਗਿਆ। ਛੋਟੇ ਮੰਮੀ ਨੂੰ ਵੀ ਦੱਸਣ ਲਈ ਮੈਂ ਹੀ ਗਈ। ਅਸਲ ਵਿਚ ਮੈਂ ਜੈਲੋ ਦਾ ਹਾਲ ਜਾਣਨਾ ਸੀ। ਉਹ ਮੈਨੂੰ ਖਿੱਚ ਕੇ ਅੰਦਰ ਲੈ ਗਈ ਤੇ ਮੇਰੀ ਗੱਲ ਸੁਣ ਕੇ ਉਦਾਸ ਹੋ ਗਈ ਕਿ ਤੂੰ ਵੀ ਹੁਣ ਮੈਨੂੰ ਛੱਡ ਕੇ ਚਲੀ ਜਾਵੇਂਗੀ। ਮੈਂ ਉਸ ਨੂੰ ਪੁੱਛਿਆ ਕੇ ਤੂੰ ਦੱਸ ਤੇਰਾ ਕਿ ਹਾਲ ਹੈ। ਉਸ ਨੇ ਹੁਣ ਦੱਸਿਆ ਕਿ ਹੁਣ ਮੇਰੇ ਦਫਤਰ ਦਾ ਇਕ ਮੁੰਡਾ ਮਹਿੰਦਰ ਰੋਜ਼ਾਨਾ ਮੈਨੂੰ ਇੱਕਲੀ ਨੂੰ ਰੋਟੀ ਖਾਂਦਾ ਵੇਖ ਮੇਰੇ ਕੋਲ ਬੜੇ ਅਦਬ ਨਾਲ ਬੈਠ ਜਾਂਦਾ ਹੈ। ਮੈਨੂੰ ਲੱਗਦਾ ਹੈ ਉਸ ਨੂੰ ਮੇਰੇ ਉਪਰ ਤਰਸ ਆਉਂਦਾ ਹੈ ਤੇ ਉਹ ਮੇਰੇ ਕੋਲ ਆਉਣ ਤੋਂ ਬਿਲਕੁਲ ਵੀ ਡਰਦਾ ਨਹੀਂ ਹੈ। ਇੱਕ ਦਿਨ ਉਸ ਨੇ ਮੈਨੂੰ ਕਿਹਾ ਕਿ ਜਰਨੈਲ ਮੈਂ ਤੈਨੂੰ ਇਕੱਲੀ ਨੂੰ ਮਿਲਣਾ ਚਾਹੁੰਦਾ ਹਾਂ। ਮੈਂ ਪੁੱਛਿਆ ਕਿ ਮਤਲਬ! ਉਸ ਨੇ ਆਖਿਆ ਕਿ ਮੈਂ ਕੋਈ ਜ਼ਰੂਰੀ ਗੱਲ ਕਰਨੀ ਹੈ, ਜਿਹੜੀ ਦਫਤਰ ਵਿਚ ਨਹੀਂ ਕੀਤੀ ਜਾ ਸਕਦੀ। ਮੈਂ ਡਰਦੀ-ਡਰਦੀ ਉਸ ਨੂੰ ਇਸ ਐਤਵਾਰ ਮਿਲਣ ਦਾ ਸਮਾਂ ਦੇ ਦਿੱਤਾ ਹੈ। ਅਸੀਂ ਅਸ਼ੋਕਾ ਹੋਟਲ ਵਿਚ ਮਿਲਾਂਗੇ। ਤੂੰ ਮੇਰੇ ਨਾਲ ਚਲੀਂ। ਘਰੇ ਕੱਪੜੇ ਖਰੀਦ ਕਰਨ ਲਈ ਕਹਿ ਕੇ ਚਲਾਂਗੇ। ਤੂੰ ਤਿਆਰ ਰਹੀਂ।

ਐਤਵਾਰ ਨੂੰ ਅਸੀਂ ਦੋਵੇਂ ਜਣੀਆਂ ਘਰੇ ਦੱਸ ਕੇ ਅਸ਼ੋਕਾ ਹੋਟਲ ਪੁੱਜ ਗਈਆਂ। ਮਹਿੰਦਰ ਸਾਨੂੰ ਉਡੀਕ ਰਿਹਾ ਸੀ। ਉਸ ਨੇ ਤਿਨ ਕੋਕਾ ਕੋਲਾ ਮੰਗਵਾ ਲੈ। ਜੈਲੋ ਨੇ ਕਿਹਾ ਕਿ ਇਹ ਮੇਰੀ ਸਹੇਲੀ ਕਰਨੈਲ ਨਹੀਂ, ਸੱਚ ਮੇਰੀ ਭੈਣ ਹੈ ਤੇ ਇਹ ਮੇਰਾ ਕੁਲੀਗ ਮਹਿੰਦਰ ਸਿੰਘ। ਮਹਿੰਦਰ ਨੇ ਕਿਹਾ ਕਿ ਮੈਨੂੰ ਆਏ ਨੂੰ ਤਾਂ ਘੰਟਾ ਕੁ ਹੀ ਹੋਇਆ ਹੈ। ਚੰਗਾ ਹੋਇਆ ਕਿ ਤੁਸੀਂ ਆ ਗਏ।

ਮਹਿੰਦਰ ਬੋਲਿਆ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਗੱਲ ਕਿਥੋਂ ਸ਼ੁਰੂ ਕਰਾਂ। ਮੈਂ ਤੁਹਾਨੂੰ ਪਹਿਲੇ ਦਿਨ ਤੋਂ ਹੀ ਪਸੰਦ ਕਰਦਾ ਹਾਂ ਪਰ ਡਰਦਾ ਕਦੇ ਤੁਹਾਨੂੰ ਕੁਝ ਆਖ ਨਹੀਂ ਸਕਿਆ ਕਿ ਪਤਾ ਨਹੀਂ ਤੁਹਾਨੂੰ ਕਿਵੇਂ ਲਗੇਗਾ। ਪਰ ਮੈਂ ਰਹਿ ਨਹੀਂ ਸਕਿਆ। ਜੇ ਕਰ ਠੀਕ ਲੱਗੇ ਤਾਂ ਮੈਂ ਜ਼ਿੰਦਗੀ ਇਕੱਠੇ ਬਿਤਾਉਣ ਬਾਰੇ ਸੋਚ ਲਈਏ।

ਜੈਲੋ ਇਕਦਮ ਬੋਲ ਪਈ ਤੁਹਾਨੂੰ ਪਤਾ ਹੈ ਕਿ ਮੈਨੂੰ ਇਕ ਲਾ ਇਲਾਜ ਬਿਮਾਰੀ ਹੈ।

ਮਹਿੰਦਰ ਨੇ ਕਿਹਾ ਕਿ ਇਸ ਦਾ ਮੈਨੂੰ ਨਹੀਂ ਸਾਰੇ ਦਫਤਰ ਵਾਲਿਆਂ ਨੂੰ ਪਤਾ ਹੈ। ਅਤੇ ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਫਿਰ ਵੀ ਤੁਸੀਂ ਮੈਨੂੰ ਆਪਣਾ ਬਣਾਉਣ ਬਾਰੇ ਸੋਚ ਰਹੇ ਹੋ।

ਮਹਿੰਦਰ ਨੇ ਆਖਿਆ ਕੇ ਮੈਂ ਸਮਝਦਾ ਹਾਂ ਕਿ ਡਾਕਟਰ ਤੋਂ ਅਣਗਹਿਲੀ ਹੋਈ ਹੈ, ਮੈਂ ਤਾਂ ਤੁਹਾਨੂੰ ਪਿਆਰ ਕਰਦਾ ਹਾਂ ਤੇ ਤੁਹਾਨੂੰ ਆਪਣੀ ਬਣਾਉਣੀ ਲੋਚਦਾ ਹਾਂ। ਮੈਨੂੰ ਵੀ ਇਹ ਲੈ ਇਲਾਜ ਬਿਮਾਰੀ ਡਾਕਟਰ ਦੀ ਅਣਗਹਿਲੀ ਨੇ ਹੀ ਦਿਤੀ ਹੈ ਉਸ ਦੇ ਟੀਕੇ ਤੋਂ ਮੈਨੂੰ ਇਹ ਬਿਮਾਰੀ ਹੋਈ ਹੈ। ਜੈਲੋ ਇਕਦਮ ਤਰਸ ਨਾਲ ਭਰ ਗਈ ਤੇ ਸੋਚਣ ਲੱਗੀ। ਕਰਨੈਲ ਨੇ ਜੈਲੋ ਨੂੰ ਉਠਾ ਲਿਆ ਤੇ ਜੈਲੋ ਨੇ ਕਿਹਾ ਕਿ ਮੈਂ ਸੋਚਾਂਗੀ ਤੇ ਤੁਹਾਨੂੰ ਦੱਸਾਂਗੀ। ਅਸੀਂ ਹੋਟਲ ਵਿਚੋਂ ਬਾਹਰ ਆ ਗਈਆਂ। ਰਸਤੇ ਵਿਚ ਅਸੀਂ ਕੋਈ ਗੱਲ ਨਾ ਕੀਤੀ ਤੇ ਆਪਣੇ ਆਪਣੇ ਘਰ ਜਾ ਵੜੀਆਂ।

ਅਗਲੀ ਸਵੇਰ ਜੈਲੋ ਦਫਤਰ ਲਈ ਤਿਆਰ ਹੋਈ ਤਾਂ ਉਸ ਨੂੰ ਆਪਣਾ ਆਪ ਕੁਝ ਵੱਖਰਾ ਲੱਗ ਰਿਹਾ ਸੀ। ਮਨ ਦੇ ਅੰਦਰ ਕਿ ਕਿਸਮ ਦੇ ਵਿਚਾਰ ਘੁੰਮ ਰਹੇ ਸੀ ਕਿ ਮੈਂ ਹੁਣ ਮਹਿੰਦਰ ਨੂੰ ਕੀ ਕਹਾਂ। ਉਸ ਨੂੰ ਕੋਰਾ ਜਵਾਬ ਦੇ ਦੇਵਾਂ ਜਾਂ ਉਸ ਨੂੰ ਵਿਆਹ ਲਈ ਹਾਂ ਆਖ ਦੇਵਾਂ। ਇਸ ਘੁੰਮਣ ਘੇਰੀ ਵਿਚ ਕਦੋਂ ਉਹ ਦਫਤਰ ਪਹੁੰਚ ਗਈ, ਉਸ ਨੂੰ ਪਤਾ ਹੀ ਨਾ ਲੱਗਾ। ਜਦੋਂ ਅੰਦਰ ਵੜੀ ਤਾਂ ਸਾਹਮਣੇ ਮਹਿੰਦਰ ਨਾਲ ਮੇਲ ਹੋਇਆ, ਉਸ ਨੇ ਦੋਵੇਂ ਹੱਥ ਜੋੜ ਬੜੇ ਹੀ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਈ। ਜੈਲੋ ਦਾ ਮੂੰਹ ਸ਼ਰਮ ਨਾਲ ਝੁੱਕ ਗਿਆ ਤੇ ਉਸ ਨੇ ਸਤਿ ਸ੍ਰੀ ਅਕਾਲ ਦਾ ਉਤਰ ਦਿੱਤਾ। ਆਪੋ ਆਪਣੀ ਸੀਟ 'ਤੇ ਆਪਣੇ ਕੰਮਾਂ ਵਿਚ ਰੁਝ ਗਏ। ਲੰਚ ਟਾਈਮ 'ਤੇ ਉਹ ਇੱਕਠੇ ਹੀ ਦਫਤਰ ਵਿਚੋਂ ਨਿਕਲੇ। ਆਪੋ ਆਪਣਾ ਲੰਚ ਖਾਧਾ 'ਤੇ ਵਾਪਿਸ ਆ ਗਏ, ਦੋਨੋਂ ਕੋਈ ਗੱਲ ਨਾ ਕਰ ਸਕੇ। ਛੁੱਟੀ ਹੋਣ 'ਤੇ ਮਹਿੰਦਰ ਨੇ ਕਿਹਾ ਕਿ ਅੱਜ ਆਪਾਂ ਇਕੱਠੇ ਚਲਾਂਗੇ, ਮੈਂ ਮੋਟਰਸਾਈਕਲ 'ਤੇ ਆਇਆ ਹਾਂ। ਰਸਤੇ ਵਿਚ ਮੈਂ ਤੇਰੇ ਨਾਲ ਗੱਲਾਂ ਵੀ ਕਰ ਲਵਾਂਗਾ, ਭਾਵ ਆਪਣੇ ਜੀਵਨ ਬਾਰੇ ਵੇਰਵਾ ਦੇ ਦੇਵਾਂਗਾ। ਮੇਰੇ ਪੈਰ ਮੱਲੋ-ਮਲੀ ਉਸ ਨਾਲ ਜਾਣ ਲਈ ਮੰਨ ਗਏ। ਮੈਂ ਬਸ ਅੱਡੇ 'ਤੇ ਪੁੱਜੀ, ਪਿੱਛੋਂ ਉਹ ਆਪਣੇ ਬਾਈਕ 'ਤੇ ਆ ਗਿਆ। ਮੈਂ ਉਸ ਨਾਲ ਬੈਠ ਗਈ। ਉਸ ਨੇ ਰਾਹ ਵਿਚ ਦੱਸਿਆ ਕਿ ਮੈਂ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਦੋਂ ਮੈਂ ਬਿਮਾਰ ਹੋਇਆ, ਮੈਂ ਦਸਵੀਂ ਵਿਚ ਸੀ, ਮਾਪੇ ਡਾਕਟਰ ਕੋਲ ਲੈ ਗਏ, ਉਸ ਨੇ ਟੀਕਾ ਲਾਇਆ ਤੇ ਉਦੋਂ ਹੀ ਮੈਨੂੰ ਇਹ ਚੰਦਰੀ ਬਿਮਾਰੀ ਲੱਗ ਗਈ ਸੀ। ਉਸ ਤੋਂ ਬਾਅਦ ਮੇਰੇ ਪਿਤਾ ਜੀ ਇੱਕ ਦੁਰਘਟਨਾ ਵਿਚ ਪੂਰੇ ਹੋ ਗਏ ਅਤੇ ਮੈਂ 'ਤੇ ਮਾਤਾ ਜੀ ਹੀ ਰਹਿ ਗਏ। ਮੈਂ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਪੂਰੀ ਕਰ ਇਥੇ ਨੌਕਰੀ 'ਤੇ ਲੱਗ ਗਿਆ। ਹਾਲੇ ਦੋ ਤਨਖਾਹਾਂ ਹੀ ਮਸਾਂ ਲਈਆਂ ਹੋਣਗੀਆਂ, ਮੇਰੇ ਮਾਤਾ ਜੀ ਬਿਮਾਰੀ ਕਾਰਨ ਚੱਲ ਵਸੇ। ਹੁਣ ਮੈਂ ਇੱਕਲਾ ਹੀ ਰਹਿ ਰਿਹਾ ਹਾਂ ਤੇ ਮੈਨੂੰ ਤੇਰੇ ਸਾਥ ਦੀ ਲੋੜ ਹੈ। ਮੇਰੇ ਨਾਮ 'ਤੇ ਚੰਗੀ ਚੋਖੀ ਜਾਇਦਾਦ ਹੈ, ਆਪਣਾ ਜੀਵਨ ਸੌਖਾ ਬੀਤੇਗਾ। ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਜੀਵਾਂਗੇ। ਮੈਂ ਉਸ ਦੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸਾਂ। ਇਤਨੇ ਵਿਚ ਮੇਰਾ ਅੱਡਾ ਆ ਗਿਆ, ਮੈਨੂੰ ਉਤਾਰ ਉਹ ਆਪਣੇ ਪਿੰਡ ਚਲਾ ਗਿਆ। ਮੇਰੇ ਅੰਦਰ ਇਕ ਭੂਚਾਲ ਆਇਆ ਹੋਇਆ ਸੀ। ਮੈਂ ਮਨ ਹੀ ਮਨ ਫੈਸਲਾ ਕਰ ਲਿਆ ਕਿ ਮਹਿੰਦਰ ਨੂੰ ਖੁਸ਼ੀਆਂ ਦੀ ਲੋੜ ਹੈ, ਮੈਂ ਇਸ ਨੂੰ ਖੁਸ਼ੀ ਦੇਣ ਦਾ ਯਤਨ ਕਰਾਂਗੀ।

ਘਰ ਪੁੱਜ ਮੈਂ ਮਾਂ ਨੂੰ ਦੱਸ ਕੈਲੋ ਕੋਲ ਚਲੀ ਗਈ ਤੇ ਉਸ ਨਾਲ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ ਤੇ ਮੈਂ ਉਸ ਨੂੰ ਸਪੱਸ਼ਟ ਕਰ ਦਿੱਤਾ ਕਿ ਮੈਂ ਉਸ ਨਾਲ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ ਹੈ ਤੇ ਅਸੀਂ ਤੇਰੇ ਵਿਆਹ ਤੋਂ ਪਹਿਲਾਂ ਹੀ ਵਿਆਹ ਕਰ ਲਵਾਂਗੇ। ਤੂੰ ਮੇਰੇ ਵਿਆਹ ਵਿਚ ਸਾਰੇ ਪਰਿਵਾਰ ਨੂੰ ਲੈ ਕੇ ਆਉਣਾ ਹੈ ਤੇ ਮੇਰੇ ਮੰਮੀ ਨੂੰ ਮਹਿੰਦਰ ਦੀ ਬਿਮਾਰੀ ਬਾਰੇ ਬਿਲਕੁਲ ਹੀ ਨਹੀਂ ਦੱਸਣਾ ਹੈ। ਘਰ ਆ ਕੇ ਮੈਂ ਮਾਂ ਨੂੰ ਦੱਸ ਦਿੱਤਾ ਕਿ ਮੈਂ ਆਪਣੇ ਲਈ ਇਕ ਲੜਕਾ ਪਸੰਦ ਕਰ ਲਿਆ ਹੈ, ਤੁਹਾਨੂੰ ਵੀ ਦਿਖਾ ਦੇਵਾਂਗੀ, ਜੇ ਤੁਹਾਡੀ ਰਜ਼ਾਮੰਦੀ ਹੋਈ, ਤਾਂ ਸ਼ਾਦੀ ਕਰ ਲਵਾਂਗੀ। ਅਗਲੇ ਦਿਨ ਦਫਤਰ ਵਿਚ ਜਾ ਕੇ ਮੈਂ ਆਪਣਾ ਫੈਸਲਾ ਮਹਿੰਦਰ ਨੂੰ ਦੱਸ ਦਿੱਤਾ ਕਿ ਇਸ ਐਤਵਾਰ ਤੁਸੀਂ ਸਾਡੇ ਪਿੰਡ ਗੁਰਦਵਾਰੇ ਆ ਜਾਇਓ, ਮੈਂ ਤੇ ਮੇਰੀ ਮੰਮੀ ਆ ਜਾਵਾਂਗੀਆਂ। ਸੰਖੇਪ ਮਿਲਣੀ ਤੋਂ ਬਾਅਦ ਵਿਆਹ ਮਿਥ ਲਵਾਂਗੇ ਤੇ ਵਿਆਹ ਸਾਦਾ ਹੀ ਕਰ ਲਵਾਂਗੇ। ਉਸ ਨੇ ਖੁਸ਼ੀ ਨਾਲ ਰਜ਼ਾਮੰਦੀ ਦੇ ਦਿੱਤੀ।

ਐਤਵਾਰ ਉਹ ਆਪਣੇ ਕਿਸੇ ਦੋਸਤ ਨਾਲ ਗੁਰਦੁਆਰੇ ਪੁੱਜ ਗਿਆ। ਮੈਂ ਤੇ ਮੰਮੀ ਵੀ ਆ ਗਈਆਂ। ਮੰਮੀ ਨੇ ਉਸ ਨੂੰ ਦੇਖ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ ਅਤੇ ਪੰਦਰਾਂ ਦਿਨ ਬਾਅਦ ਐਤਵਾਰ ਦੀ ਵਿਆਹ ਦੀ ਤਰੀਕ ਮਿੱਥ ਲਈ। ਮੰਮੀ ਨੇ ਸ਼ਗਨ ਵਜੋਂ 500 ਦਾ ਨੋਟ ਮਹਿੰਦਰ ਨੂੰ ਦਿੱਤਾ। ਮਹਿੰਦਰ ਨੇ ਆਪਣੇ ਦੋਸਤ ਨੂੰ ਭੇਜ ਮਠਿਆਈ ਮੰਗਵਾ ਲਈ। ਗੁਰਦੁਆਰੇ ਵਿਚ ਅਰਦਾਸ ਕਰ ਪ੍ਰਸ਼ਾਦ ਲਿਆ ਤੇ ਇੱਕ ਮਿਠਾਈ ਦਾ ਡਿਬਾ ਮੇਰੇ ਮੰਮੀ ਨੂੰ ਦੇ ਦਿੱਤਾ ਗਿਆ। ਅਸੀਂ ਆਪਣੇ ਘਰ ਆ ਗਏ। ਆਉਂਦੇ ਸਾਰ ਹੀ ਮੰਮੀ ਕੈਲੋ ਦੇ ਘਰ ਚਲੇ ਗਏ, ਉਨ੍ਹਾਂ ਨੂੰ ਵਿਆਹ ਦਾ ਸੱਦਾ ਦੇ ਆਏ। ਉਸ ਦਾ ਪਰਿਵਾਰ ਬਹੁਤ ਖੁਸ਼ ਹੋਇਆ ਕਿ ਜੈਲੋ ਨੂੰ ਸਰਕਾਰੀ ਨੌਕਰ ਨਾਲ ਵਿਆਹਿਆ ਜਾ ਰਿਹਾ ਹੈ। ਉਸ ਦੀ ਮਿਹਨਤ ਨੂੰ ਭਾਗ ਲੱਗੇ ਹਨ। ਮੰਮੀ ਵਿਆਹ ਦੀਆਂ ਤਿਆਰੀਆਂ ਵਿਚ ਰੁਝ ਗਏ। ਮੈਂ ਅਗਲੇ ਦਿਨ ਜਾ ਕੇ ਆਪਣੇ ਅਫਸਰ ਨੂੰ ਦੱਸ ਦਿੱਤਾ ਕਿ ਮੈਨੂੰ ਵਿਆਹ ਲਈ ਥੋੜੀ ਛੁੱਟੀ ਦੀ ਲੋੜ ਹੈ। ਉਸ ਨੇ ਵੀ ਦੋ ਹਫਤੇ ਦੀ ਛੁੱਟੀ ਮਨਜ਼ੂਰ ਕਰ ਦਿੱਤੀ।

ਮਿੱਥੇ ਐਤਵਾਰ ਨੂੰ ਵਿਆਹ ਵਾਲੇ ਦਿਨ ਗੁਰਦੁਆਰੇ ਪੁੱਜ ਕੇ ਅਨੰਦ ਕਾਰਜ ਦੀ ਰਸਮ ਕੀਤੀ ਗਈ। ਲੰਗਰ ਛਕ ਕੇ ਘਰ ਨੂੰ ਚਾਲੇ ਪਾ ਦਿੱਤੇ। ਉਦਾਸ ਮਨ ਨਾਲ ਮੰਮੀ ਮੈਨੂੰ ਤੋਰ ਕੇ ਘਰ ਚਲੇ ਗਏ। ਅਸੀਂ ਕਾਰ ਉਪਰ ਪਿੰਡ ਵੱਲ ਚੱਲ ਪਏ। ਥੋੜੀ ਦੂਰੀ 'ਤੇ ਗਏ ਸਾਂ ਕਿ ਅਸੀਂ ਗੱਲਾਂ ਵਿਚ ਰੁਝ ਗਏ ਅਤੇ ਗੱਲਾਂ ਵਿਚ ਮਸਤ ਹੋ ਗਏ। ਡਰਾਈਵਰ ਦਾ ਧਿਆਨ ਉੱਕ ਗਿਆ ਤੇ ਕਾਰ ਸਾਹਮਣੇ ਟਰੱਕ ਵਿਚ ਜਾ ਟਕਰਾਈ। ਮੇਰਾ ਤਾਂ ਸਿਰ ਘੁੰਮ ਗਿਆ, ਮੈਨੂੰ ਕੁਝ ਵੀ ਪਤਾ ਨਾ ਲੱਗਾ। ਜਦੋਂ ਹੋਸ਼ ਆਈ ਤਾਂ ਮੈਂ ਹਸਪਤਾਲ ਵਿਚ ਸੀ। ਸਾਹਮਣੇ ਨਰਸ ਖੜ੍ਹੀ ਸੀ, ਉਸ ਨੂੰ ਪੁੱਛਿਆ ਕਿ ਮੈਨੂੰ ਕੀ ਹੋਇਆ ਹੈ, ਮੈਂ ਇਥੇ ਕਿਉਂ ਹਾਂ। ਉਸ ਨੇ ਪਹਿਲਾਂ ਤਾਂ ਟਾਲਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਜ਼ੋਰ ਦੇਣ 'ਤੇ ਉਸ ਨੇ ਵਿਸਥਾਰ ਨਾਲ ਦੱਸਿਆ ਕਿ ਤੁਹਾਡੀ ਕਾਰ ਦਾ ਐਕਸੀਡੈਂਟ ਹੋ ਗਿਆ ਸੀ, ਡਰਾਈਵਰ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ। ਉਸ ਨੂੰ ਪੀ.ਜੀ.ਆਈ. ਵਿਚ ਲੈ ਗਏ ਹਨ। ਤੇਰੇ ਨਾਲ ਜੋ ਬੈਠੇ ਸਨ, ਉਹ ਬਹੁਤ ਜ਼ਖਮੀ ਸਨ ਤੇ ਲਹੂ ਬਹੁਤ ਵੱਗ ਜਾਣ ਕਾਰਨ ਭਾਰੀ ਯਤਨਾਂ ਦੇ ਬਾਵਜੂਦ ਬਚਾਏ ਨਹੀਂ ਜਾ ਸਕੇ। ਇਹ ਸੁਣ ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ। ਜਦੋਂ ਹੋਸ਼ ਆਈ ਤਾਂ ਮੈਂ ਆਪਣੀ ਮਾਂ ਦੀ ਗੋਦੀ ਵਿਚ ਸਿਰ ਰੱਖਿਆ ਹੋਇਆ ਸੀ ਤੇ ਕੈਲੋ ਮੇਰੇ ਕੋਲ ਬੈਠੀ ਰੋ ਰਹੀ ਸੀ।

# ਕਿਸਾਨ, ਕਣਕ ਅਤੇ ਚਾਵਲ ਚੱਕਰਵਿਊ

ਗੁਰਮੀਤ ਪਲਾਹੀ
# ਮੋਬਾਈਲ : 98158-02070
E-mail : gurmitpalahi@yahoo.com
(Punjab Mail USA





ਖੇਤੀ ਦੇਸ਼ ਦੀ ਕਿਸਾਨੀ ਦਾ ਪੇਸ਼ਾ ਨਹੀਂ ਹੈ, ਜੀਊਣ ਦੀ ਢੰਗ-ਤਰੀਕਾ ਹੈ।

ਪਰੰਤੂ ਸਮਾਂ ਬਦਲ ਰਿਹਾ ਹੈ। ਹੁਣ ਖੇਤੀ ਪ੍ਰਧਾਨ ਦੇਸ਼ ਦੀ ਥਾਂ ਡਿਜੀਟਲ ਇੰਡੀਆ ਕਹਾਉਣਾ ਚਾਹੁੰਦਾ ਹੈ, ਮਹਾਨ ਭਾਰਤ। ਸ਼ਹਿਰਾਂ ਵਿਚ ਹੀ ਨਹੀਂ, ਪਿੰਡਾਂ ਵਿਚ ਵੀ ਮੋਬਾਇਲ ਫੋਨ ਦਿਖਦੇ ਹਨ, ਪਰ ਫਿਰ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਤਾਂ ਖੇਤੀ ਹੈ। ਕਰੋਨਾ ਕਾਲ ਬੀਤਿਆ। ਦੇਸ਼ ਦਾ ਉਦਯੋਗ ਪੁੱਠੇ ਪੈਰੀਂ ਹੋ ਗਿਆ, ਜੇਕਰ ਕੋਈ ਧੰਦਾ ਬਚਿਆ ਤਾਂ ਖੇਤੀਬਾੜੀ ਹੀ ਸੀ। ਇਹ ਇੱਕ ਤੱਥ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਖੇਤੀ ਨਾਲ ਜੁੜੀ ਹੈ।

ਕਿਸਾਨ ਖੇਤੀ ਕਰਦੇ ਹਨ। ਮੁੱਖ ਫ਼ਸਲ ਕਣਕ ਹੈ। ਕਣਕ ਤਿਆਰ ਖੜ੍ਹੀ ਸੀ ਵੱਢਣ ਲਈ। ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ। ਕਿਸਾਨਾਂ ਨੂੰ ਕੁਝ ਸੁੱਖ ਦਾ ਸਾਹ ਦੇਣ ਲਈ। ਵਾਤਾਵਾਰਨ ਪ੍ਰਦੂਸ਼ਣ ਦੀ ਇਹੋ ਜਿਹੀ ਮਾਰ ਪਈ ਕਿ ਸਭ ਕੁਝ ਝੱਖੜ, ਹਨੇਰੀ, ਮੀਂਹ, ਗੜ੍ਹਿਆਂ ਨੇ ਧਰਤੀ 'ਤੇ ਵਿਛਾ ਦਿੱਤਾ। ਕਣਕ ਦੀ ਫ਼ਸਲ ਡਿੱਗ ਪਈ, ਕਿਸਾਨਾਂ ਦੇ ਸੁਫਨੇ ਜਿਵੇਂ ਢਹਿ-ਢੇਰੀ ਹੋ ਗਏ। ਖ਼ਾਸ ਤੌਰ 'ਤੇ ਪੰਜਾਬ, ਹਰਿਆਣਾ 'ਚ।

ਪੰਜਾਬ ਤੇ ਹਰਿਆਣਾ ਜਿਥੇ 34 ਲੱਖ ਹੈਕਟੇਅਰ ਕਣਕ ਬੀਜੀ ਗਈ ਸੀ, ਉਸ ਵਿਚ ਸਰਕਾਰੀ ਅੰਦਾਜ਼ੇ ਅਨੁਸਾਰ 5.23 ਲੱਖ ਹੈਕਟੇਅਰ ਕਣਕ ਨੁਕਸਾਨੀ ਗਈ। ਇਥੇ ਹੀ ਕਿਸਾਨਾਂ ਦੇ ਦੁਖਾਂਤ ਦਾ ਅੰਤ ਨਹੀਂ। ਮੁਆਵਜ਼ੇ ਦੀ ਰਕਮ ਦੇਣ ਦਾ ਸਰਕਾਰ ਨੇ ਐਲਾਨ ਕੀਤਾ ਹੈ, ਪਰ ਮੁਆਵਜ਼ਾ ਮਿਲੇਗਾ ਅਤੇ ਕਦੋਂ ਮਿਲੇਗਾ, ਕੋਈ ਨਹੀਂ ਜਾਣਦਾ, ਉਸੇ ਤਰ੍ਹਾਂ ਜਿਵੇਂ ਕੋਈ ਨਹੀਂ ਜਾਣਦਾ ਕਿ ਮੀਂਹ ਕਦੋਂ, ਕਿਥੇ ਅਤੇ ਕਿੰਨਾ ਪਏਗਾ ਅਤੇ ਕਿੰਨਾ ਨੁਕਸਾਨ ਹੋਏਗਾ। ਨੁਕਸਾਨੀਆਂ ਫ਼ਸਲਾਂ ਦੀ ਗਰਦਾਵਰੀ ਹੋਣੀ ਹੈ, ਕਾਗਜ-ਪੱਤਰ ਤਿਆਰ ਹੋਣੇ ਹਨ, ਖ਼ਾਕੇ, ਰਿਪੋਰਟਾਂ ਤਿਆਰ ਹੋਣੀਆਂ ਹਨ, ਮੁੜ ਇੱਕ ਰੁਪਏ ਤੋਂ ਹਜ਼ਾਰਾਂ ਤੱਕ ਦੇ ਚੈੱਕ ਤਿਆਰ ਹੋਣੇ ਹਨ। ਕਿਸਾਨ ਦੇ ਪੱਲੇ ਕੀ ਪਵੇਗਾ, ਕੌਣ ਜਾਣਦਾ ਹੈ ?

ਅੰਦਾਜ਼ਾ ਸੀ ਕਿ ਜੂਨ 2023 ਤੱਕ ਇੱਕ ਸਾਲ ਵਿਚ 11.22 ਕਰੋੜ ਟਨ ਕਣਕ ਦੀ ਪੈਦਾਇਸ਼ ਹੋ ਜਾਵੇਗੀ, ਦੇਸ਼ ਦੀ ਵੱਡੀ ਆਬਾਦੀ ਦੀਆਂ ਲੋੜਾਂ ਪੂਰੀਆਂ ਹੋ ਜਾਣਗੀਆਂ ਪਰ ਫ਼ਸਲਾਂ ਦੀ ਕਟਾਈ ਦੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਪੰਜਾਬ ਤੋਂ ਲੈ ਕੇ ਮੱਧ ਪ੍ਰਦੇਸ਼ ਤੱਕ ਫ਼ਸਲਾਂ ਦੇ ਘੱਟੋ-ਘੱਟ ਮੁੱਲ ਉਤੇ ਫ਼ਸਲ ਦੀ ਖਰੀਦ ਸਰਕਾਰਾਂ ਵੱਲੋਂ ਸ਼ੁਰੂ ਤਾਂ ਕਰ ਦਿੱਤੀ ਗਈ, ਪਰ ਕਣਕ ਦੇ ਢਹਿ-ਢੇਰੀ ਹੋਣ ਨਾਲ ਮਰੇ ਹੋਏ ਦਾਣੇ ਦਾ ਕੀ ਹਏਗਾ ? ਲਗਾਤਾਰ ਦੂਜੀ ਵਾਰ ਹਰਿਆਣਾ ਅਤੇ ਪੰਜਾਬ 'ਚ ਇਸ ਫ਼ਸਲ 'ਤੇ ਗੜ੍ਹੇਮਾਰ ਹੋਈ ਹੈ, ਪੰਜਾਬ 'ਚ ਤਾਂ ਕਿਸਾਨਾਂ ਦੇ ਸਾਹ ਸੁੱਕ ਗਏ ਹਨ, ਇੰਨੀ ਫ਼ਸਲ ਤਬਾਹ ਹੋ ਗਈ ਹੈ ਕਿ ਕਿਸਾਨਾਂ ਦੇ ਹੌਂਸਲੇ ਹੀ ਨਹੀਂ ਡਿੱਗੇ, ਖੇਤੀ ਨਾਲ ਸਬੰਧਤ ਧੰਦਿਆਂ ਉਤੇ ਬਰੋਬਰ ਦੀ ਸੱਟ ਵੱਜੀ ਹੈ, ਕਿਉਂਕਿ ਫ਼ਸਲਾਂ ਨਾਲ ਛੋਟੇ, ਬਹੁਤ ਛੋਟੇ ਅਤੇ ਥੋੜੇ ਵੱਡੇ, ਵਿਚਕਾਰਲੇ ਉਦਯੋਗ ਵੀ ਚਲਦੇ ਹਨ। ਉਨ੍ਹਾਂ ਉਤੇ ਵੀ ਤਾਂ ਅਸਰ ਪਵੇਗਾ।

ਖੇਤੀ, ਭਾਰਤ ਦੇ ਲੋਕਾਂ ਲਈ ਅਹਿਮ ਹੈ ਸਦੀਆਂ ਤੋਂ। ਫ਼ਸਲਾਂ ਉਗਦੀਆਂ ਹਨ, ਉਗਾਈਆਂ ਜਾਂਦੀਆਂ ਹਨ। ਪਰ ਮੌਸਮ ਦੀ ਮਾਰ ਇਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਹੈ। ਉਪਰੋਂ ਸਰਕਾਰਾਂ ਵੱਲ ਉਚਿਤ ਮੁੱਲ ਨਾ ਮਿਲਣ ਕਾਰਨ ਕਿਸਾਨ ਦੀ ਪ੍ਰੇਸ਼ਾਨੀ ਵੱਧਦੀ ਹੈ। ਕਣਕ ਤੋਂ ਬਾਅਦ ਚਾਵਲ ਤੇ ਫਿਰ ਚਾਵਲ ਤੋਂ ਬਾਅਦ ਕਣਕ ਕਿਸਾਨ ਦੇ ਪੱਲੇ ਪਈ ਹੋਈ ਹੈ, ਬਾਵਜੂਦ ਇਸ ਗੱਲ ਦੇ ਕਿ ਸਰਕਾਰਾਂ ਵਲੋਂ ਸਮੇਂ-ਸਮੇਂ ਹੋਰ ਫ਼ਸਲਾਂ ਬੀਜਣ ਉਗਾਉਣ ਦਾ ਸੁਝਾਅ, ਤਰੀਕਾ, ਕਿਸਾਨਾਂ ਨੂੰ ਦਿੱਤਾ ਜਾਂਦਾ ਹੈ, ਪਰ ਉਨ੍ਹਾਂ ਨੂੰ ਜਾਪਦਾ ਹੈ ਕਿ ਕਣਕ, ਚਾਵਲ ਹੀ ਇਹੋ ਜਿਹੀ ਫ਼ਸਲ ਹੈ, ਜੋ ਉਸਦੀ ਮਾੜੀ-ਮੋਟੀ ਕਿਸਮਤ ਤਾਰ ਸਕਦੀ ਹੈ। ਦਾਲਾਂ ਬੀਜੀਆਂ ਜਾਂਦੀਆਂ ਹਨ। ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਪਸ਼ੂ ਪਾਲਣ ਅਪਨਾਇਆ ਜਾਂਦਾ ਹੈ, ਪਰ ਘੱਟੋ-ਘੱਟ ਮੁੱਲ ਮਿਲਦਾ ਨਹੀਂ, ਤਾਂ ਕਿਸਾਨ ਘਾਟੇ 'ਚ ਜਾਏਗਾ, ਕਰਜ਼ਾਈ ਹੋਏਗਾ, ਪੱਲੇ ਪ੍ਰੇਸ਼ਾਨੀਆਂ ਹੀ ਪੈਣਗੀਆਂ। ਤਦੇ ਸਿਰਫ਼ ਤੇ ਸਿਰਫ਼ ਆਪਣਾ ਪੇਟ ਪਾਲਣ ਲਈ ਕਣਕ ਅਤੇ ਚਾਵਲ 'ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ।

ਸਮੇਂ-ਸਮੇਂ ਸਰਕਾਰਾਂ ਵਲੋਂ ਕਹਿਣ ਨੂੰ ਤਾਂ ਖੇਤੀ ਨੂੰ ਉਤਸ਼ਾਹਤ ਕਰਨ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਬੀਮਾ ਸਕੀਮਾਂ ਜਾਰੀ ਕੀਤੀਆਂ ਜਾਂਦੀਆਂ ਹਨ। ਨਵੇਂ ਬੀਜਾਂ, ਖਾਦਾਂ, ਦਵਾਈਆਂ ਤੇ ਸਿੰਚਾਈ ਸਾਧਨਾਂ, ਬਿਜਾਈ ਸਾਧਨਾਂ ਮਸ਼ੀਨਰੀ ਉੱਤੇ ਸਬਸਿਡੀਆਂ ਦਿੱਤੇ ਜਾਣ ਦੀ ਗੱਲ ਕੀਤੀ ਜਾਂਦੀ ਹੈ, ਪਰ ਆਮ ਸਾਧਾਰਨ ਕਿਸਾਨ ਇਸ ਤੋਂ ਵਿਰਵਾ ਰਹਿੰਦਾ ਹੈ। ਉਸ ਤੱਕ ਪਹੁੰਚ ਹੀ ਨਹੀਂ ਕਰਦੀ ਸਰਕਾਰ ਕਿਉਂਕਿ ਸਰਕਾਰ ਦੀ ਮਨਸ਼ਾ ਕਿਸਾਨ ਨੂੰ ਖੇਤੀ ਤੋਂ, ਖੇਤਾਂ ਤੋਂ ਬਾਹਰ ਕੱਢਣ ਦੀ ਹੈ ਅਤੇ ਉਹ ਖੇਤੀ ਕਾਰਪੋਰੇਟਾਂ ਦੇ ਹੱਥ ਸੌਂਪਕੇ ਕਿਸਾਨ ਨੂੰ ਮਜ਼ਦੂਰੀ ਵੱਲ ਧੱਕਣ ਦਾ ਧਾਰੀ ਬੈਠੀ ਹੈ। ਪਿਛਲੇ ਦਿਨਾਂ 'ਚ ਭਾਰਤ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਕਾਰਪੋਰੇਟਾਂ ਹੱਥ ਜ਼ਮੀਨ ਸੌਂਪਣ ਦੀ ਹੀ ਸੋਚੀ ਸਮਝੀ ਸਰਕਾਰੀ ਚਾਲ ਸੀ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ 2004-05 ਤੋਂ 2011-12 ਤੱਕ 34 ਮਿਲੀਅਨ (3.4 ਕਰੋੜ) ਕਿਸਾਨਾਂ ਨੇ ਖੇਤੀ ਧੰਦੇ ਨੂੰ ਤਿਲਾਂਜ਼ਲੀ ਦਿੱਤੀ ਅਤੇ ਇਹ ਖੇਤੀ-ਤਿਲਾਂਜਲੀ ਸਾਲਾਨਾ 2.04 ਪ੍ਰਤੀਸ਼ਤ ਦੀ ਦਰ ਨਾਲ ਜਾਰੀ ਹੈ।

ਔਸਤਨ 2035 ਕਿਸਾਨ ਪਿਛਲੇ 20 ਸਾਲਾਂ ਤੋਂ ਖੇਤੀ ਦਾ ਧੰਦਾ ਛੱਡ ਰਹੇ ਹਨ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਵੱਡੀ ਗਿਣਤੀ ਕਿਸਾਨ, ਖੇਤਾਂ ਤੋਂ ਵਿਰਵੇ ਹੋ ਕੇ ਖੇਤ ਮਜ਼ਦੂਰ ਬਨਣ ਲਈ ਮਜਬੂਰ ਹਨ।

2011 ਦੀ ਮਰਦਮਸ਼ੁਮਾਰੀ ਅਨੁਸਾਰ 95.8 ਮਿਲੀਅਨ ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ। ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ 103 ਮਿਲੀਅਨ ਅਤੇ 1991 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਗਿਣਤੀ 110 ਮਿਲੀਅਨ ਸੀ। ਇਹ ਤਾਂ ਉਹ ਲੋਕ ਹਨ, ਜਿਹੜੇ ਸਿੱਧੇ ਤੌਰ 'ਤੇ ਖੇਤੀ ਨਾਲ ਜੁੜੇ ਹਨ, ਪਰ ਖੇਤੀ ਆਧਾਰਿਤ ਕਿੱਤਿਆਂ ਨਾਲ ਜੁੜੇ ਕਿਸਾਨ, ਖੇਤ ਮਜ਼ਦੂਰ ਆਦਿ ਨੂੰ ਇਕੱਠੇ ਗਿਣ ਲਈਏ ਤਾਂ ਇਹ ਗਿਣਤੀ 263 ਮਿਲੀਅਨ ਸਮਝੀ ਜਾਂਦੀ ਹੈ, ਭਾਵ ਕੁਲ ਆਬਾਦੀ ਦਾ 22 ਫ਼ੀਸਦੀ।

ਕਿਉਂਕਿ ਕਿਸਾਨਾਂ ਲਈ ਜਿਹੜੀ ਫ਼ਸਲ ਉਗਾਉਣੀ ਸੌਖੀ ਹੈ ਅਤੇ ਜਿਸ ਫ਼ਸਲ ਵਿਚੋਂ ਉਸਦਾ ਨਿਰਵਾਹ ਹੋਣ ਅਤੇ ਟੱਬਰ ਪਾਲਣ ਦੀਆਂ ਸੰਭਾਵਨਾਵਾਂ ਵੱਧ ਹੈ, ਉਹ ਉਹੀ ਫ਼ਸਲ ਉਗਾਏਗਾ। ਕਣਕ, ਚਾਵਲ, ਉੱਤਰੀ ਭਾਰਤ ਦੇ ਲੋਕਾਂ ਲਈ ਅਹਿਮ ਹੈ, ਕਿਉਂਕਿ ਇਹ ਉਨ੍ਹਾਂ ਦੇ ਭੋਜਨ ਦਾ ਮੁੱਖ ਹਿੱਸਾ ਹੈ। ਕਣਕ ਦੀ ਰੋਟੀ ਨਾਲ ਉਨ੍ਹਾਂ ਦਾ ਢਿੱਡ ਭਰਦਾ ਹੈ ਜਾਂ ਚਾਵਲ ਉਨ੍ਹਾਂ ਦੀ ਮੁੱਖ ਖੁਰਾਕ ਹੈ। ਤਾਂ ਫਿਰ ਉਹ ਇਸੇ ਚੱਕਰਵਿਊ 'ਚ ਰਹਿੰਦੇ ਹਨ। ਉਂਜ ਵੀ ਜਿਨ੍ਹਾਂ ਲੋਕਾਂ ਕੋਲ ਡੇਢ ਦੋ ਏਕੜ ਜ਼ਮੀਨ ਹੈ, ਉਸ ਕੋਲ ਖੇਤੀ ਸਾਧਨ ਵੀ ਘੱਟ ਹਨ, ਉਹ ਤਾਂ ਇਨ੍ਹਾਂ ਫ਼ਸਲਾਂ ਨੂੰ ਹੀ ਤਰਜ਼ੀਹ ਦੇਣਗੇ। ਭਾਵੇਂ ਕਿ ਇਨ੍ਹਾਂ ਫ਼ਸਲਾਂ ਨਾਲ ਵਾਤਾਵਰਨ ਪ੍ਰਦੂਸ਼ਣ ਵੱਧਣ ਦੀਆਂ ਗੱਲਾਂ ਹੋ ਰਹੀਆਂ ਹਨ (ਪਰਾਲੀ ਜਲਾਉਣ ਨਾਲੋਂ ਵੀ ਵੱਧ ਪ੍ਰਦੂਸ਼ਣ ਦਾ ਕਾਰਨ ਵਹੀਕਲ, ਉਦਯੋਗ ਅਤੇ ਹੋਰ ਕਾਰਨ ਵੀ ਹਨ) ਪਰ ਇਸ ਦਾ ਪ੍ਰਬੰਧਨ ਜਿਥੇ ਕਿਸਾਨ ਦੇ ਜ਼ੁੰਮੇ ਹੋ ਸਕਦਾ ਹੈ, ਕੀ ਉਥੇ ਸਰਕਾਰ ਦਾ ਵੀ ਫਰਜ਼ ਨਹੀਂ ਬਣਦਾ ? ਕਿਉਂਕਿ ਸਰਕਾਰ ਵਲੋਂ ਇਨ੍ਹਾਂ ਫ਼ਸਲਾਂ ਦੀ ਵੱਧ ਪੈਦਾਵਾਰ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਦੇਸ਼ ਦੇ 80 ਕਰੋੜ ਗਰੀਬ ਲੋਕਾਂ ਨੂੰ ਮੁਫ਼ਤ ਕਣਕ, ਚਾਵਲ ਦੇਣ ਦੀ ਜ਼ਿੰਮੇਵਾਰੀ ਵੀ ਤਾਂ ਸਰਕਾਰ ਨੇ ਚੁੱਕੀ ਹੋਈ ਹੈ।

ਅਸਲ ਵਿਚ ਤਾਂ ਕਿਸਾਨਾਂ ਨੂੰ ਕਣਕ, ਚਾਵਲ ਪੈਦਾਵਾਰ 'ਚ ਉਲਝਾਉਣ ਦਾ ਕੰਮ ਵੀ ਤਾਂ ਸਰਕਾਰ ਨੇ ਕੀਤਾ ਹੈ। 1947 ਤੋਂ 1960 ਤੱਕ ਭਾਰਤ ਦੀ ਆਬਾਦੀ ਲਈ ਲੋੜੀਂਦਾ ਭੋਜਨ ਨਹੀਂ ਸੀ। ਸਿਰਫ਼ 417 ਗ੍ਰਾਮ ਭੋਜਨ ਇੱਕ ਵਿਅਕਤੀ ਲਈ ਇੱਕ ਦਿਨ ਵਾਸਤੇ ਉਪਲੱਬਧ ਸੀ। ਬਹੁਤੇ ਕਿਸਾਨ ਕਰਜ਼ਾਈ ਸਨ। ਇਸ ਸਥਿਤੀ 'ਚ ਡਾ: ਐੱਮ.ਐੱਸ. ਸਵਾਮੀਨਾਥਨ ਦੀ ਅਗਵਾਈ 'ਚ 60ਵਿਆਂ 'ਚ ਹਰੀ ਕ੍ਰਾਂਤੀ ਦਾ ਆਰੰਭ ਅਨਾਜ ਪੈਦਾਵਾਰ ਲਈ ਆਰੰਭਿਆ ਗਿਆ। ਵੱਧ ਝਾੜ ਵਾਲੀਆਂ ਫ਼ਸਲਾਂ ਦੀ ਸ਼ੁਰੂਆਤ ਹਰੀ ਕ੍ਰਾਂਤੀ ਵੇਲੇ ਹੋਈ, ਜਿਸ 'ਚ ਚਾਵਲ, ਕਣਕ ਮੁੱਖ ਸੀ। ਖੇਤੀ ਦਾ ਰਕਬਾ ਵਧਾਇਆ ਗਿਆ। ਦੋ ਫ਼ਸਲੀ ਚੱਕਰ ਲਾਗੂ ਕੀਤਾ ਗਿਆ। ਨਵੇਂ ਬੀਜ ਈਜਾਦ ਕੀਤੇ ਗਏ, ਨਵੀਂ ਮਸ਼ੀਨਰੀ, ਖਾਦਾਂ, ਕੀਟਨਾਸ਼ਕਾਂ ਦਾ ਆਰੰਭ ਹੋਇਆ। ਅਨਾਜ ਵਧਿਆ। ਪੰਜਾਬ ਨੇ ਹਰੀ ਕ੍ਰਾਂਤੀ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ।

ਪਰ ਪੰਜਾਬ ਨੇ ਬਹੁਤ ਕੁਝ ਗੁਆਇਆ। ਪਾਣੀ ਗੁਆਇਆ ਧਰਤੀ ਹੇਠਲਾ। ਵਾਤਾਵਰਨ ਦਾ ਪ੍ਰਦੂਸ਼ਣ ਵਧਾਇਆ। ਕੀਟਨਾਸ਼ਕਾਂ ਨੇ ਬੀਮਾਰੀਆਂ ਸਮੇਤ ਕੈਂਸਰ ਵਧਾਇਆ। ਵਾਤਾਵਰਨ ਪ੍ਰਦੂਸ਼ਣ ਹੁਣ ਫ਼ਸਲਾਂ ਨੂੰ ਪ੍ਰੇਸ਼ਾਨ ਕਰਦਾ ਹੈ।

ਕਣਕ, ਝੋਨੇ ਦਾ ਫ਼ਸਲੀ ਚੱਕਰ ਬਣਿਆ ਚੱਕਰਵਿਊ ਆਉਣ ਵਾਲੇ ਸਮੇਂ ਲਈ ਵੱਡਾ ਖ਼ਤਰਾ ਬਣਿਆ ਦਿਸਦਾ ਹੈ।

ਸਰਕਾਰ ਮੋਟੇ ਅਨਾਜ ਦੀ ਵੱਧ ਪੈਦਾਵਾਰ 'ਤੇ ਜ਼ੋਰ ਦੇਣ ਲੱਗੀ ਹੈ, ਪਰ ਉਸ ਵਾਸਤੇ ਲੰਮੇ ਸਮੇਂ ਦੀ ਯੋਜਨਾ ਕਿਥੇ ਹੈ ?

ਪੰਜ ਵਰ੍ਹਿਆਂ 'ਚ ਕਿਸਾਨ ਦੀ ਆਮਦਨ ਦੋਗੁਣੀ ਕਰਨ ਦਾ ਕੀ ਬਣਿਆ ? ਕੀ ਹਜ਼ਾਰ ਦੋ ਹਜ਼ਾਰ ਦੀ ਤਿਮਾਹੀ ਦਿੱਤੀ ਕਿਸ਼ਤ ਕਿਸਾਨ ਲਈ ਜੀਊਣ ਦਾ ਸਾਧਨ ਬਣਾਉਣਾ ਸਹੀ ਹੈ ? ਕੀ ਕਿਸਾਨ ਆਪ ਭੁੱਖੇ ਢਿੱਡ ਰਹਿਕੇ 80 ਕਰੋੜ ਭੁੱਖੇ ਢਿੱਡਾਂ ਦਾ ਢਿੱਡ ਭਰ ਸਕੇਗਾ ? ਨੰਗੇ ਪੈਰੀਂ, ਸੱਪਾਂ ਦੀਆਂ ਸਿਰੀਆਂ ਆਖ਼ਰ ਕਦੋਂ ਤੱਕ ਮਿੱਧੇਗਾ ਕਿਸਾਨ ?


ਸਰਕਾਰ ਨੂੰ ਇਹ ਗੱਲ ਸਮਝਣੀ ਹੀ ਹੋਵੇਗੀ ਕਿ ਡੰਗ ਟਪਾਊ ਯੋਜਨਾਵਾਂ ਦੀ ਥਾਂ ਜਦ ਤੱਕ ਚਿਰ ਸਥਾਈ ਖੇਤੀ ਯੋਜਨਾਵਾਂ ਨਹੀਂ ਬਣਦੀਆਂ ਤੇ ਲਾਗੂ ਨਹੀਂ ਹੁੰਦੀਆਂ, ਉਦੋਂ ਤੱਕ ਕਿਸਾਨ ਨੂੰ ਕਣਕ, ਚਾਵਲ, ਮੋਟੇ ਅਨਾਜ਼ ਦੇ ਚੱਕਰਵਿਊ 'ਚੋਂ ਕੋਈ ਬਾਹਰ ਨਹੀਂ ਕੱਢ ਸਕਦਾ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੈਲੂਲਰ ਜੇਲ੍ਹ ਦੀਆਂ ਕਾਲ ਕੋਠਰੀਆਂ, ਸ਼ਹਾਦਤਾਂ ਅਤੇ ਸਿੱਖੀ ਦੇ ਨਿਸ਼ਾਨ..

ਜਗਜੀਤ ਸਿੰਘ ਗਣੇਸ਼ਪੁਰ
ਹੁਸ਼ਿਆਰਪੁਰ।
ਮੋ:94655-76022
(Punjab Mail USA)



ਹਜ਼ਾਰਾਂ ਮੀਲ ਦਾ ਸਫ਼ਰ, ਠਾਠਾਂ ਮਾਰਦਾ ਸਮੁੰਦਰ, ਕਾਲੇਪਾਣੀਆਂ ਦਾ ਤਖ਼ੱਲਸ, ਸੈਲੂਲਰ ਜੇਲ੍ਹ ਦੀਆਂ ਕਾਲ ਕੋਠੜੀਆਂ, ਸ਼ਹਾਦਤਾਂ ਦਾ ਇਤਿਹਾਸ, ਬਲੀਦਾਨ ਵੇਦੀ, ਅਜ਼ਾਦ ਹਿੰਦ ਫੌਜ ਦੀਆਂ ਪੈੜਾਂ, ਚਾਰੋਂ ਤਰਫ਼ ਪਾਣੀ ਹੀ ਪਾਣੀ, ਕੁਦਰਤ ਨਾਲ ਇਕ-ਮਿਕ ਅਤੇ ਦਿਲਕਸ਼ ਬੀਚਾਂ ਦੀ ਧਰਤੀ ਹੈ: ਅੰਡੇਮਾਨ ਨਿਕੋਬਾਰ। ਪੰਜਾਬੀ ਸਾਹਿਤ ਵਿਚ ਆਪਣਾ ਇੱਕ ਨਿਵੇਕਲਾ ਸਥਾਨ ਰੱਖਣ ਵਾਲੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਮੇਰੇ ਪਸੰਦੀਦਾ ਕਵੀ ਰਹੇ ਹਨ। ਸਕੂਲ ਸਮੇਂ ਤੋਂ ਹੀ ਉਨ੍ਹਾਂ ਦੀ ਕਵਿਤਾਵਾਂ ਖਾਸਕਰ 'ਵਗਦੇ ਪਾਣੀ' ਦੀ ਮੇਰੇ ਦਿਲ ਦਿਮਾਗ਼ ਉਪਰ ਗਹਿਰੀ ਛਾਪ ਉਕਰੀ ਹੋਈ ਹੈ। ਉਨ੍ਹਾਂ ਦੇ ਨਾਮ ਨਾਲ ਲੱਗੇ ਤਖ਼ੱਲਸ 'ਕਾਲੇਪਾਣੀ' ਨੇ ਇਸ ਧਰਤੀ ਵੱਲ ਹਮੇਸ਼ਾ ਆਕਰਸ਼ਕ ਕੀਤਾ, ਫਿਰ ਜਿਵੇਂ-ਜਿਵੇ ਉਨ੍ਹਾਂ ਬਾਰੇ ਹੋਰ ਪੜ੍ਹਿਆ-ਜਾਣਿਆ ਤਾਂ ਕਾਲੇਪਾਣੀਆਂ ਦਾ ਰਹੱਸ ਖੁੱਲ੍ਹਦਾ ਗਿਆ। ਅੱਜ ਵੀ ਕਾਲੇਪਾਣੀਆਂ ਦਾ ਨਾਮ ਸੁਣਦੇ ਹੀ ਹਰ ਕਿਸੇ ਦੇ ਜ਼ਿਹਨ ਵਿਚ ਸੈਲੂਲਰ ਜੇਲ੍ਹ ਦੀਆਂ ਉਹ ਕਾਲ-ਕੋਠਰੀਆ ਆ ਜਾਂਦੀਆਂ ਹਨ, ਜਿਨ੍ਹਾਂ ਵਿਚ ਸਾਡੇ ਦੇਸ਼ ਦੇ ਸੁੰਤਤਰਤਾ ਸੰਗਰਾਮੀਆਂ ਨੂੰ ਬੜੇ ਹੀ ਬਦਤਰ ਹਾਲਾਤਾਂ ਵਿਚ ਰੱਖਿਆ ਜਾਂਦਾ ਸੀ। ਹੁਣ ਜਦੋਂ ਪਿਛਲੇ ਮਹੀਨੇ ਉਸ ਟਾਪੂਆਂ ਦੀ ਧਰਤੀ 'ਤੇ ਜਾਣ ਦਾ ਸਬੱਬ ਬਣਿਆ, ਤਾਂ ਪੰਜਾਬੀ ਖਾਸਕਰ ਸਿੱਖ ਭਾਈਚਾਰੇ ਵਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਅਮੁੱਲ ਯੋਗਦਾਨ ਅਤੇ ਉੱਥੋਂ ਵਸਦੇ ਸਿੱਖ ਭਾਈਚਾਰੇ ਦੇ ਸਰੋਕਾਰਾਂ ਬਾਰੇ ਲਿਖਣ ਦੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਇਸ ਲਿਖਤ ਰਾਹੀਂ ਤੁਹਾਡੇ ਨਾਲ ਸਾਂਝੀ ਕਰਨ ਜਾ ਰਿਹਾ ਹਾਂ। ਉਮੀਦ ਹੈ ਤੁਸੀਂ ਪਸੰਦ ਕਰੋਗੇ:-

ਭੂਗੋਲਿਕ ਤੌਰ 'ਤੇ ਭਾਰਤੀ ਮੁੱਖ ਭੂਮੀ ਦੇ ਪੂਰਬ ਵਿਚ ਸਥਿਤ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਬੰਗਾਲ ਦੀ ਖਾੜੀ 'ਚ ਛੋਟੇ-ਵੱਡੇ 572 ਟਾਪੂ ਹਨ। ਜਿਨ੍ਹਾਂ 'ਚੋਂ 36 'ਤੇ ਹੀ ਆਬਾਦੀ ਵਸਦੀ ਹੈ। ਅੰਡੇਮਾਨ ਅਤੇ ਨਿਕੋਬਾਰ ਨੂੰ ਪੰਜਾਬ ਤੋਂ ਜਾਣਾ ਕਿਸੇ ਵਿਦੇਸ਼ੀ ਫੇਰੀ ਤੋਂ ਘੱਟ ਨਹੀਂ, ਕਿਉਂਕਿ ਦਿੱਲੀ ਤੋਂ ਤਕਰੀਬਨ ਪੰਜ ਘੰਟੇ ਦੀ ਪੋਰਟ ਬਲੇਅਰ ਹਵਾਈ ਅੱਡੇ ਤੱਕ ਦੀ ਫਲੈਟ ਹੈ। ਇਸ ਵਿਚ ਕਲਕੱਤੇ ਹਵਾਈ ਅੱਡੇ 'ਤੇ ਅੱਧੇ ਕੁ ਘੰਟੇ ਦੀ ਠਹਿਰ ਵੀ ਸ਼ਾਮਲ ਹੈ। ਦਿੱਲੀ ਤੋਂ ਪੋਰਟ ਬਲੇਅਰ 2485 ਕਿਲੋਮੀਟਰ ਦੀ ਹਵਾਈ ਦੂਰੀ 'ਤੇ ਸਥਿਤ ਹੈ। ਕਾਲੇਪਾਣੀਆਂ ਦੀ ਧਰਤੀ ਵਿਖੇ ਤਰਸ ਅਤੇ ਰਹਿਮ ਦੇ ਮੁਜੱਸਮੇ ਦੀਵਾਨ ਸਿੰਘ ਕਾਲੇਪਾਣੀ ਨੂੰ ਸਿਜਦਾ ਕਰਨ ਦਾ ਵਿਚਾਰ ਜਦੋਂ ਆਪਣੇ ਦੋਸਤਾਂ (ਨਰਿੰਦਰ ਪਾਲ ਸਿੰਘ, ਰਵਿੰਦਰ ਸਿੰਘ, ਜਤਿੰਦਰ ਮੋਹਨ, ਕਰਨੈਲ ਸਿੰਘ ਅਤੇ ਗੁਰਦੇਵ ਸਿੰਘ) ਨਾਲ ਸਾਂਝਾ ਕੀਤਾ, ਤਾਂ ਸਭ ਨੇ ਸੁਣਦੇ ਸਾਰ ਹੀ ਹਾਮੀ ਭਰ ਦਿੱਤੀ। ਸਭ ਤੋਂ ਪਹਿਲਾਂ ਪੋਰਟ ਬਲੇਅਰ ਏਅਰੋਪਟ ਪਹੁੰਚ ਕੇ ਅਸੀਂ ਸਾਰੇ ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ ਵਿਖੇ ਨਤਮਸਤਕ ਹੋਏ। ਉਹ ਦਿਨ ਜਨਵਰੀ ਮਹੀਨੇ ਦਾ ਆਖਰੀ ਐਤਵਾਰ ਸੀ। ਉੱਥੇ ਹੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਰਾਹੁਲ ਸਿੰਘ ਜੀ ਨੇ ਦੱਸਿਆ ਕਿ ਹਰ ਮਹੀਨੇ ਦੇ ਆਖਰੀ ਐਤਵਾਰ ਇੱਥੋਂ ਨਜ਼ਦੀਕ ਹੀ ਪੁਲਿਸ ਗੁਰਦੁਆਰਾ ਵਿਖੇ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ, ਜਿਸ ਵਿਚ ਆਪਣੇ ਪੰਜਾਬੀ ਭਾਈਚਾਰੇ ਦੀ ਸੰਗਤ ਹੁੰਮ-ਹੁੰਮਾ ਕੇ ਪਹੁੰਚਦੀ ਹੈ। ਮੇਰੇ ਲਈ ਇਹ ਗੱਲ ਸੋਨੇ 'ਤੇ ਸੁਹਾਗੇ ਵਾਲੀ ਸੀ, ਕਿਉਂਕਿ ਯਾਤਰਾ ਦੇ ਪਹਿਲੇ ਹੀ ਦਿਨ ਸਮੁੱਚੇ ਭਾਈਚਾਰਾ ਨਾਲ ਗੁਰੂ-ਘਰ ਵਿਖੇ ਮੇਲ-ਮਿਲਾਪ ਹੋਣਾ ਇਸ ਤੋਂ ਵੱਧ ਖੁਸ਼ੀ ਦੀ ਕੀ ਗੱਲ ਹੋ ਸਕਦੀ ਸੀ? ਇਕ ਅੰਦਾਜ਼ੇ ਮੁਤਾਬਕ ਇੱਥੇ 1500 ਦੇ ਕਰੀਬ ਸਿੱਖ ਅਬਾਦੀ ਵਸਦੀ ਹੈ।

**ਪੁਲਿਸ ਗੁਰਦੁਆਰਾ ਪੋਰਟ ਬਲੇਅਰ:** ਇਹ ਨਾਮ ਹੋਂਦ ਵਿਚ ਆਇਆ ਕਿਉਂਕਿ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧਨ ਉਸ ਸਮੇਂ ਬਰਤਾਨਵੀ ਅੰਡੇਮਾਨ ਅਤੇ ਨਿਕੋਬਾਰ ਪੁਲਿਸ ਵਿਭਾਗ ਦੁਆਰਾ ਕੀਤਾ ਗਿਆ ਸੀ। ਬ੍ਰਿਟਿਸ਼ ਰਾਜ ਸਮੇਂ ਇੱਥੇ ਬਹੁਤ ਸਾਰੇ ਭਾਰਤੀ ਪੁਲਿਸ ਕਰਮਚਾਰੀ ਵਜੋਂ ਤਾਇਨਾਤ ਸਨ। ਭਾਰਤੀਆਂ ਦਾ ਵਿਸ਼ਵਾਸ ਜਿੱਤਣ ਲਈ ਅੰਗਰੇਜ਼ਾਂ ਨੇ ਇਹ ਧਾਰਮਿਕ ਸੰਸਥਾਵਾਂ ਬਣਾਉਣ ਦਾ ਫੈਸਲਾ ਕੀਤਾ। ਸਭ ਤੋਂ ਅਫਸੋਸਜਨਕ ਗੱਲ ਇਹ ਸੀ ਕਿ ਉਸ ਸਮੇਂ ਇਸ ਗੁਰਦੁਆਰੇ ਵਿਚ ਆਮ ਸਿੱਖਾਂ ਦੇ ਜਾਣ 'ਤੇ ਮਨਾਹੀ ਸੀ। ਪਰੰਤੂ ਹੁਣ ਅਜਿਹਾ ਕੁੱਝ ਵੀ ਨਹੀਂ ਹੈ। ਮੌਜੂਦਾ ਸਮੇਂ ਸਿੱਖ ਪੰਥ ਦੇ ਦਿਨ-ਤਿਉਹਾਰ ਪੁਲਿਸ ਗੁਰਦੁਆਰਾ ਸਾਹਿਬ ਵਿਖੇ ਸਥਾਨਕ ਸਿੱਖ ਅਤੇ ਹੋਰ ਭਾਈਚਾਰਿਆਂ ਵਲੋਂ ਬੜੀ ਹੀ ਸ਼ਰਧਾ-ਭਾਵਨਾ ਨਾਲ ਮਨਾਏ ਜਾਂਦੇ ਹਨ।

**ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ:** ਗੁਰੂ ਨਾਨਕ ਦੇ ਘਰ ਜਿੱਥੋਂ ਅਵਾਜ਼ ਆਉਂਦੀ ਹੈ ਕਿ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥" ਉਸ ਦਰ (ਪੁਲਿਸ ਗੁਰਦੁਆਰਾ) 'ਤੇ ਇਸ ਤਰ੍ਹਾਂ ਦੇ ਭੇਦਭਾਵ ਹੋ ਰਿਹਾ ਹੋਵੇ, ਤਾਂ ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੇ ਨੇਕ ਇਨਸਾਨ ਦਾ ਨਿਰਾਸ਼ ਅਤੇ ਦੁੱਖੀ ਹੋਣਾ ਸੁਭਾਵਿਕ ਹੀ ਸੀ, ਸੋ ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਅਤੇ ਲੋਕਾਂ ਨਾਲ ਰਲ-ਮਿਲ ਕੇ ਨਵੇਂ ਗੁਰਦੁਆਰਾ ਸਾਹਿਬ ਜੀ ਦੀ ਨੀਂਹ 15 ਅਗਸਤ, 1937 ਵਿਚ ਰੱਖੀ, ਪਹਿਲਾਂ ਇਸਨੂੰ 'ਨਵਾਂ ਗੁਰਦੁਆਰਾ' ਕਿਹਾ ਜਾਂਦਾ ਸੀ। ਮੌਜੂਦਾ ਸਮੇਂ ਇਹ ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ ਨਾਮ ਨਾਲ ਪੂਰੀ ਦੁਨੀਆਂ ਵਿਚ ਜਾਣਿਆ ਜਾਂਦਾ ਹੈ। ਸ਼ਾਇਦ, ਇਹ ਪਹਿਲਾ ਅਤੇ ਆਖਰੀ ਗੁਰਦੁਆਰਾ ਹੀ ਹੈ, ਜਿਸਦਾ ਨਾਮ ਸਿੱਖ ਗੁਰੂਆਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੇ ਨਾਂ 'ਤੇ ਰੱਖਿਆ ਗਿਆ ਹੈ। ਗੁਰਦੁਆਰਾ ਇੱਕ ਵਿਲੱਖਣ ਕਮੇਟੀ ਦੁਆਰਾ ਚਲਾਇਆ ਜਾਂਦਾ ਸੀ, ਜਿਸ ਵਿਚ ਸਾਰੇ ਧਰਮਾਂ ਦੇ 25 ਮੈਂਬਰ ਸਨ। ਇਸ ਵਿਚ 12 ਸਿੱਖ, 10 ਹਿੰਦੂ, 2 ਮੁਸਲਮਾਨ ਅਤੇ 1 ਈਸਾਈ ਸ਼ਾਮਲ ਸੀ। ਮੌਜੂਦਾ ਸਮੇਂ ਇਸ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਸਵਰਣ ਸਿੰਘ ਜੀ ਹਨ। ਗੁਰਦੁਆਰਾ ਵਿਚ ਲੰਗਰ ਹਾਲ ਅਤੇ ਸੰਗਤ ਦੀ ਰਿਹਾਇਸ਼ ਲਈ ਕਮਰੇ ਉਪਲਬਧ ਹਨ। ਗੁਰਦੁਆਰਾ ਲੋਹੇ ਦੇ ਥੰਮ੍ਹਾਂ ਦੀ ਨੀਂਹ ਉੱਤੇ ਲੱਕੜ ਨਾਲ ਬਣਾਇਆ ਗਿਆ ਹੈ। ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਆਦਮਕੱਦ ਬੁੱਤ ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਖਾਲਸਾ ਸਕੂਲ ਵੱਲ ਸੁਸ਼ੋਭਿਤ ਕੀਤਾ ਗਿਆ ਹੈ। ਇਹ ਗੁਰਦੁਆਰਾ ਐਬਰਡੀਨ ਬਾਜ਼ਾਰ ਵਿਚ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਅਗਲੇ ਕੁੱਝ ਸਾਲਾਂ ਵਿਚ ਆਪਣੀ ਸਥਾਪਨਾ ਦਾ ਇਕ ਸਦੀ ਦਾ ਸਫਰ ਤੈਅ ਕਰਨ ਦੇ ਰਾਹ 'ਤੇ ਹੈ। ਇਸ ਤੋਂ ਇਲਾਵਾਂ ਗੁਰਦੁਆਰਾ ਮਿੰਨੀ ਬੇ ਅਤੇ ਐੱਮ.ਈ.ਐੱਸ. ਗੁਰਦੁਆਰਾ ਹਾਡੂ ਵੀ ਪੋਰਟ ਬਲੇਅਰ ਵਿਚ ਸਿੱਖ ਭਾਈਚਾਰੇ ਦੀ ਆਸਥਾ ਦੇ ਮੁੱਖ ਅਸਥਾਨ ਹਨ।










**ਬਲੀਦਾਨ ਵੇਦੀ ਹਫਰੀਗੰਜ:** ਪੁਲਿਸ ਗੁਰਦੁਆਰਾ ਪਹੁੰਚ ਕੇ ਪੰਜਾਬੀ ਭਾਈਚਾਰੇ ਨੂੰ ਮਿਲ ਕੇ ਅਥਾਹ ਖੁਸ਼ੀ ਪ੍ਰਾਪਤ ਹੋਈ। ਉੱਥੇ ਹੀ ਹਰਜਿੰਦਰ ਸਿੰਘ ਅਤੇ ਸਰਨ ਸਿੰਘ ਨਾਲ ਮੇਲ ਹੋਇਆ। ਉਨ੍ਹਾਂ ਦੱਸਿਆ ਕਿ ਕੱਲ੍ਹ 30 ਜਨਵਰੀ ਨੂੰ ਇੱਥੋਂ ਤਕਰੀਬਨ 18 ਕਿਲੋਮੀਟਰ ਦੂਰ ਬਲੀਦਾਨ ਵੇਦੀ ਹੰਫਰੀਗਜ ਵਿਖੇ 30 ਜਨਵਰੀ, 1944 ਨੂੰ ਜਪਾਨੀਆਂ ਵਲੋਂ ਸ਼ਹੀਦ ਕੀਤੇ ਗਏ ਸ਼ਹੀਦ ਸੂਰਬੀਰਾਂ ਦੀ ਯਾਦ ਵਿਚ ਸਮਾਗਮ ਹੈ, ਤੁਸੀਂ ਉੱਥੇ ਜ਼ਰੂਰ ਹਾਜ਼ਰੀ ਲਗਾਇਓ। ਜ਼ਿਕਰਯੋਗ ਹੈ ਕਿ 30 ਜਨਵਰੀ 1944 ਨੂੰ 44 ਕੈਦੀਆਂ ਨੂੰ ਮੌਤ ਦੀ ਸਜ਼ਾ ਲਈ ਚੁਣਿਆ ਗਿਆ। ਇਨ੍ਹਾਂ ਲੋਕਾਂ ਨੂੰ ਟਰੱਕਾਂ ਵਿਚ ਲੱਦ ਕੇ ਹੰਫਰੀਗੰਜ ਨਾਮਕ ਇੱਕ ਸਥਾਨ 'ਤੇ ਗੋਲੀਆਂ ਮਾਰ ਕੇ ਕਤਲ ਕਰ ਕੇ ਸਮੂਹਿਕ ਕਬਰ ਵਿਚ ਦਫ਼ਨਾਇਆ ਗਿਆ ਸੀ, ਜਿਸ ਵਿਚ ਬਹੁਗਿਣਤੀ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ ਸਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਦੂਜੇ ਵਿਸ਼ਵ ਯੁੱਧ ਦੌਰਾਨ 1942 ਵਿਚ ਜਪਾਨੀਆਂ ਦਾ ਅੰਡੇਮਾਨ ਨਿਕੋਬਾਰ ਟਾਪੂ ਉਪਰ ਕਬਜ਼ਾ ਹੋ ਚੁੱਕਾ ਸੀ ਅਤੇ ਇਹ ਸਾਰੇ ਸ਼ਹੀਦ ਇੰਡੀਆ ਇੰਡੀਪੈਂਡੈਂਟ ਲੀਗ ਦੇ ਮੈਂਬਰ ਸਨ। ਜਦੋਂ ਅਸੀਂ ਉੱਥੇ ਪਹੁੰਚੇ, ਤਾਂ ਬਲਿਦਾਨ ਵੇਦੀ ਸ਼ਹੀਦਾਂ ਦੇ ਸਮਾਰਕ ਦੇ ਸਰਪ੍ਰਸਤ ਸ਼੍ਰੀ ਗੌਰੀ ਸ਼ੰਕਰ ਪਾਂਡੇ, ਜਨਰਲ ਸਕੱਤਰ ਸ਼੍ਰੀ ਜੈਵੰਸ਼ ਸ਼ੰਕਰ ਪਾਂਡੇ ਅਤੇ ਹੋਰ ਪ੍ਰਬੰਧਕ ਮੈਂਬਰਾਂ ਨੇ ਸਾਡਾ ਬੜੀ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ। ਮੁੱਖ ਮਹਿਮਾਨ ਵਜੋਂ ਉੱਥੋਂ ਦੇ ਮੈਂਬਰ ਪਾਰਲੀਮੈਂਟ ਸ਼੍ਰੀ ਕੁਲਦੀਪ ਰਾਏ ਸ਼ਰਮਾ ਜੀ ਨਾਲ ਮੁਲਾਕਾਤ ਬਹੁਤ ਹੀ ਭਾਵੁਕ ਮਾਹੌਲ ਵਿਚ ਹੋਈ। ਇਸ ਮੌਕੇ ਸਰਬ ਧਰਮ ਪ੍ਰਾਰਥਨਾ ਨਾਲ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਹਰ ਕਿਸੇ ਦੀਆਂ ਅੱਖਾਂ ਨਮ ਸਨ। ਹਜ਼ਾਰਾਂ ਮੀਲ ਦੂਰ ਆਪਣੇ ਬਜ਼ੁਰਗਾਂ ਦੇ ਪਾਏ ਪੂਰਨਿਆਂ ਨੂੰ ਜਾ ਕੇ ਅੱਖੀ ਵੇਖਣਾ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਸਿਜਦਾ ਕਰਨਾ ਸਾਡੇ ਲਈ ਵੀ ਬਹੁਤ ਭਾਵਪੂਰਤ ਪਲ ਸਨ।

**ਸੈਲੂਲਰ ਜੇਲ੍ਹ:** ਸੈਲੂਲਰ ਜੇਲ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿਚ ਇੱਕ ਬ੍ਰਿਟਿਸ਼ ਬਸਤੀਵਾਦੀ ਜੇਲ੍ਹ ਸੀ। ਮੁੱਖ ਭੂਮੀ ਤੋਂ ਅਲੱਗ, ਇਸ ਜੇਲ੍ਹ ਨੂੰ ਕਾਲਾ ਪਾਣੀ ਵੀ ਕਿਹਾ ਜਾਂਦਾ ਹੈ (ਜਿੱਥੇ ਕਾਲ ਦਾ ਅਰਥ ਹੈ, ਮੌਤ ਜਾਂ ਸਮਾਂ, ਇਸ ਤਰ੍ਹਾਂ ਕਾਲੇਪਾਣੀ ਦੀ ਜੇਲ੍ਹ ਤੋਂ ਭਾਵ ਮੌਤ ਦਾ ਪਾਣੀ ਜਾਂ ਸਥਾਨ)। ਇਹ ਬਹੁਚਰਚਿਤ ਜੇਲ੍ਹ ਸਮੁੰਦਰ ਤਲ ਤੋਂ ਕੋਈ ਸੱਠ ਫੁੱਟ ਉੱਚੀ ਪਹਾੜੀ 'ਤੇ ਪੋਰਟ ਬਲੇਅਰ ਵਿਚ ਸਥਿਤ ਹੈ। ਹਾਲਾਂਕਿ ਜੇਲ੍ਹ ਕੰਪਲੈਕਸ ਨੂੰ 1896 ਅਤੇ 1906 ਦੇ ਵਿਚਕਾਰ ਬਣਾਇਆ ਗਿਆ ਸੀ, ਲੇਕਿਨ ਭਾਰਤ ਵਿਚ ਬ੍ਰਿਟਿਸ਼ ਅਧਿਕਾਰੀ 1857 ਦੇ ਭਾਰਤੀ ਵਿਦਰੋਹ ਦੇ ਤੁਰੰਤ ਬਾਅਦ ਦੇ ਦਿਨਾਂ ਤੋਂ ਅੰਡੇਮਾਨ ਟਾਪੂ ਨੂੰ ਇੱਕ ਜੇਲ੍ਹ ਵਜੋਂ ਹੀ ਵਰਤ ਰਹੇ ਸਨ। ਪਹਿਲਾ ਸਜ਼ਾ ਦੇਣ ਲਈ ਚੱਠਮ ਅਤੇ ਵਾਈਪਰ ਟਾਪੂਆਂ ਨੂੰ ਵਰਤਿਆ ਜਾਂਦਾ ਸੀ। ਸੰਨ 1883 ਵਿਚ ਅੰਗਰੇਜ਼ਾਂ ਦੁਆਰਾ ਇੱਥੇ ਚਠਮ ਆਰਾ ਵੀ ਲਗਾਇਆ ਗਿਆ। ਵਾਈਪਰ ਆਈਲੈਂਡ ਵਿਖੇ ਇੱਕ ਛੋਟਾ ਜਿਹੀ ਜੇਲ੍ਹ ਸੀ, ਜਿੱਥੇ ਅੰਗਰੇਜ਼ ਦੋਸ਼ੀਆਂ ਅਤੇ ਰਾਜਨੀਤਿਕ ਕੈਦੀਆਂ ਨੂੰ ਕੈਦ ਕਰਦੇ ਸਨ। ਇਸ ਵਿਚ ਇੱਕ ਪਹਾੜੀ ਉੱਤੇ ਫਾਂਸੀ ਦੇ ਤਖ਼ਤੇ ਦੇ ਖੰਡਰ ਹਨ। 1906 ਵਿਚ ਸੈਲੂਲਰ ਜੇਲ੍ਹ ਦੇ ਨਿਰਮਾਣ ਤੋਂ ਕਈ ਸਾਲ ਪਹਿਲਾਂ, ਇਹ ਵਾਈਪਰ ਆਈਲੈਂਡ ਦੀ ਜੇਲ੍ਹ ਸੀ, ਜਿਸਦੀ ਵਰਤੋਂ ਅੰਗਰੇਜ਼ਾਂ ਦੁਆਰਾ ਸਾਡੇ ਦੇਸ਼ ਦੇ ਦੇਸ਼ਭਗਤਾਂ 'ਤੇ ਜਬਰ ਅਤੇ ਤਸ਼ੱਦਦ ਕਰਨ ਲਈ ਕੀਤੀ ਜਾਂਦੀ ਸੀ। ਗੱਲ ਕਰੀਏ ਸੈਲੂਲਰ ਜੇਲ੍ਹ ਦੀ, ਸੋ ਇਸ ਜੇਲ੍ਹ ਦੇ ਸੱਤ ਵਿੰਗ ਸਨ ਅਤੇ ਹਰ ਵਿੰਗ ਤਿੰਨ ਮੰਜ਼ਿਲਾ ਸੀ। ਕੈਦੀਆਂ ਨੂੰ ਰੱਖਣ ਲਈ ਇਸ ਵਿਚ ਤਕਰੀਬਨ 13×7 ਫੁੱਟ ਦੇ ਅਕਾਰ ਦੇ 693 ਸੈੱਲ ਸਨ। ਹਰ ਇਕ ਵਿੰਗ ਨੂੰ ਇਸ ਤਰ੍ਹਾਂ ਬਣਾਇਆ ਗਿਆ ਸੀ ਕਿ ਇਕ ਵਿੰਗ ਦਾ ਅਗਲਾ ਹਿੱਸਾ ਦੂਜੇ ਦੇ ਪਿਛਲੇ ਪਾਸੇ ਵੱਲ ਹੋਵੇ ਤਾਂ ਕਿ ਵਿੰਗ ਵਿਚ ਕੈਦੀ ਇਕ-ਦੂਜੇ ਨੂੰ ਨਾ ਵੇਖ ਸਕਣ ਅਤੇ ਨਾ ਹੀ ਕੋਈ ਗੱਲਬਾਤ ਕਰ ਸਕਣ। ਕੇਂਦਰ ਵਿਚਲੇ ਟਾਵਰ ਨੂੰ ਸਾਰੇ ਸੱਤੇ ਵਿੰਗਾ ਦੇ ਲਾਂਘੇ ਦਾ ਕੇਂਦਰ ਬਿੰਦੂ ਬਣਾਇਆ ਗਿਆ ਸੀ ਤੇ ਇਹ ਗਾਰਡਾਂ ਲਈ ਕੈਦੀਆਂ ਲਈ ਨਜ਼ਰ ਰੱਖਣ ਲਈ ਇਕ ਪੁਆਇੰਟ ਵਜੋਂ ਵਰਤਿਆ ਜਾਂਦਾ ਸੀ। ਇਸ ਥਾਂ 'ਤੇ ਹੀ ਅਲਾਰਮ ਵਜਾਉਣ ਲਈ ਇਕ ਵੱਡੀ ਘੰਟੀ ਸੀ।

ਮੌਜੂਦਾ ਸਮੇਂ ਇਸ ਜੇਲ੍ਹ ਦੇ ਸੱਤ ਵਿੰਗਾ ਵਿਚੋਂ ਸਿਰਫ ਤਿੰਨ ਵਿੰਗ ਅਤੇ ਕੇਂਦਰ ਦਾ ਟਾਵਰ ਹੀ ਬਚਿਆ ਹੈ। 11 ਫਰਵਰੀ 1979 ਨੂੰ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੁਆਰਾ ਸੈਲੂਲਰ ਜੇਲ੍ਹ ਨੂੰ ਰਾਸ਼ਟਰੀ ਯਾਦਗਾਰ ਘੋਸ਼ਿਤ ਕੀਤਾ ਗਿਆ ਸੀ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਰੋਸ਼ਨੀ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਕੈਦੀਆਂ ਨੂੰ ਸਜ਼ਾ ਦੇ ਰੂਪ ਵਿਚ ਅਕਹਿ ਅਤੇ ਅਸਹਿ ਤਸੀਹੇ ਝੱਲਣੇ ਪੈਂਦੇ ਸਨ। ਕੈਦੀਆਂ ਨੂੰ ਰੋਜ਼ਾਨਾ ਤੀਹ ਪੌਂਡ ਨਾਰੀਅਲ ਦਾ ਤੇਲ ਜਾਂ ਦਸ ਪੌਂਡ ਸਰ੍ਹੋਂ ਦਾ ਤੇਲ ਕੱਢਣ ਦਾ ਟੀਚੇ ਦਿੱਤਾ ਜਾਂਦਾ ਸੀ, ਜੋ ਕਿ ਸਭ ਦੀ ਸਰੀਰਕ ਸਮਰੱਥਾ ਤੋਂ ਪਰੇ ਸਨ। ਕੋਟੇ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਸਰੀਰਕ ਤਸ਼ੱਦਦ ਅਤੇ ਗਾਰਡਾਂ ਦੁਆਰਾ ਸੰਗਲਾਂ ਨਾਲ ਬੰਨ੍ਹ ਕੇ ਕੋੜੇ ਮਾਰੇ ਜਾਂਦੇ ਸਨ। ਭੋਜਨ ਵੀ ਮਨੁੱਖੀ ਖਾਣ ਦੇ ਯੋਗ ਨਹੀਂ ਹੁੰਦਾ ਸੀ। ਅੰਤ ਵਿਚ ਇਕ ਤੋਖਲਾ ਜਿਵੇਂ ਕਿ ਇਤਿਹਾਸ ਵਿਚ ਹੁੰਦਾ ਆਇਆ ਹੈ ਕਿ ਪੰਜਾਬੀਆਂ ਖਾਸਕਰ ਸਿੱਖਾਂ ਦੇ ਆਜ਼ਾਦੀ ਵਿਚ ਪਾਏ ਵੱਡਮੁੱਲੇ ਯੋਗਦਾਨ ਨੂੰ ਅਣਗੌਲਿਆ ਹੀ ਕੀਤਾ ਜਾਂਦਾ ਰਿਹਾ ਹੈ। ਇਸ ਹੀ ਸੰਦਰਭ ਵਿਚ ਪਿਛਲੇ ਸਮਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਤੇ ਪੰਜਾਬ ਸਰਕਾਰ ਦੇ ਵਫਦ ਅੰਡੇਮਾਨ ਨਿਕੋਬਾਰ ਵਿਸ਼ੇਸ਼ ਤੌਰ 'ਤੇ ਜਾ ਕੇ ਉੱਚ ਅਧਿਕਾਰੀਆਂ ਨੂੰ ਵੀ ਮਿਲ ਚੁੱਕੇ ਹਨ। ਰੋਜ਼ਾਨਾ ਵਿਖਾਏ ਜਾਂਦੇ ਆਵਾਜ਼ ਅਤੇ ਰੋਸ਼ਨੀ ਸ਼ੋਅ ਵਿਚ ਵੀ ਪੰਜਾਬੀਆਂ ਦਾ ਨਾਮਾਤਰ ਜ਼ਿਕਰ ਹੈ। ਪਿਛਲੇ ਸਮੇਂ ਵਿਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਨਾਮ ਉਪਰ ਅੰਡੇਮਾਨ ਵਿਚ ਕਿਸੇ ਟਾਪੂ ਦਾ ਨਾਮ ਰੱਖਣ ਦੀ ਮੰਗ ਵੀ ਉਠਾਈ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਪਿਛਲੇ ਮਹੀਨੇ ਪਰਕਰਮ ਦਿਵਸ ਦੇ ਮੌਕੇ 'ਤੇ ਇਕ ਸਮਾਰੋਹ 'ਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ 21 ਸਭ ਤੋਂ ਵੱਡੇ ਬੇਨਾਮ ਟਾਪੂਆਂ ਦੇ ਨਾਮ 21 ਪਰਮਵੀਰ ਚੱਕਰ ਪੁਰਸਕਾਰ ਵਿਜੇਤਾਵਾਂ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਮੰਤਰੀ ਮੋਦੀ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀਪ 'ਤੇ ਬਣਾਏ ਜਾਣ ਵਾਲੇ ਨੇਤਾ ਜੀ ਨੂੰ ਸਮਰਪਿਤ ਰਾਸ਼ਟਰੀ ਸਮਾਰਕ ਦੇ ਮਾਡਲ ਦਾ ਵੀ ਉਦਘਾਟਨ ਕੀਤਾ, ਜਿਸ ਨੂੰ ਪਹਿਲਾਂ ਰੌਸ ਆਈਲੈਂਡਜ਼ ਵਜੋਂ ਜਾਣਿਆ ਜਾਂਦਾ ਸੀ। ਅਸੀਂ ਇਨ੍ਹਾਂ ਫੈਸਲਿਆਂ ਦਾ ਸਵਾਗਤ ਕਰਦੇ ਹਾਂ ਪਰੰਤੂ ਨਾਲ ਹੀ ਡਾ. ਦੀਵਾਨ ਸਿੰਘ ਕਾਲੇਪਾਣੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦੇ ਹੋਏ ਭਾਰਤ ਸਰਕਾਰ ਨੂੰ ਅਜਿਹੇ ਹੀ ਕਦਮ ਉਠਾਉਣ ਦੀ ਪੁਰਜ਼ੋਰ ਬੇਨਤੀ ਕਰਦੇ ਹਾਂ।

**ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ:** ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਬਿਲਕੁਲ ਸਾਹਮਣੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਥਿਤ ਹੈ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸਰਬਜੀਤ ਕੌਰ ਅਤੇ ਸਮੂਹ ਸਟਾਫ਼ ਨੇ ਸਾਨੂੰ ਖਿੜੇ ਮੱਥੇ ਜੀ ਆਇਆਂ ਕਿਹਾ। ਵਿਦਿਆਰਥੀਆਂ ਦੀ ਸਵੇਰ ਦਾ ਸਭਾ ਵਿਚ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਬੋਲਣ ਦਾ ਵੀ ਮੌਕਾ ਦਿੱਤਾ ਗਿਆ। ਸਕੂਲ ਵਿਚ ਇਸ ਸਮੇਂ 700 ਦੇ ਕਰੀਬ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਜਿਨ੍ਹਾਂ ਵਿਚ ਵੱਡੀ ਗਿਣਤੀ ਬੰਗਾਲੀ ਅਤੇ ਤਾਮਿਲ ਵਿਦਿਆਰਥੀਆਂ ਦੀ ਹੈ। ਹੈਰਾਨੀ ਅਤੇ ਖੁਸ਼ੀ ਇਸ ਗੱਲ ਦੀ ਹੋਈ ਕਿ ਸਕੂਲ ਵਿਚ ਪੰਜਾਬੀ ਬੋਲੀ ਨੂੰ ਤੀਜੀ ਭਾਸ਼ਾ ਦੇ ਰੂਪ ਵਿਚ ਬਾਖ਼ੂਬੀ ਪੜ੍ਹਾਇਆ ਜਾ ਰਿਹਾ ਹੈ। ਬੰਗਾਲੀ ਅਤੇ ਤਾਮਿਲ ਪਿਛੋਕੜ ਵਾਲੇ ਵਿਦਿਆਰਥੀਆਂ ਨਾਲ ਪੰਜਾਬੀ ਵਿਚ ਗੱਲਬਾਤ ਕਰਕੇ ਮਨ ਨੂੰ ਤਸੱਲੀ ਹੋਈ ਕਿ ਪੰਜਾਬੀਆਂ ਜ਼ੁਬਾਨੇ, ਹਾਲੇ ਹੈ ਤੇਰੇ ਆਸ਼ਿਕ, ਜਿਹੜੇ ਤੇਰੀ ਚੜ੍ਹਦੀ ਕਲਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਖਾਲਸਾ ਪਬਲਿਕ ਸਕੂਲ ਦੀ ਸਥਾਪਨਾ 14 ਅਪ੍ਰੈਲ, 1999 ਨੂੰ ਕੀਤੀ ਗਈ ਸੀ। 2017-18 ਵਿਚ ਸਾਇੰਸ ਸਟਰੀਮ ਨਾਲ ਸਕੂਲ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਅੱਪਗ੍ਰੇਡ ਕੀਤਾ ਗਿਆ ਹੈ। ਇਸ ਸਮੇਂ ਸਕੂਲ ਪ੍ਰਸ਼ਾਸਨ ਦੀ ਅਗਵਾਈ ਵਿਚ ਸ. ਸੁਰਿੰਦਰ ਸਿੰਘ ਚੰਨੀ ਚੇਅਰਮੈਨ, ਸ. ਹਰਦਿੰਦਰ ਸਿੰਘ ਪਾਬਲਾ ਮੀਤ ਚੇਅਰਮੈਨ, ਡਾ.(ਮਿਸ) ਸਰਬਜੀਤ ਕੌਰ ਜਗਪਾਲ ਬਤੌਰ ਪ੍ਰਿੰਸੀਪਲ, ਸ. ਰਣਜੀਤ ਸਿੰਘ ਸੰਯੁਕਤ ਸਕੱਤਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਸਕੂਲ ਦੇ ਬੁਨਿਆਦੀ ਢਾਂਚੇ ਵਿਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਕੰਪਿਊਟਰ ਅਤੇ ਲਾਇਬ੍ਰੇਰੀ ਸ਼ਾਮਲ ਹਨ। ਵਿਦਿਆਰਥੀਆਂ ਦੇ ਹੁਨਰ ਨੂੰ ਵਧਾਉਣ ਲਈ ਕਈ ਤਰ੍ਹਾਂ ਦੀਆਂ ਕਿਤਾਬਾਂ, ਅਖਬਾਰਾਂ ਅਤੇ ਮੈਗਜ਼ੀਨ ਨਾਲ ਸਜੀ ਹੋਈ ਲਾਇਬ੍ਰੇਰੀ ਸਥਾਪਿਤ ਹੈ। ਨੈਤਿਕ ਗੁਣਾਂ 'ਤੇ ਆਧਾਰਿਤ ਸਿੱਖਿਆ ਪ੍ਰਦਾਨ ਕਰਨ ਹੀ ਖਾਲਸਾ ਸਕੂਲ ਦਾ ਮੁੱਖ ਟੀਚਾ ਹੈ। ਸਹਿ-ਵਿਦਿਅਕ ਗਤੀਵਿਧੀਆਂ ਵਿਚ ਵਿਦਿਆਰਥੀ ਵੱਧ-ਚੜ੍ਹ ਕੇ ਭਾਗ ਲੈਂਦੇ ਹਨ। ਬਹੁਤ ਸਾਰੀਆਂ ਇੰਟਰ-ਹਾਊਸ ਅਤੇ ਇੰਟਰ-ਸਕੂਲ ਗਤੀਵਿਧੀਆਂ ਹੁੰਦੀਆਂ ਹਨ, ਜਿਸ ਵਿਚ ਵਿਦਿਆਰਥੀ ਬਹਿਸ, ਕੁਇਜ਼, ਸੰਗੀਤ, ਕਵਿਤਾ, ਪਾਠ ਅਤੇ ਲੇਖ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਗੁਰਪੁਰਬ ਮੌਕੇ ਵਿਦਿਆਰਥੀ ਗੁਰਦੁਆਰਾ ਦੀਵਾਨ ਸਿੰਘ ਕਾਲੇਪਾਣੀ ਵਿਖੇ ਆਪਣੀ ਹਾਜ਼ਰੀ ਵੀ ਲਗਵਾਉਂਦੇ ਹਨ। 2 ਅਗਸਤ 2012 ਨੂੰ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੀ ਅੰਡੇਮਾਨ ਫ਼ੇਰੀ ਦੌਰਾਨ ਸਕੂਲ ਦੀ ਨਵੀਂ ਇਮਾਰਤ ਲਈ ਆਰਥਿਕ ਸਹਾਇਤਾ ਵੀ ਜਾਰੀ ਕੀਤੀ ਸੀ। 2 ਅਗਸਤ, 2012 ਨੂੰ ਹੀ ਆਪ ਜੀ ਨੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਜੀ ਦਾ ਆਦਮ ਕੱਦ ਬੁੱਤ ਦਾ ਵੀ ਉਦਘਾਟਨ ਆਪਣੀ ਹੱਥੀਂ ਕੀਤਾ ਸੀ। ਹੁਣ ਵੀ ਸਕੂਲ ਮੈਨੇਜਿੰਗ ਕਮੇਟੀ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਪਣੇ ਭਵਿੱਖ ਦੀਆਂ ਯੋਜਨਾਵਾਂ ਲਈ ਆਸ ਲਗਾਈ ਬੈਠੀ ਹੈ। ਜਿਸ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੋਰਟ ਬਲੇਅਰ ਵਿਖੇ ਖਾਲਸਾ ਗਰਲਜ਼ ਕਾਲਜ ਉਸਾਰਨ ਦੀ ਮੁੱਖ ਯੋਜਨਾ ਸ਼ਾਮਿਲ ਹੈ।

**ਪੰਜਾਬੀ ਢਾਬਾ:** ਪੰਜਾਬੀ ਜਿੱਥੇ ਆਪਣੀ ਮਿਹਨਤੀ ਅਤੇ ਬਹਾਦਰੀ ਭਰੇ ਸੁਭਾਅ ਲਈ ਦੁਨੀਆਂ ਭਰ ਵਿਚ ਪ੍ਰਸਿੱਧ ਹਨ। ਉਥੇ ਹੀ ਖੁੱਲ੍ਹਾ ਖਾਣ-ਪੀਣ ਦੇ ਸ਼ੌਕੀਨ ਵੀ ਮੰਨੇ ਜਾਂਦੇ ਹਨ। ਅੰਡੇਮਾਨ ਵਿਚ ਵੀ ਪੰਜਾਬੀ ਢਾਬਾ ਅਜਿਹੀ ਹੀ ਗਵਾਹੀ ਭਰਦਾ ਹੈ। ਇਸ ਢਾਬੇ ਉਪਰ ਪੰਜਾਬੀਆਂ ਦੇ ਨਾਲ-ਨਾਲ ਹਰ ਵਰਗ ਦੇ ਲੋਕ ਆ ਕੇ ਸ਼ੁੱਧ ਸਾਕਾਹਾਰੀ ਭੋਜਨ ਦਾ ਸੁਆਦ ਚੱਖਦੇ ਹਨ। ਇਸ ਢਾਬੇ ਦੇ ਮਾਲਕ ਪੰਜਾਬ ਦੇ ਗੁਰਦਾਸਪੁਰ ਤੋਂ ਪਿਛੋਕੜ ਰੱਖਣ ਵਾਲੇ ਸਰਦਾਰ ਸੁਖਦੇਵ ਸਿੰਘ ਸੰਧੂ ਜੀ ਹਨ।

**ਕੈਂਪਬੈਲ ਬੇ:** ਸਰਦਾਰ ਤਾਰਾ ਸਿੰਘ ਪਾਬਲਾ ਜੀ ਇਕ ਅਜਿਹਾ ਨਾਮ ਹੈ, ਜਿਨ੍ਹਾਂ ਨੇ ਗਰੇਟ ਨਿਕੋਬਾਰ ਵਿਚ ਕੇਂਦਰ ਸਰਕਾਰ ਵਲੋਂ 1969 ਵਿਚ ਵਸਾਏ ਸਾਬਕਾ ਸਿੱਖ ਫੌਜੀ ਪਰਿਵਾਰਾਂ ਬਾਰੇ ਕਾਫੀ ਖੋਜ ਕੀਤੀ ਹੈ। ਇੰਡੋਨੇਸ਼ੀਆ ਵਿਚ ਸਬੰਗ ਟਾਪੂ ਤੋਂ 140 ਕਿਲੋਮੀਟਰ ਤੋਂ ਵੱਧ ਦੂਰ ਅਤੇ ਮਿਆਂਮਾਰ ਤੋਂ 640 ਕਿਲੋਮੀਟਰ ਦੂਰ ਸਥਿਤ, ਕੈਂਪਬੈਲ ਬੇ ਇੱਕ ਰਣਨੀਤਕ ਤੌਰ 'ਤੇ ਮਹੱਤਵਪੂਰਨ ਟਾਪੂ ਹੈ, ਜੋ ਭਾਰਤੀ ਮੁੱਖ ਭੂਮੀ ਤੋਂ ਘੱਟੋ-ਘੱਟ 1,250 ਕਿਲੋਮੀਟਰ ਦੂਰ ਸਥਿਤ ਹੈ। ਸਰਕਾਰ ਨੂੰ ਇਸ ਰਣਨੀਤਿਕ ਤੌਰ 'ਤੇ ਮਹੱਤਵਪੂਰਨ ਟਾਪੂ 'ਤੇ ਘੁਸਪੈਠੀਆਂ ਅਤੇ ਤਸਕਰਾਂ ਦਾ ਪੱਕੇ ਤੌਰ 'ਤੇ ਕਬਜ਼ਾ ਕਰਨ ਦਾ ਡਰ ਮੌਜੂਦ ਸੀ। ਇੱਥੇ ਭਾਰਤੀਆਂ ਦੀ ਸ਼ਕਤੀਸ਼ਾਲੀ ਮੌਜੂਦਗੀ ਸਥਾਪਤ ਕਰਨ ਲਈ, ਪੰਜਾਬ ਤੋਂ ਸੇਵਾਮੁਕਤ ਬਹਾਦਰ ਸੈਨਿਕਾਂ ਨੂੰ ਮੁੜ ਵਸੇਬੇ ਦੀ ਪੇਸ਼ਕਸ਼ ਕੀਤੀ ਗਈ ਸੀ। ਨਤੀਜੇ ਵਜੋਂ, ਸਰਕਾਰ ਨੇ 1969 ਵਿਚ ਪਾਇਲਟ ਰੀਸੈਟਲਮੈਂਟ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਵਿਚ ਸਰਕਾਰ ਨੇ ਕੈਂਪਬੈਲ ਬੇ ਵਿਚ ਸ਼ਿਫਟ ਹੋਣ ਲਈ ਸਵੈਇੱਛੁਕ ਤੌਰ 'ਤੇ ਹਰ ਸਿਪਾਹੀ ਦੇ ਪਰਿਵਾਰ ਲਈ 14.5 ਏਕੜ ਜ਼ਮੀਨ ਦੀ ਪੇਸ਼ਕਸ਼ ਕੀਤੀ। ਦੱਸਣਯੋਗ ਹੈ ਕਿ ਪੰਜਾਬੀ ਸਿੱਖਾਂ ਨੇ ਮੁਸ਼ਕਿਲ ਹਾਲਾਤਾਂ ਨਾਲ ਦੋ-ਚਾਰ ਹੁੰਦੇ ਹੋਏ ਇਸ ਇਲਾਕੇ ਨੂੰ ਅਬਾਦ ਕੀਤਾ। ਪਰੰਤੂ ਅਣਹੋਣੀ ਦਸੰਬਰ 2004 ਦੀ ਸੁਨਾਮੀ ਨੇ ਬਹੁਤ ਕਹਿਰ ਢਾਇਆ ਅਤੇ ਜਾਨ-ਮਾਲ ਦਾ ਵੱਡੀ ਗਿਣਤੀ ਵਿਚ ਨੁਕਸਾਨ ਹੋਇਆ। ਗੁਰਦੁਆਰਾ ਸਿੰਘ ਸਭਾ ਕੈਂਪਬੈਲ, ਇਸ ਟਾਪੂ ਵਿਚ ਵਸੇ ਪੰਜਾਬੀਆਂ ਦੀ ਸ਼ਰਧਾ ਦਾ ਮੁੱਖ ਕੇਂਦਰ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਹੀ ਇਨ੍ਹਾਂ ਪੰਜਾਬੀ ਸਿੱਖ ਪਰਿਵਾਰਾਂ ਦੇ ਨਾਮ ਵੀ ਪੱਥਰ ਉਪਰ ਉਕਰੇ ਗਏ ਹਨ, ਜੋ 1969 ਵਿਚ ਇੱਥੇ ਆ ਵੱਸੇ ਸਨ। ਕੈਂਪਬੈਲ ਬੇ ਟਾਪੂ ਦਾ ਨਾਮ ਬਦਲ ਕੇ ਪੰਜਾਬੀ ਟਾਪੂ ਰੱਖਣ ਦੀ ਮੰਗ ਵੀ ਉਠਦੀ ਰਹੀ ਹੈ।

ਇਸ ਯਾਤਰਾ ਦੌਰਾਨ ਸਾਡਾ ਮੇਲ ਪੋਰਟ ਬਲੇਅਰ ਅਤੇ ਪੰਜਾਬੀ ਭਾਈਚਾਰੇ ਵਿਚ ਚੰਗਾ ਰੁਤਬਾ ਰੱਖਣ ਵਾਲੇ ਸਰਦਾਰ ਦਲਜਿੰਦਰ ਸਿੰਘ ਤੂਰ ਜੀ ਨਾਲ ਹੋਇਆ। ਉਨ੍ਹਾਂ ਨੇ ਸਾਡਾ ਦਿਲ ਖੋਲ੍ਹ ਕੇ ਆਪਣੇ ਨਿਵਾਸ ਸਥਾਨ ਉਪਰ ਸਵਾਗਤ ਕੀਤਾ। ਅੰਡੇਮਾਨ ਵਿਚ ਸਿੱਖਾਂ ਦੀ ਆਮਦ ਅਤੇ ਸਿੱਖਾਂ ਅਤੇ ਪੰਜਾਬੀਆਂ ਦੇ ਸਰੋਕਾਰਾਂ ਬਾਰੇ ਉਨ੍ਹਾਂ ਤੋਂ ਬੜੀ ਹੀ ਮਹੱਤਵਪੂਰਣ ਜਾਣਕਾਰੀ ਮਿਲੀ। ਮੌਜੂਦਾ ਸਮੇਂ ਸਿੱਖ ਭਾਈਚਾਰੇ ਨੂੰ ਚੁਣੌਤੀਆਂ ਵੀ ਭਰਪੂਰ ਹਨ, ਜਿਨ੍ਹਾਂ ਵਿਚ ਰੋਜ਼ਗਾਰ ਅਤੇ ਨਵੀਂ ਪੀੜ੍ਹੀ ਦੇ ਵਿਆਹ-ਸ਼ਾਦੀ ਕਰਨ ਵਿਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਆਬਾਦੀ ਘਟਣ ਨਾਲ ਯੋਗ ਮੁੰਡੇ-ਕੁੜੀ ਲਈ ਰਿਸ਼ਤਾ ਲੱਭਣ ਵਿਚ ਸਮੱਸਿਆ ਆ ਰਹੀ ਹੈ। ਪੰਜਾਬ ਵਿਚ ਰਿਸ਼ਤੇਦਾਰਾਂ ਦੇ ਸੁੱਖ-ਦੁੱਖ ਵਿਚ ਕਈ ਵਾਰ ਚਾਹੁੰਦੇ ਹੋਏ ਵੀ ਨਾ ਪਹੁੰਚ ਸਕਣ ਦੀ ਮਜਬੂਰੀ ਵੀ ਉਨ੍ਹਾਂ ਨੂੰ ਡਾਢਾ ਪਰੇਸ਼ਾਨ ਕਰਦੀ ਹੈ। ਅੰਤ ਵਿਚ ਅੰਡੇਮਾਨ ਦੀਆਂ ਫਿਜਾਵਾਂ ਵਿਚ ਆਪਣਿਆਂ ਪੁਰਖਿਆਂ ਦੇ ਪਾਏ ਪੂਰਨਿਆਂ ਨੂੰ ਸਿਜਦਾ ਕਰਦੇ ਹੋਏ 'ਕਾਲੇਪਾਣੀਆਂ' ਦੀ ਧਰਤੀ ਤੋਂ ਪੰਜਾ ਆਬਾਂ ਦੀ ਧਰਤੀ ਵੱਲ ਨੂੰ ਕਈ ਅਣਸੁਲਝੇ ਸਵਾਲਾਂ ਦੇ ਜਵਾਬ ਮਨ ਵਿਚ ਤਰਾਸ਼ਦੇ ਹੋਏ ਹਵਾਈ ਜਹਾਜ਼ ਵਿਚ ਜਾਂ ਚੜ੍ਹੇ। ਅਲਵਿਦਾ ਅੰਡੇਮਾਨ..ਜੇ ਸਬੱਬ ਬਣਿਆ ਤਾਂ ਫਿਰ ਮਿਲਾਂਗੇ..!

# ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ

-ਪ੍ਰੋ. ਨਵ ਸੰਗੀਤ ਸਿੰਘ
ਬਠਿੰਡਾ
94176-92015.
(Punjab Mail USA)





ਵਿਸਾਖੀ ਸ਼ਬਦ 'ਵਿਸਾਖ' ਤੋਂ ਬਣਿਆ ਹੈ, ਜੋ ਨਾਨਕਸ਼ਾਹੀ ਸੰਮਤ ਦਾ ਦੂਜਾ ਮਹੀਨਾ ਹੈ। ਇਹ ਮਹੀਨਾ ਗਰਮੀਆਂ ਦੇ ਆਰੰਭ ਅਤੇ ਕਣਕ ਦੀ ਵਾਢੀ ਵੱਲ ਸੰਕੇਤ ਕਰਦਾ ਹੈ। ਵਿਸਾਖੀ ਦਾ ਤਿਉਹਾਰ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਹੈ, ਪਰ ਸਮੇਂ ਦੇ ਬਦਲਣ ਨਾਲ਼ ਇਸ ਵਿਚ ਪਰਿਵਰਤਨ ਹੁੰਦਾ ਗਿਆ, ਜਿਸ ਵਿਚ ਕਈ ਧਾਰਮਿਕ ਤੇ ਇਤਿਹਾਸਕ ਕਥਾਵਾਂ ਵੀ ਜੁੜਦੀਆਂ ਗਈਆਂ। ਸਤਾਰਵੀਂ ਸਦੀ ਦੇ ਅੰਤ (1699 ਈ.) ਵਿਚ ਖਾਲਸਾ ਪੰਥ ਦੀ ਸਾਜਨਾ ਹੋਈ ਅਤੇ ਵੀਹਵੀਂ ਸਦੀ ਦੇ ਮੁੱਢ (1919 ਈ.) ਵਿਚ ਜੱਲ੍ਹਿਆਂਵਾਲਾ ਬਾਗ਼ ਦਾ ਸਾਕਾ ਵਾਪਰਿਆ।

1699 ਈ. ਦੀ ਵਿਸਾਖੀ ਇਸ ਤਿਉਹਾਰ ਨੂੰ ਨਵਾਂ ਰੂਪ ਪ੍ਰਦਾਨ ਕਰਦੀ ਹੈ। ਇਸ ਦਿਨ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਇੱਕ ਨਿਆਰੇ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲੀਦਾਨ (1675 ਈ.) ਨਾਲ਼ ਠੱਲ੍ਹ ਨਹੀਂ ਪਾਈ ਜਾ ਸਕੀ। ਇਸ ਲਈ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਦੁਸ਼ਟ ਦਮਨ ਸਤਿਗੁਰੂ ਨੇ ਸਿਰਲੱਥ ਅਤੇ ਸਰਫ਼ਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਤੇ ਸਰਦਾਰ ਖ਼ਾਲਸਾ ਕੌਮ ਨੂੰ ਪੈਦਾ ਕੀਤਾ, ਜਿਸਨੇ ਦੇਸ਼, ਧਰਮ ਅਤੇ ਕੌਮ ਦੀ ਖ਼ਾਤਰ ਜਾਨਾਂ ਵਾਰਨਾ ਆਪਣਾ ਮੁਖ ਉਦੇਸ਼ ਪ੍ਰਵਾਨ ਕਰ ਲਿਆ।

ਬੜੀ ਡੂੰਘੀ ਸੋਚ-ਵਿਚਾਰ ਪਿੱਛੋਂ ਸਰਬੰਸਦਾਨੀ ਗੁਰੂ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਸਿੱਖਾਂ ਨੂੰ ਹਥਿਆਰਬੰਦ ਹੋਣ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੜਨ-ਮਰਨ ਵਾਸਤੇ ਤੱਤਪਰ ਹੋਣ ਦੀ ਜ਼ਰੂਰਤ ਹੈ। 1699 ਈ. ਦੀ ਵਿਸਾਖੀ ਤੋਂ ਕਈ ਮਹੀਨੇ ਪਹਿਲਾਂ ਗੁਰੂ ਜੀ ਨੇ ਸਮੁੱਚੇ ਦੇਸ਼-ਵਾਸੀਆਂ ਨੂੰ ਸੰਦੇਸ਼ ਭੇਜਿਆ ਕਿ ਉਹ ਵਿਸਾਖੀ ਵਾਲ਼ੇ ਦਿਨ (30 ਮਾਰਚ) ਆਪੋ-ਆਪਣੇ ਘੋੜਿਆਂ ਅਤੇ ਸ਼ਸਤਰਾਂ ਨਾਲ਼ ਸੁਸੱਜਿਤ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ।

ਇੱਕ ਇਤਿਹਾਸਕ ਅਤੇ ਪ੍ਰਮਾਣਿਕ ਦਸਤਾਵੇਜ਼ ਮੁਤਾਬਕ ਉਸ ਵਿਸਾਖੀ 'ਤੇ ਅੱਸੀ ਹਜ਼ਾਰ ਤੋਂ ਵੀ ਵੱਧ ਲੋਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ। ਧਾਰਮਿਕ ਇਕੱਠ ਪੂਰੇ ਜੋਬਨ ਉੱਤੇ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਮੰਚ ਉੱਤੇ ਹਾਜ਼ਰ ਹੋਏ। ਉਨ੍ਹਾਂ ਨੇ ਰੋਹਬਦਾਰ ਚਿਹਰੇ ਨਾਲ ਸੰਗਤਾਂ ਦੇ ਇਕੱਠ ਉੱਤੇ ਨਜ਼ਰ ਮਾਰੀ ਅਤੇ ਕੜਕਵੀਂ ਆਵਾਜ਼ ਵਿਚ ਕਿਹਾ ਕਿ ਉਨ੍ਹਾਂ ਨੂੰ ਇੱਕ ਸੀਸ ਦੀ ਲੋੜ ਹੈ। ਜੋ ਵਿਅਕਤੀ ਨੇਕ ਕਾਰਜ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹੋਵੇ, ਉਹ ਸਾਹਮਣੇ ਆ ਜਾਵੇ! ਕੇਸਗੜ੍ਹ ਦੀ ਉੱਚੀ ਪਹਾੜੀ ਤੋਂ ਨੰਗੀ ਤਲਵਾਰ ਨਾਲ ਸੀਸ ਭੇਟ ਮੰਗ ਰਿਹਾ, ਗੁਰੂ ਮੌਤ ਤੋਂ ਜੀਵਨ ਦੇਣ ਦਾ ਅਨੋਖਾ ਨੁਸਖਾ ਦੱਸ ਰਿਹਾ ਸੀ। ਉਨ੍ਹਾਂ ਨੇ ਐਲਾਨ ਕੀਤਾ:

"ਜਿਨਕੀ ਜ਼ਾਤ ਔਰ ਕੁਲ ਮਾਹੀਂ,
ਸਰਦਾਰੀ ਨਹਿੰ ਭਈ ਕਦਾਹੀਂ
ਉਨਹੀਂ ਕੌ ਸਰਦਾਰ ਬਣਾਵੋਂ, ਤਬੈ ਗੋਬਿੰਦ ਸਿੰਘ ਨਾਮ ਸਦਾਵੋਂ।"

ਅਚਾਨਕ ਅਜਿਹੀ ਅਪੀਲ ਕਾਰਨ ਸੰਗਤ ਵਿਚ ਸੰਨਾਟਾ ਜਿਹਾ ਛਾ ਗਿਆ। ਪਰ ਫਿਰ ਹੌਂਸਲਾ ਕਰਕੇ ਲਾਹੌਰ ਦਾ ਇੱਕ ਯੁਵਕ ਦਯਾ ਰਾਮ ਖੜ੍ਹਾ ਹੋਇਆ ਅਤੇ ਉਸਨੇ ਲਾਸਾਨੀ ਸ਼ਹੀਦੀ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਨੂੰ ਉਸਨੂੰ ਮੰਚ ਦੇ ਪਿੱਛੇ ਬਣੇ ਇੱਕ ਤੰਬੂ ਵਿਚ ਲੈ ਗਏ। ਬਾਹਰ ਬੈਠੀ ਸੰਗਤ ਨੇ ਤਲਵਾਰ ਦੇ ਵਾਰ ਨੂੰ ਸੁਣਿਆ, ਤਾਂ ਉਹ ਵੀ ਭੈਅਭੀਤ ਹੋ ਗਈ।

ਲਹੂ ਭਿੱਜੀ ਤਲਵਾਰ ਲੈ ਕੇ ਗੁਰੂ ਜੀ ਮੰਚ 'ਤੇ ਆਏ ਅਤੇ ਉਨ੍ਹਾਂ ਨੇ ਦੁਬਾਰਾ ਇਕ ਹੋਰ ਸਿਰ ਦੀ ਮੰਗ ਕੀਤੀ। ਇਸ ਸਮੇਂ ਹਸਤਨਾਪੁਰ (ਦਿੱਲੀ) ਦੇ ਧਰਮਦਾਸ ਨੇ ਖੁਦ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਇਸ ਵਾਰ ਵੀ ਪਹਿਲਾਂ ਵਾਲਾ ਢੰਗ ਅਪਣਾਇਆ ਅਤੇ ਤੰਬੂ ਤੋਂ ਬਾਹਰ ਆ ਕੇ ਤੀਜੇ ਸੀਸ ਦੀ ਮੰਗ ਕੀਤੀ। ਸੰਗਤਾਂ ਸਹਿਮ ਅਤੇ ਦਹਿਸ਼ਤ ਕਰਕੇ ਖਿਸਕਣ ਲੱਗ ਪਈਆਂ ਅਤੇ ਕਈਆਂ ਨੇ ਮਾਤਾ ਗੁਜਰੀ ਜੀ ਕੋਲ ਜਾ ਕੇ ਗੁਰੂ ਜੀ ਦੀ ਸ਼ਿਕਾਇਤ ਵੀ ਕੀਤੀ।

ਤੀਜੀ ਵਾਰ ਜਗਨਨਾਥਪੁਰੀ ਦੇ ਹਿੰਮਤ ਰਾਏ ਨੇ ਹਿੰਮਤ ਕੀਤੀ। ਫਿਰ ਚੌਥੀ ਅਤੇ ਪੰਜਵੀਂ ਵਾਰ ਕ੍ਰਮਵਾਰ ਦੁਆਰਕਾ ਦਾ ਮੋਹਕਮ ਚੰਦ ਅਤੇ ਬਿਦਰ ਦੇ ਸਾਹਿਬ ਚੰਦ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸਮੁੱਚੇ ਵਰਤਾਰੇ ਨੂੰ ਪੰਜਾਬੀ ਦੇ ਪ੍ਰਤੀਨਿਧ ਕਵੀ ਡਾ. ਹਰਿਭਜਨ ਸਿੰਘ ਨੇ "ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ" ਕਵਿਤਾ ਵਿਚ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਹੈ। ਇਸ 'ਚੋਂ ਕੁਝ ਪੰਕਤੀਆਂ ਪੇਸ਼ ਹਨ:

ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ
ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿੱਤ ਸਵੇਰਾ ਆਪਣਾ
ਸੂਰਜ ਬਾਲ ਧਰਦਾ ਹੈ।

ਜਿਉਂ ਇਹ ਪ੍ਰਕਿਰਿਆ ਸਮਾਪਤ ਹੋਈ, ਦਸਮ ਪਾਤਸ਼ਾਹ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਜੀਵਤ ਰੂਪ ਵਿਚ ਸਟੇਜ 'ਤੇ ਲੈ ਕੇ ਪੇਸ਼ ਹੋਏ। ਹੁਣ ਸੰਗਤ ਹੋਰ ਵੀ ਹੈਰਾਨ ਸੀ ਤੇ ਮਹਿਸੂਸ ਕਰ ਰਹੀ ਸੀ ਕਿ ਜੇ ਗੁਰੂ ਨੇ ਇਨ੍ਹਾਂ ਨੂੰ ਮਾਰਨ ਤੋਂ ਬਾਅਦ ਜ਼ਿੰਦਾ ਹੀ ਕਰ ਦੇਣਾ ਸੀ, ਤਾਂ ਅਸੀਂ ਕਿਉਂ ਨਾ ਪਹਿਲ ਕੀਤੀ! ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਹੁਣ ਇਹ ਵਿਅਕਤੀ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਬਣ ਚੁੱਕੇ ਸਨ। ਇਨ੍ਹਾਂ ਨੂੰ "ਪੰਜ ਪਿਆਰੇ" ਕਿਹਾ ਗਿਆ। ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਨ੍ਹਾਂ ਵਿਚੋਂ ਜਾਤ-ਪਾਤ, ਛੂਤਛਾਤ, ਭੇਦਭਾਵ, ਰੰਗ-ਨਸਲ ਨੂੰ ਮਿਟਾ ਦਿੱਤਾ ਗਿਆ।

ਇੱਕੋ ਬਾਟੇ ਵਿਚੋਂ ਸਦੀਵੀ ਜੀਵਨ ਦੇਣ ਵਾਲੇ ਅੰਮ੍ਰਿਤ ਨੂੰ ਛਕ ਕੇ 'ਰੰਘਰੇਟੇ' ਸੱਚਮੁੱਚ 'ਗੁਰੂ ਕੇ ਬੇਟੇ' ਬਣ ਗਏ। ਹੁਣ ਉਨ੍ਹਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਆਨੰਦਪੁਰ ਸਾਹਿਬ ਹੋ ਚੁੱਕਾ ਸੀ। ਇਸ ਆਬੇ-ਹਯਾਤ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਅਤੇ ਗਿੱਦੜਾਂ ਤੋਂ ਸ਼ੇਰ ਮਰਵਾਉਣ ਦੀ ਅਨੋਖੀ ਕਰਾਮਾਤ ਕਰ ਵਿਖਾਈ। ਬਕੌਲ ਸੰਤੋਖ ਸਿੰਘ ਧੀਰ:

ਪਿਆਰੀਓ ਚਿੜੀਓ! ਹੁਣ ਤੁਸੀਂ ਉਹ ਨਹੀਂ
ਖ਼ਾਲਸਾ ਮੇਰੋ ਰੂਪ ਹੈ ਖਾਸ
ਖ਼ਾਲਸੇ ਮਹਿ ਹਉ ਕਰੋਂ ਨਿਵਾਸ।
ਜਾਓ, ਬਾਜ਼ਾਂ ਦੇ ਖੰਭ ਤੋੜੋ।

ਜਦੋਂ ਕੌਮ-ਨਿਰਮਾਤਾ ਆਪਣੇ ਹੀ ਚੇਲਿਆਂ ਸਾਹਵੇਂ ਅੰਮ੍ਰਿਤ- ਅਭਿਲਾਖੀ ਹੋਣ ਲਈ ਬੇਨਤੀ ਕਰ ਰਿਹਾ ਸੀ, ਤਾਂ ਲੋਕਾਈ ਅਸ਼-ਅਸ਼ ਕਰ ਉੱਠੀ ਅਤੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਧੁਨੀ ਨਾਲ ਧਰਤੀ-ਆਕਾਸ਼ ਗੂੰਜ ਉੱਠੇ।

ਵੱਖ-ਵੱਖ ਜਾਤੀਆਂ ਅਤੇ ਦੇਸ਼ ਦੇ ਵਿਭਿੰਨ ਖਿੱਤਿਆਂ ਤੋਂ ਆਏ ਇਹ ਪੰਜ ਪਿਆਰੇ ਹੁਣ ਸਭ ਵਹਿਮਾਂ-ਭਰਮਾਂ ਅਤੇ ਮੱਤ-ਮਤਾਂਤਰਾਂ ਤੋਂ ਸ਼ੁੱਧ ਹੋ ਚੁੱਕੇ ਸਨ। ਹੁਣ ਉਹ ਇੱਕ ਨਵੇਂ ਭਾਈਚਾਰੇ 'ਖ਼ਾਲਸਾ ਪੰਥ' ਵਿਚ ਦਾਖ਼ਲ ਹੋ ਚੁੱਕੇ ਸਨ, ਜੋ ਮਨੁੱਖੀ ਭਾਈਚਾਰੇ, ਸਮਾਜਿਕ, ਧਾਰਮਿਕ ਤੇ ਅਧਿਆਤਮਕ ਬਰਾਬਰੀ ਉੱਤੇ ਆਧਾਰਿਤ ਸੀ। ਇਨ੍ਹਾਂ ਪੰਜ ਪਿਆਰਿਆਂ ਨੂੰ ਪੰਜ ਕਕਾਰ (ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ) ਧਾਰਨ ਕਰਨ ਦਾ ਆਦੇਸ਼ ਦਿੱਤਾ ਗਿਆ। ਨਵੇਂ ਪੰਥ ਵਿਚ ਪ੍ਰਵੇਸ਼ ਕਰਨ ਵਾਲੇ ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' (ਕ੍ਰਮਵਾਰ ਆਦਮੀ ਅਤੇ ਔਰਤਾਂ) ਸ਼ਬਦਾਂ ਦੀ ਵਰਤੋਂ ਕਰਨ ਅਤੇ ਸਦਾਚਾਰਕ ਤੇ ਨੈਤਿਕ ਮਾਨਤਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਜਿਸ ਨੂੰ ਰਹਿਤ-ਮਰਿਆਦਾ ਦਾ ਨਾਂ ਦਿੱਤਾ ਗਿਆ। ਉਨ੍ਹਾਂ ਨੂੰ ਸੰਤ-ਸਿਪਾਹੀ ਦੀ ਜ਼ਿੰਦਗੀ ਬਿਤਾਉਣ ਲਈ ਕਿਹਾ ਗਿਆ। ਉਨ੍ਹਾਂ ਨੂੰ ਇਹ ਵੀ ਦ੍ਰਿੜ੍ਹ ਕਰਵਾਇਆ ਗਿਆ ਕਿ ਉਹ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ। ਫ਼ਾਰਸੀ ਦਾ ਇਕ ਸਮਕਾਲੀ ਇਤਿਹਾਸਕਾਰ ਗੁਲਾਮ ਮੁਹੱਈਉਦੀਨ ਲਿਖਦਾ ਹੈ ਕਿ 1699 ਈ. ਦੀ ਵਿਸਾਖੀ ਤੇ ਲਗਪਗ ਵੀਹ ਹਜ਼ਾਰ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਸੀ।

ਇਸ ਤੋਂ ਬਾਅਦ ਗੁਰੂ ਜੀ ਦਾ ਵਧੇਰੇ ਸਮਾਂ ਜੰਗਾਂ-ਯੁੱਧਾਂ ਵਿਚ ਬਤੀਤ ਹੋਇਆ। ਆਖ਼ਰ 1705 ਈ. ਵਿਚ ਆਪ ਚੌਧਰੀ ਡੱਲੇ ਦੀ ਤਲਵੰਡੀ ਆ ਬਿਰਾਜੇ। ਜਿਸ ਨੂੰ ਅੱਜਕੱਲ੍ਹ ਸਾਬੋ ਕੀ ਤਲਵੰਡੀ, ਤਲਵੰਡੀ ਸਾਬੋ ਜਾਂ ਦਮਦਮਾ ਸਾਹਿਬ ਜਿਹੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਅਸਥਾਨ ਭਾਵੇਂ ਰੇਲਵੇ ਸਟੇਸ਼ਨ ਨਾਲ ਜੁੜਿਆ ਹੋਇਆ ਨਹੀਂ, ਪਰ ਤਾਂ ਵੀ ਇੱਥੇ ਸੰਗਤਾਂ ਦੀ ਆਮਦ ਹਮੇਸ਼ਾ ਬਣੀ ਰਹਿੰਦੀ ਹੈ। ਕਸਬਾ ਬਠਿੰਡਾ ਸ਼ਹਿਰ ਤੋਂ ਅਠਾਈ ਕਿਲੋਮੀਟਰ ਅਤੇ ਰਾਮਾ ਤੋਂ ਤੇਰਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿੱਥੇ ਬੱਸਾਂ ਰਾਹੀਂ ਸੌਖੇ ਢੰਗ ਨਾਲ ਆਇਆ-ਜਾਇਆ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ ਕਰੀਬ ਇਕ ਸਾਲ ਦਾ ਸਮਾਂ ਬਿਤਾਇਆ। ਇਹ ਅਸਥਾਨ ਹੁਣ ਸਿੱਖ ਧਰਮ ਦੇ 'ਚੌਥੇ ਤਖ਼ਤ' ਵਜੋਂ ਪੂਰੀ ਦੁਨੀਆਂ ਵਿਚ ਵਿਖਿਆਤ ਹੈ। ਅੰਗਰੇਜ਼ ਲੇਖਕ ਡਾ. ਟਰੰਪ ਦੇ ਕਥਨ ਮੁਤਾਬਕ ਇੱਥੇ 1706 ਈ. ਵਿਚ ਗੁਰੂ ਜੀ ਨੇ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ। ਇਸੇ ਲਈ ਵਿਸਾਖੀ ਦਾ ਤਿਉਹਾਰ ਆਨੰਦਪੁਰ ਸਾਹਿਬ ਦੇ ਨਾਲ-ਨਾਲ ਦਮਦਮਾ ਸਾਹਿਬ ਵਿਖੇ ਪੂਰੇ ਖ਼ਾਲਸਾਈ ਜਾਹੋ-ਜਲਾਲ ਅਤੇ ਧਾਰਮਿਕ ਰਵਾਇਤਾਂ ਅਨੁਸਾਰ ਮਨਾਇਆ ਜਾਂਦਾ ਹੈ। ਦਸਮੇਸ਼ ਪਿਤਾ ਦੀ ਨਿਰਾਲੀ ਵਿਸਾਖੀ ਬਾਰੇ ਇਹ ਕਾਵਿ-ਪੰਕਤੀਆਂ ਕਿੰਨੀਆਂ ਪ੍ਰਾਸੰਗਿਕ ਹਨ:

ਪਟਨਾ ਛੱਡ ਅਨੰਦਪੁਰ ਆਉਣਾ,
ਪੰਜਾਬ ਦੀ ਧਰਤੀ ਨੂੰ ਭਾਗ ਲਾਉਣਾ।
ਬਵੰਜਾ ਕਵੀਆਂ ਨਾਲ ਬੈਠ, ਉਸ ਅਕਾਲ ਪੁਰਖ ਦੇ ਗੀਤ ਗਾਉਣਾ।
ਅੰਮ੍ਰਿਤ ਦੀ ਦਿਬ ਬੂੰਦ ਪਿਆ ਕੇ, ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣਾ।
ਤੇਰਾ ਅਜੀਬ ਜਲੌਅ ਹੈ, ਤੇਰਾ ਅਜੀਬ ਫ਼ਬੌਅ ਹੈ।
ਤੇਰਾ ਅਜੀਬ ਸੁਭਾਓ ਹੈ, ਤੂੰ ਵੱਖਰਾ ਹੈਂ ਸਭ ਤੋਂ!
ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ!

# ਯਾਰ ਜਲੰਧਰ ਤੋਂ ...

## ਜਗਵਿੰਦਰ ਜੋਧਾ ਦੀ ਪੜ੍ਹਨਯੋਗ ਲਿਖਤ

-ਜਗਵਿੰਦਰ ਜੋਧਾ
(Punjab Mail USA)

ਬੀਤੇ ਦਿਨੀਂ ਮੈਨੂੰ ਜਲੰਧਰ ਜਾਣ ਦਾ ਮੌਕਾ ਮਿਲਿਆ। ਹੁਣ ਇਸਨੂੰ ਮੌਕਾ ਹੀ ਕਿਹਾ ਜਾਏਗਾ। ਕੋਈ ਸਮਾਂ ਸੀ, ਮੈਂ ਰੋਜ਼ ਜਲੰਧਰ ਜਾਂਦਾ ਸਾਂ। ਪਹਿਲਾਂ ਖਾਲਸਾ ਕਾਲਜ ਤੋਂ ਐੱਮ.ਏ. ਦੀ ਪੜ੍ਹਾਈ ਲਈ ਤੇ ਫਿਰ ਡੀ.ਏ.ਵੀ. ਕਾਲਜ ਨੌਕਰੀ ਦੇ ਸਿਲਸਿਲੇ ਵਿਚ। ਮੇਰੀ ਜਵਾਨੀ ਇਸੇ ਸ਼ਹਿਰ ਦੀ ਫ਼ਿਜ਼ਾ ਵਿਚ ਅਰੂਜ ਵੱਲ ਗਈ। ਇਕ ਸਤਰ ਵਿਚ ਕਹਿਣਾ ਹੋਵੇ, ਤਾਂ ਮੇਰੀ ਜਜ਼ਬਾਤੀ ਹੋਂਦ ਇਸ ਸ਼ਹਿਰ ਦੀ ਦੇਣਦਾਰ ਹੈ। ਲੁਧਿਆਣੇ ਜਾਂਦੇ ਨੂੰ ਮੈਨੂੰ ਪੰਜ ਸਾਲ ਹੋਣ ਵਾਲੇ। ਅੱਜ ਵੀ ਲੁਧਿਆਣੇ ਦੇ ਜਲੰਧਰ ਬਾਈਪਾਸ, ਭਾਰਤ ਨਗਰ ਚੌਕ, ਪੰਜਾਬੀ ਭਵਨ, ਪੀ.ਏ.ਯੂ., ਹੰਬੜਾਂ ਰੋਡ ਤੋਂ ਬਿਨਾਂ ਇਹ ਸ਼ਹਿਰ ਮੇਰੇ ਲਈ ਅਣਜਾਣ ਹੀ ਹੈ। ਇਸ ਤੋਂ ਉਲਟ ਜਲੰਧਰ ਨੂੰ ਮੈਂ ਅੱਖਾਂ ਮੀਟ ਕੇ ਵੀ ਪਛਾਨਣ ਦੀ ਕੋਸ਼ਿਸ਼ ਕਰ ਸਕਦਾਂ।

ਮੈਂ ਲੰਮੇ ਸਮੇਂ ਤੋਂ ਜਲੰਧਰ ਨਹੀਂ ਜਾ ਸਕਿਆ ਸਾਂ। ਸ਼ਾਇਦ ਗ਼ਦਰੀ ਬਾਬਿਆਂ ਦੇ ਮੇਲੇ ਤੋਂ ਬਾਅਦ ਹੀ। ਇਸ ਵਾਰ ਰਾਮਾ ਮੰਡੀ, ਪੀ.ਏ.ਪੀ., ਬੀ.ਐੱਸ.ਐੱਫ. ਚੌਕ ਵਲੋਂ ਹੋ ਕੇ ਖਾਲਸਾ ਕਾਲਜ, ਬੱਸ ਅੱਡੇ ਤੋਂ ਹੁੰਦਾ ਬੀ.ਐੱਮ.ਸੀ. ਚੌਕ ਵੱਲ ਦੀ ਗੁਜ਼ਰਿਆ। ਇਸ ਰਸਤਾ ਮੇਰੀਆਂ ਸਿਮਰਤੀਆਂ ਵਿਚ ਵਸਿਆ ਪਿਐ। ਵੈਸੇ ਮੈਂ ਅਰਬਨ ਅਸਟੇਟ ਫੇਜ਼ ਦੋ ਵੱਲ ਦੀ ਜਾਂਦਾ ਹੁੰਦਾ ਸਾਂ। ਫੇਰ ਕੂਲ੍ਹ ਰੋਡ, ਗੁਰੂ ਗੋਬਿੰਦ ਸਿੰਘ ਸਟੇਡੀਅਮ, ਮਿਸ਼ਨ ਚੌਕ ਤੋਂ ਕਦੇ ਫੁੱਟਬਾਲ ਚੌਕ ਤੇ ਕਪੂਰਥਲਾ ਚੌਕ ਵੱਲ ਦੀ ਹੋ ਕੇ ਐੱਚ.ਐੱਮ.ਵੀ. ਕਾਲਜ ਅੱਗੋਂ ਡੀ.ਏ.ਵੀ. ਪੁੱਜਦਾ। ਕਦੇ ਮਿਸ਼ਨ ਚੌਕ ਤੋਂ ਸਿੱਧਾ ਜੋਤੀ ਚੌਕ ਤੇ ਫਿਰ ਪਟੇਲ ਚੌਕ ਰਾਹੀਂ ਜਾਂਦਾ। ਦੂਸਰਾ ਮੇਰਾ ਪਸੰਦੀਦਾ ਰਾਹ ਸੀ। ਪਟੇਲ ਚੌਕ ਤੋਂ ਸੱਜੇ ਪਾਸੇ ਵੇਖਿਆਂ ਪੁਰਾਣਾ ਜਲੰਧਰ ਘੁੱਗ ਵਸਦਾ ਤੇ ਸ਼ੋਰ-ਸ਼ਰਾਬੇ, ਭੀੜ-ਭੜੱਕੇ ਵਿਚ ਜਿਉਂਦਾ ਹੈ। ਇਸੇ ਸੱਜੇ ਰਾਹ ਤੋਂ ਅੱਗੇ ਮੁਹੱਲਾ ਕਰਾਰ ਖਾਂ, ਮਾਈ ਹੀਰਾਂ ਗੇਟ, ਢੰਨ ਮੁਹੱਲਾ, ਰੈਣਕ ਬਾਜ਼ਾਰ, ਰੇਲਵੇ ਸਟੇਸ਼ਨ ਤੇ ਸ਼ਾਸਤਰੀ ਮਾਰਕੀਟ ਆਉਂਦੀ ਹੈ।

ਪੰਜਾਬ ਦੇ ਉਜਾੜਿਆਂ ਤੇ ਵਸੇਬਿਆਂ ਵਿਚ ਲਗਾਤਾਰ ਬਦਲਦਾ ਤੇ ਅਡੋਲ ਰਿਹਾ ਇਹ ਸ਼ਹਿਰ ਪੂਰਬੀ ਪੰਜਾਬ ਦਾ ਸਭ ਤੋਂ ਪੁਰਾਣਾ ਆਬਾਦੀ ਗੜ੍ਹ ਹੈ। ਜਲੰਧਰ ਤੇ ਕਾਂਗੜਾ ਪੰਜਾਬ ਦੇ ਬਦਲਦੇ ਇਤਿਹਾਸ ਵਿਚ ਕਈ ਵਾਰ ਰਾਜਧਾਨੀਆਂ ਬਣੇ। ਜਲੰਧਰ ਬਾਰੇ ਕਿਹਾ ਜਾਂਦਾ ਕਿ ਇਹ ਰਾਮ ਦੇ ਪੁੱਤਰ ਲਵ ਦੀ ਰਾਜਧਾਨੀ ਸੀ। ਇਸਦਾ ਨਾਮ ਜਲੰਧਰ ਨਾਥ ਜੋਗੀ ਨਾਲ ਜੋੜਿਆ ਜਾਂਦਾ ਤੇ ਜ਼ਿਆਦਾ ਮੰਨਣ ਯੋਗ ਗੱਲ ਇਹ ਕਿ ਇਹ ਬਿਸਤ ਦੁਆਬ ਦੇ ਉਸ ਹਿੱਸੇ ਵਿਚ ਵਸਿਆ ਹੋਇਐ, ਜਿੱਥੇ ਬਿਆਸ ਤੋਂ ਸਤਲੁਜ ਤੱਕ ਹਰ ਚਾਰ ਮੀਲ 'ਤੇ ਇਕ ਬਰਸਾਤੀ ਨਾਲਾ ਵਗਦਾ ਸੀ। ਇਸੇ ਲਈ ਜਲ ਅੰਦਰ ਤੋਂ ਜਲੰਧਰ ਬਣਿਆ ਹੋਣੈਂ। ਕਨਿਸ਼ਕ ਦੇ ਸਮਕਾਲ ਵਿਚ ਈਸਾ ਦੀ ਪਹਿਲੀ ਸਦੀ ਵਿਚ ਇਹ ਸ਼ਹਿਰ ਬੁੱਧ ਮੱਤ ਦਾ ਵੱਡਾ ਪ੍ਰਚਾਰ ਕੇਂਦਰ ਸੀ। ਇਸਦੇ ਬਾਰਾਂ ਦਰਵਾਜ਼ੇ ਤੇ ਬਾਰਾਂ ਮੱਠ ਦੱਸੀਦੇ ਹਨ। ਸਮਾਂ ਪਾ ਕੇ ਇਸਲਾਮ ਦੀ ਆਮਦ ਨਾਲ ਬਾਰਾਂ ਬਸਤੀਆਂ ਵਿਚ ਇਹ ਸ਼ਹਿਰ ਵਿਗਸਿਆ। 1857 ਦੇ ਗ਼ਦਰ ਤੋਂ ਬਾਅਦ ਬਾਰਾਂ ਬਸਤੀਆਂ ਹੋਰ ਪੱਕੀਆਂ ਹੋ ਗਈਆਂ। ਇਹ ਬਸਤੀਆਂ ਸਨ ; ਬਸਤੀ ਨੌ, ਬਸਤੀ ਬਾਵਾ ਖੇਲ, ਬਸਤੀ ਸ਼ਾਹ ਕੁਲੀ, ਬਸਤੀ ਮਿੱਠੂ, ਬਸਤੀ ਪੀਰਦਾਦ, ਬਸਤੀ ਸ਼ਾਹ ਇਬਰਾਹਿਮ, ਬਸਤੀ ਪਠਾਣਾ, ਬਸਤੀ ਭੂਰੇ ਖਾਂ, ਬਸਤੀ ਵਾਨ ਵੱਟਾਂ, ਬਸਤੀ ਗੁਜ਼ਾਂ, ਬਸਤੀ ਸ਼ੇਖ,ਬਸਤੀ ਦਾਨਿਸ਼ਮੰਦਾਂ....

ਜਲੰਧਰ ਪੰਜਾਬ ਦੀ ਸੱਭਿਆਚਾਰਕ ਰਾਜਧਾਨੀ ਕਿਹਾ ਜਾਂਦੈ। ਵੰਡ ਤੋਂ ਬਾਅਦ ਕੁਝ ਸਮਾਂ ਇਥੋਂ ਰਾਜਧਾਨੀ ਆਲਾ ਕਾਰ-ਵਿਹਾਰ ਚਲਦਾ ਵੀ ਰਿਹਾ। ਡੀ.ਏ.ਵੀ. ਕਾਲਜ ਤੋਂ ਅੱਗੇ ਜਾ ਕੇ ਸਬਜ਼ੀ ਮੰਡੀ ਦੇ ਉਲਟ ਹੱਥ ਨਹਿਰੀ ਡਾਕ ਬੰਗਲੇ ਵਿਚ ਤਾਂ ਭਾਰਤ ਵੰਡ ਨੂੰ ਆਖਰੀ ਛੋਹਾਂ ਦੇਣ ਦੀ ਕਹਾਣੀ ਵੀ ਪ੍ਰਚਲਿਤ ਰਹੀ।

ਮੈਂ ਅਕਸਰ ਕਾਲਜ ਤੋਂ ਵਿਹਲਾ ਹੋ ਕੇ ਦੇਸ਼ ਭਗਤ ਹਾਲ ਆ ਜਾਂਦਾ। ਦੇਸ ਰਾਜ ਕਾਲੀ ਅਖਬਾਰ ਤੋਂ ਫਰਲੋ ਮਾਰ ਕੇ ਓਥੇ ਆਉਂਦਾ। ਤਸਕੀਨ ਕਪੂਰਥਲੇ ਤੋਂ, ਹਰਵਿੰਦਰ ਭੰਡਾਲ ਸ਼ਨੀਵਾਰ ਨੂੰ ਹਾਲ ਵਿਚ ਹੀ ਹੁੰਦਾ ਸੀ। ਕੇਸਰ ਆਪਣੀ ਕੰਪਿਊਟਰ ਆਲੀ ਦੁਕਾਨ ਤੋਂ ਹੇਠਾਂ ਉਤਰ ਆਉਂਦਾ। ਸ਼ੈਲੇਸ਼ ਤੇ ਭਗਵੰਤ ਰਸੂਲਪੁਰੀ ਵੀ ਆ ਜਾਂਦੇ। ਅਸੀਂ ਹਾਲ ਦੇ ਲਾਅਨ ਦੀ ਸਟੇਜ 'ਤੇ ਮਹਿਫ਼ਿਲ ਜਮਾ ਲੈਂਦੇ। ਨੇੜੇ ਬਿੱਲੇ ਦੀ ਚਾਹ ਆਈ ਜਾਂਦੀ। ਕਿਸੇ ਦਾ ਤਵਾ ਲਾਉਣ ਤੋਂ ਲੈ ਕੇ ਸਾਹਿਤ, ਇਤਿਹਾਸ, ਰਾਜਨੀਤੀ ਦੇ ਗੰਭੀਰ ਮੁੱਦੇ ਵਿਚਾਰੇ ਜਾਂਦੇ। ਫਿਰ ਕਾਫ਼ਿਲਾ ਸ਼ਾਮ ਦੇ ਇੰਤਜ਼ਾਰ ਵਿਚ ਨਿਕਲ ਪੈਂਦਾ। ਕਦੇ ਨਵੇਂ ਜ਼ਮਾਨੇ ਬਲਬੀਰ ਪਰਵਾਨਾ ਕੋਲ ਜਾਂਦੇ। ਓਥੇ ਰਜਨੀਸ਼ ਬਹਾਦਰ ਸਭ ਨੂੰ ਦੇਖ ਕੇ ਵਿਸ ਜਿਹੀ ਘੋਲਦਾ। ਮੇਰੇ ਵਿਭਾਗ ਦਾ ਮੁਖੀ ਹੋਣ ਕਰਕੇ ਉਹ ਮੈਨੂੰ ਇਸ ਮੰਡਲੀ ਤੋਂ ਪਰ੍ਹੇ ਰਹਿਣ ਲਈ ਆਗਾਹ ਕਰਦਾ। ਕਦੇ ਕਦੇ ਬਾਬਾ ਪ੍ਰੇਮ ਪ੍ਰਕਾਸ਼ ਦੇ ਘਰ ਜਾਂਦੇ। ਬਾਬਾ ਸਾਹਿਤ, ਦਰਸ਼ਨ ਤੇ ਮਿਥਿਹਾਸ ਦਾ ਜਿਉਂਦਾ ਜਾਗਦਾ ਕੋਸ਼ ਹੈ। ਜਗਤਾਰ ਜਿਉਂਦਾ ਸੀ, ਤਾਂ ਉਸ ਕੋਲ ਜਾਂਦੇ ਜਾਂ ਦੂਰਦਰਸ਼ਨ ਦੀਦ ਕੋਲ। ਸ਼ਾਮ ਹੁੰਦੀ ਤਾਂ ਸਾਰੇ ਬੱਸ ਅੱਡੇ ਕੋਲ ਬਿੱਲੀਆਂ ਵਾਲੇ ਅਹਾਤੇ ਪੁੱਜ ਜਾਂਦੇ। ਕਦੇ ਕੋਈ ਬੋਤਲ ਲੈਂਦਾ, ਕਦੇ ਕੋਈ ਅਹਾਤੇ ਦਾ ਭੁਗਤਾਨ ਕਰਦਾ। ਇਹ ਸਭ ਕੁਝ ਤੈਅਸ਼ੁਦਾ ਨਹੀਂ ਸੀ। ਕਈ ਮੁਫ਼ਤਖੋਰੇ ਵੀ ਆ ਜਾਂਦੇ, ਜੋ ਪੀ ਪੂ ਕੇ ਗਾਂਹ ਜਾਂਦੇ।

ਇਸ ਕਾਰਵਾਈ ਵਿਚ ਕਿਉਂਕਿ ਮੈਂ ਸ਼ਾਮਿਲ ਨਹੀਂ ਹੋਣਾ ਹੁੰਦਾ ਸੀ, ਇਸ ਲਈ ਆਪਣੀ ਬਾਈਕ ਚੁੱਕਦਾ ਤੇ ਨੂਰਮਹਿਲ ਰੋਡ 'ਤੇ ਪਾ ਦਿੰਦਾ। ਘਰ ਪੁੱਜਦੇ ਤੱਕ ਭਰਿਆ ਭਕੁੰਨਿਆ ਮਹਿਸੂਸ ਕਰਦਾ। ਨੰਗੇ ਫਰਿਸ਼ਤਿਆਂ ਦੀਆਂ ਇਹ ਮਹਿਫ਼ਿਲਾਂ ਪੜ੍ਹਨ ਲਿਖਣ ਲਈ ਉਤਸ਼ਾਹ ਦਿੰਦੀਆਂ।


ਹੁਣ ਇਕ ਗੱਲਾਂ ਇਤਿਹਾਸ ਵਿਚ ਕਿਤੇ ਗੁੰਮ ਗਵਾਚ ਗਈਆਂ ਹਨ। ਲੁਧਿਆਣੇ ਦੇ ਲੇਖਕਾਂ ਵਿਚ ਅਕੈਡਮੀ ਦੀਆਂ ਚੋਣਾਂ ਲਈ ਰਾਜਨੀਤੀ ਦੀ ਹਮਕ ਆਉਂਦੀ ਹੈ। ਉਨ੍ਹਾਂ ਨਾਲ ਬੈਠਿਆ ਨਹੀਂ ਜਾ ਸਕਦਾ, ਨਾ ਕੁਝ ਸਿੱਖਿਆ ਜਾ ਸਕਦਾ। ਕਦੇ ਕਦੇ ਗੁਲਜ਼ਾਰ ਪੰਧੇਰ ਜਾਂ ਜਨਮੇਜਾ ਜੌਹਲ ਯੂਨੀਵਰਸਿਟੀ ਆ ਜਾਂਦੇ ਹਨ। ਕਦੇ-ਕਦੇ ਮੈਂ ਪੰਜਾਬੀ ਭਵਨ ਚਲਿਆ ਜਾਨਾਂ।

ਜਲੰਧਰ ਦੀਆਂ ਉਹ ਮਹਿਫ਼ਿਲਾਂ ਕਿਸੇ ਪਰੀ ਕਥਾ ਵਰਗੀਆਂ ਲੱਗਦੀਆਂ ਹਨ। ਵਾਪਿਸ ਆਉਂਦਿਆਂ ਇਕ ਟਰੱਕ ਮਗਰ ਲਿਖਿਆ ਦੇਖਿਆ 'ਯਾਰ ਜਲੰਧਰ ਤੋਂ '...

ਇਕ ਪਿਆਰੇ ਅਹਿਸਾਸ ਨਾਲ ਮੈਂ ਮੁਸਕਰਾ ਪਿਆ....

# ਸਮਕਾਲੀ ਪੰਜਾਬੀ ਨਾਟਕ ਪੁਸਤਕ ਦਾ ਰਿਵਿਊ

ਨਾਟਕ, ਪੰਜਾਬੀ ਸਾਹਿਤ ਦੀ ਉਹ ਰੂਪ ਹੈ, ਜੋ ਰੰਗਮੰਚ ਦੀ ਸਹਾਇਤਾ ਨਾਲ ਸਮਾਜ ਦੇ ਸਾਹਮਣੇ ਵੱਖ-ਵੱਖ ਪਹਿਲੂਆਂ ਨੂੰ ਨਾਟਕੀ ਪਾਤਰਾਂ ਰਾਹੀਂ ਪੇਸ਼ ਕਰਦਾ ਹੈ। ਅੱਜ ਦਾ ਵਿਦਿਆਰਥੀ ਬੌਧਿਕ ਪੱਧਰ 'ਤੇ ਬਹੁਤ ਚੇਤਨ ਹੈ ਅਤੇ ਪੂਰੇ ਵਿਸ਼ਵ ਬਾਰੇ ਜਾਣਕਾਰੀ ਰੱਖਦਾ ਹੈ ਪਰ ਨਾਲ-ਨਾਲ ਉਹ ਆਪਣੇ ਸਾਹਿਤ ਅਤੇ ਸੱਭਿਆਚਾਰ ਨਾਲ ਜੁੜਿਆ ਰਹੇ, ਇਸ ਲਈ ਅਜਿਹੀਆਂ ਪੁਸਤਕਾਂ ਦੀ ਜ਼ਰੂਰਤ ਹੈ। ਇਸ ਪੁਸਤਕ ਵਿਚ ਕੁੱਲ 8 ਇਕਾਂਗੀਆਂ ਹਨ, ਜੋ ਸਮਾਜ ਦੇ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦੇ ਹੋਏ, ਸਮਾਜ ਸਾਹਮਣੇ ਬਹੁਤ ਸਾਰੇ ਪ੍ਰਸ਼ਨ ਵੀ ਖੜ੍ਹੇ ਕਰਦੇ ਹਨ। ਵਿਦਿਆਰਥੀ ਇਨ੍ਹਾਂ ਸੂਖਮ ਪਹਿਲੂਆਂ 'ਤੇ ਚਰਚਾ ਕਰਨ ਅਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਸਮਝ ਸਕਣ, ਇਸ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ। ਇਸ ਇਕਾਂਗੀ ਸੰਗ੍ਰਹਿ ਦੇ ਸੰਪਾਦਕ ਵਜੋਂ ਡਾ. ਮਨਜੀਤਪਾਲ ਕੌਰ ਅਤੇ ਡਾ. ਜਸਵਿੰਦਰ ਸਿੰਘ ਸੈਣੀ ਨੇ ਇਕਾਂਗੀਆਂ ਬਾਰੇ ਜੋ ਭੂਮਿਕਾ ਸਿਰਜੀ ਹੈ, ਉਹ ਬਹੁਤ ਹੀ ਸਾਰਥਕ ਹੈ। ਅਸੀਂ ਇਸ ਪੁਸਤਕ ਚਰਚਾ ਵਿਚ ਉਸਦੇ ਕੁੱਝ ਅੰਸ਼ ਆਪ ਦੇ ਸਨਮੁੱਖ ਕਰ ਰਹੇ ਹਾਂ। ਪਹਿਲੀ ਇਕਾਂਗੀ 'ਪੱਤਣ ਦੀ ਬੇੜੀ' ਵਿਚ ਬਲਵੰਤ ਗਾਰਗੀ ਨੇ ਔਰਤ ਮਨ ਦੀ ਦੋਫਾੜ ਸਥਿਤੀ ਨੂੰ ਚਿਤਰਿਆ ਹੈ। ਦੀਪੋ ਮਰਿਯਾਦਾ ਅਤੇ ਅੰਦਰੂਨੀ ਖ਼ਾਹਿਸ਼ਾਂ ਵਿਚ ਵੰਡੀ ਹੋਈ ਹੈ। ਉਹ ਆਪਣੇ ਪਤੀ ਸੁਰਜੀਤ ਨੂੰ ਵੀ ਓਨਾ ਹੀ ਪਿਆਰ ਕਰਦੀ ਹੈ, ਜਿੰਨਾ ਸੁਰਜੀਤ ਦੇ ਦੋਸਤ ਸੁੰਦਰ ਲਈ ਉਸ ਦੇ ਮਨ ਵਿਚ ਚਾਹਤ ਹੈ। ਗਾਰਗੀ, ਔਰਤ ਮਨ ਦੇ ਸੱਚ ਨੂੰ ਉਜਾਗਰ ਕਰਨ ਲਈ ਕਈ ਬਿੰਬਾਂ ਤੇ ਪ੍ਰਤੀਕਾਂ ਨੂੰ ਬੜੇ ਸਹਿਜ ਰੂਪ ਵਿਚ ਵਰਤਦਾ ਹੈ। ਪੱਤਣ 'ਤੇ ਬੰਨ੍ਹੀ ਹੋਈ ਬੇੜੀ ਮਰਿਯਾਦਾ ਵਿਚ ਜਕੜੀ ਔਰਤ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਕਰਦੀ ਹੈ। ਇੰਝ ਹੀ ਦਰਿਆ ਵਿਚ ਉੱਠਦੀਆਂ ਲਹਿਰਾਂ ਉਸਦੇ ਮਨ ਅੰਦਰਲੇ ਜਜ਼ਬਿਆਂ ਵਿਚ ਆਏ




ਰੀਵਿਊ ਕਰਤਾ: ਡਾ. ਸਰਬਜੀਤ ਸਿੰਘ
ਸਿਰਲੇਖ : ਸਮਕਾਲੀ ਪੰਜਾਬੀ ਨਾਟਕ
ਸੰਪਾਦਕ : ਡਾ. ਮਨਜੀਤਪਾਲ ਕੌਰ, ਡਾ. ਜਸਵਿੰਦਰ ਸਿੰਘ ਸੈਣੀ
ਕੁੱਲ ਪੰਨੇ : 144
ਮੁੱਲ : 70 ਰੁਪਏ
ਪ੍ਰਕਾਸ਼ਕ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,
ਆਈ.ਐੱਸ.ਬੀ.ਐੱਨ : 81-302-0211-5

**ਡਾ. ਸਰਬਜੀਤ ਸਿੰਘ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ
ਖ਼ਾਲਸਾ ਕਾਲਜ, ਪਟਿਆਲਾ
94176-26925
(Punjab Mail USA)



ਤੂਫਾਨ ਨੂੰ ਬਿਆਨ ਕਰਦੀਆਂ ਹਨ। ਦੂਜੀ ਇਕਾਂਗੀ 'ਬੰਦ ਕਮਰੇ' ਵਿਚ ਗੁਰਸ਼ਰਨ ਸਿੰਘ ਵਿਆਹ ਦੀ ਸੰਸਥਾ 'ਤੇ ਧਿਆਨ ਕੇਂਦਰਿਤ ਕਰਦਾ ਹੈ। ਮਰਿਯਾਦਾ ਪੂਰਤੀ ਲਈ ਸਮਾਜ ਨੇ ਵਿਆਹ ਦੀ ਸੰਸਥਾ ਦੀ ਸਿਰਜਣਾ ਕੀਤੀ ਹੈ। ਇਸ ਸੰਸਥਾ ਦੇ ਹੋਂਦ ਵਿਚ ਆਉਣ ਨਾਲ ਔਰਤ-ਮਰਦ ਮੋਹ ਦੇ ਰਿਸ਼ਤੇ ਵਿਚ ਬੱਝ ਕੇ ਪਤੀ-ਪਤਨੀ ਬਣਦੇ ਹਨ। ਸਮਾਜ ਦੀਆਂ ਕੁਝ ਰੀਤਾਂ ਬੰਦ ਕਮਰਿਆਂ ਵਰਗੀਆਂ ਹਨ, ਜਿੱਥੇ ਮੁਰਦਾ ਰੂਹਾਂ ਰਹਿੰਦੀਆਂ ਹਨ। ਮੁਰਦਾ ਵਿਚਾਰ ਜਿਉਂਦੇ ਲੋਕਾਂ 'ਤੇ ਰਾਜ ਕਰਦੇ ਹਨ। ਤੀਜੀ ਇਕਾਂਗੀ 'ਤੂੜੀ ਵਾਲਾ ਕੋਠਾ' ਵਿਚ ਅਜਮੇਰ ਸਿੰਘ ਔਲਖ ਨੇ ਆਰਥਿਕ ਮੰਦਹਾਲੀ ਦੇ ਵਿਅਕਤੀ ਦੀ ਜ਼ਿੰਦਗੀ 'ਤੇ ਪੈਂਦੇ ਪ੍ਰਭਾਵ ਨੂੰ ਬਹੁਤ ਹੀ ਡੂੰਘਾਈ ਨਾਲ ਪੇਸ਼ ਕੀਤਾ ਹੈ। ਮਾੜੀ ਆਰਥਿਕ ਸਥਿਤੀ ਮਨੁੱਖੀ ਰਿਸ਼ਤਿਆਂ ਦੇ ਬਣਨ ਤੇ ਟੁੱਟਣ ਦਾ ਕਾਰਣ ਬਣਦੀ ਹੈ। ਘਰ ਵਿਚ ਔਰਤ ਦੀ ਕਮੀ ਬੰਦੇ ਦੀ ਜ਼ਿੰਦਗੀ ਨੂੰ ਤੂੜੀ ਵਾਲਾ ਕੋਠਾ ਬਣਾ ਦਿੰਦੀ ਹੈ। ਇਹ ਨਾਟਕ ਆਰਥਿਕਤਾ ਦੀ ਬਲੀ ਚੜ੍ਹੇ ਸਮਾਜ ਵਿਚ ਔਰਤ ਲਈ ਤਰਸਦੇ ਇਨਸਾਨਾਂ ਦੀ ਜ਼ਿੰਦਗੀ ਦੀ ਤਰਾਸਦੀ ਦੀ ਪੇਸ਼ਕਾਰੀ ਕਰਦਾ ਹੈ। ਚੌਥੀ ਇਕਾਂਗੀ 'ਚਿੜੀਆਂ' ਵਿਚ ਆਤਮਜੀਤ ਨੇ ਪੰਜਾਬ/ਭਾਰਤ ਦੀ ਵੰਡ ਨੂੰ ਆਧਾਰ ਬਣਾ ਕੇ ਇਸ ਮੰਦਭਾਗੀ ਘਟਨਾ ਨਾਲ ਦੋਹਾਂ ਪੰਜਾਬਾਂ ਵਿਚ ਹੋਈ ਕਤਲੋਗਾਰਤ ਅਤੇ ਖਾਸ ਕਰਕੇ ਔਰਤ ਦੀ ਦੋਹਾਂ ਧਰਤੀਆਂ 'ਤੇ ਲਤਾੜੇ ਜਾਣ ਦੀ ਕਥਾ ਨੂੰ ਪੇਸ਼ ਕੀਤਾ ਹੈ। ਜ਼ਮੀਨ ਦੀ ਵੰਡ ਦੇ ਨਾਲ-ਨਾਲ ਔਰਤ ਵੀ ਵੰਡੀ ਜਾਂਦੀ ਹੈ। ਕਤਲ ਅਤੇ ਬਦਨਾਮੀ ਔਰਤ ਦੀ ਹੋਣੀ ਬਣਦੇ ਹਨ। ਉਨ੍ਹਾਂ ਨੂੰ ਸਮਾਜ, ਧਰਮ ਸਵੀਕਾਰ ਨਹੀਂ ਕਰਦਾ। ਘਰ ਵਸਾਉਣ ਦਾ ਸੁਪਨਾ ਵਾਰ-ਵਾਰ ਟੁੱਟਦਾ ਹੈ। ਪੰਜਵੀਂ ਇਕਾਂਗੀ 'ਬੰਧਨ ਤੇ ਸਰਾਪ' ਵਿਚ ਡਾ. ਮਨਜੀਤਪਾਲ ਕੌਰ ਅਕਾਦਮਿਕ ਮਾਹੌਲ 'ਤੇ ਤਿੱਖਾ ਵਿਅੰਗ ਕਰਦਿਆਂ ਇਸ ਵਿਚ ਆਈ ਗਿਰਾਵਟ ਅਤੇ ਇਸ ਸਪੇਸ ਵਿਚ ਔਰਤ ਦੀ ਸਥਿਤੀ ਦੀ ਨਿਸ਼ਾਨਦੇਹੀ ਕਰਦੀ ਹੈ। ਸਾਰਾ ਨਾਟਕ ਸ਼ਾਇਰਾ 'ਤੇ ਕੇਂਦਰਿਤ ਹੈ। ਨਾਟਕ ਵਿਚ ਪੇਸ਼ ਇਸ ਕੇਂਦਰੀ ਪਾਤਰ ਰਾਹੀਂ ਮਰਦ ਦੀ ਦੁਨੀਆਂ ਵਿਚ ਆਪਣੀ ਸਪੇਸ ਦੀ ਤਲਾਸ਼ ਕਰਦੀ ਔਰਤ ਦਾ ਬਹੁਤ ਹੀ ਵਧੀਆ ਚਿੱਤਰ ਪੇਸ਼ ਕੀਤਾ ਹੈ। ਛੇਵੀਂ ਇਕਾਂਗੀ "ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ" ਵਿਚ ਪਾਲੀ ਭੁਪਿੰਦਰ ਨੇ ਨਵ-ਬਸਤੀਵਾਦੀ ਦੌਰ ਵਿਚ ਬੰਦੇ ਦਾ ਹੋਰ ਚੀਜ਼ਾਂ-ਵਸਤਾਂ ਨਾਲੋਂ ਘੱਟ ਹੋਣ ਅਤੇ ਉਸ ਦੀ ਹੋਂਦ ਦੇ ਖਤਮ ਹੋਣ ਦੀ ਕਹਾਣੀ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਹੈ। ਅਜਿਹੇ ਦੌਰ ਵਿਚ ਮਨੁੱਖ ਸਮੇਤ ਹਰ ਚੀਜ਼ ਵੇਚੀ ਅਤੇ ਖਰੀਦੀ ਜਾ ਸਕਦੀ ਹੈ। ਕੇਂਦਰ ਵਿਚ ਚੀਜ਼ਾਂ-ਵਸਤਾਂ ਹਨ, ਮਨੁੱਖ ਵੀ ਇਕ ਵਿਕਣਯੋਗ ਵਸਤੂ ਹੈ। ਸਤਵੀਂ ਇਕਾਂਗੀ 'ਝੱਲੀ ਕਿੱਥੇ ਜਾਵੇ' ਵਿਚ ਸ਼ਾਹਿਦ ਨਦੀਮ ਨੇ ਨਾਟਕ ਵਿਚ ਪੂਰਬੀ ਅਤੇ ਪੱਛਮੀ ਪੰਜਾਬੀ ਸਮਾਜ ਦੀ ਤਸਵੀਰ ਪੇਸ਼ ਕੀਤੀ ਹੈ। ਬਹੁਤ ਸਾਰੇ ਨਾਟਕ ਪਰਵਾਸੀ ਬੰਦੇ ਨੂੰ ਕੇਂਦਰ ਵਿਚ ਰੱਖਦੇ ਹਨ ਪਰ ਇਹ ਨਾਟਕ ਪਰਵਾਸੀ ਕਾਮੇ ਦੇ ਪਿੱਛੇ ਰਹਿ ਰਹੇ ਪਰਿਵਾਰ ਨੂੰ ਕੇਂਦਰ ਵਿਚ ਰੱਖਦਾ ਹੈ। ਨਾਟਕ ਬਹੁਤ ਹੀ ਤੇਜ਼ ਗਤੀ ਵਿਚ ਵਾਪਰਦਾ ਹੈ। ਇਹ ਨਾਟਕ ਲਗਾਤਾਰ ਉਸਰ ਰਹੇ ਮੰਚੀ-ਦ੍ਰਿਸ਼ਾਂ ਦੀ ਨਿਰੰਤਰ ਲੜੀਦਾਰ ਪੇਸ਼ਕਾਰੀ ਕਰਦਾ ਹੋਇਆ, ਸ਼ੁੱਧ ਰੂਪ ਵਿਚ ਸਟੇਜੀ ਨਾਟਕ ਹੈ। ਆਖਰੀ ਇਕਾਂਗੀ 'ਦੂਜਾ ਪਾਸਾ' ਵਿਚ ਅਜਮੇਰ ਰੋਡੇ ਕੈਨੇਡਾ ਵਿਚ ਘੱਟ-ਗਿਣਤੀ ਪੰਜਾਬੀਆਂ ਵੱਲੋਂ ਹੰਢਾਈ ਜਾਂਦੀ ਨਸਲਵਾਦ ਦੀ ਸਮੱਸਿਆ ਨਾਲ ਸਬੰਧਿਤ ਪੇਸ਼ਕਾਰੀ ਕਰਦਾ ਹੈ। ਨਾਟਕਕਾਰ ਨੇ ਕੈਨੇਡੀਅਨ ਸਮਾਜ ਵਿਚ ਪੰਜਾਬੀ ਬੰਦੇ ਦੇ ਪੱਗ ਬੰਨ੍ਹਣ ਦੇ ਮੁੱਦੇ ਨੂੰ ਆਧਾਰ ਬਣਾਇਆ ਹੈ। ਸਾਰਾ ਨਾਟਕ ਅੰਗਰੇਜ਼ ਮੁੰਡਿਆਂ ਦੇ ਪੱਗੜੀਧਾਰੀ ਪੰਜਾਬੀ ਨਾਲ ਹੁੱਲੜਬਾਜ਼ੀ ਕਰਨ ਅਤੇ ਇਸ ਨਾਲ ਉਸ ਵਿਅਕਤੀ ਦੇ ਮਨ ਵਿਚ ਵਾਪਰੇ ਹੋਂਦ ਦੇ ਸੰਕਟ ਨੂੰ ਕੇਂਦਰ ਵਿਚ ਰੱਖਦਾ ਹੈ। ਇਹ ਨਾਟਕ ਪਰਵਾਸ ਵਿਚ ਨਸਲਵਾਦ ਦੇ ਡਰ ਅੱਗੇ ਝੁਕਣ ਦੀ ਬਜਾਏ ਇਸ ਦਾ ਮੁਕਾਬਲਾ ਕਰਨ ਅਤੇ ਉਥੇ ਆਪਣੇ ਹਿੱਸੇ ਦੀ ਸਪੇਸ ਦੀ ਤਲਾਸ਼ ਕਰਨ ਨਾਲ ਸਬੰਧਿਤ ਹੈ। ਇਸ ਪੁਸਤਕ ਦੇ ਸੰਪਾਦਕਾਂ ਨੇ ਬਹੁਤ ਹੀ ਮਹੱਤਵਪੂਰਨ ਕਾਰਜ ਕਰਕੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਵੱਖ-ਵੱਖ ਲਿਖਤਾਂ ਨੂੰ ਇਕੱਤਰ ਕਰਕੇ, ਵਿਦਿਆਰਥੀਆਂ ਦੇ ਸਨਮੁੱਖ ਪੇਸ਼ ਕੀਤਾ ਹੈ, ਤਾਂ ਜੋ ਉਹ ਗੰਭੀਰ ਤੋਂ ਗੰਭੀਰ ਸਥਿਤੀ ਵਿਚ ਵੀ ਅਜਿਹੀਆਂ ਰਚਨਾਵਾਂ ਤੋਂ ਸੇਧ ਪ੍ਰਾਪਤ ਕਰਕੇ, ਦ੍ਰਿੜ੍ਹਤਾ ਨਾਲ ਅੱਗੇ ਵਧਣ ਅਤੇ ਸਮਾਜ ਵਿਚ ਆਪਣੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਯੋਗ ਬਣ ਸਕਣ। ਪ੍ਰਤੀਨਿਧ ਇਕਾਂਗੀਆਂ ਦੀ ਚੋਣ ਵਿਦਿਆਰਥੀਆਂ ਨੂੰ ਪੰਜਾਬੀ ਨਾਟਕ ਦੀ ਸਮਰੱਥਾ ਅਤੇ ਕਲਾ, ਸਰੋਕਾਰ ਅਤੇ ਦ੍ਰਿਸ਼ਟੀ ਦਾ ਪੂਰਾ ਵਿਸਥਾਰ ਦੇਵੇਗੀ।

# ਵਿਸ਼ਵ ਪ੍ਰਸਿੱਧ ਹੈ ਐਡਮਿੰਟਨ (ਕੈਨੇਡਾ) ਦਾ ਗਲੈਕਸੀ ਲੈਂਡ

**ਗਲੈਕਸੀ ਲੈਂਡ-** ਗਲੈਕਸੀ ਲੈਂਡ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਅੰਦਰੂਨੀ ਮਨਪ੍ਰਚਾਵਾ ਭੂਮੀਗਤ ਪਾਰਕ ਸਮਝਿਆ ਜਾਂਦਾ ਹੈ। ਇਹ ਇਕ ਵਿਸ਼ਾਲ ਲੰਬੀ-ਚੌੜੀ ਤੇ ਉਚੀ ਤੇਰਾਂ ਮੰਜ਼ਿਲਾ ਇਮਾਰਤ ਹੈ। ਇਸ ਵਿਚ ਇਕ ਡੂੰਘਾ ਸਮੁੰਦਰ, ਡਾਲਫਿਨ ਸ਼ੋਅ ਅਤੇ ਬਹੁਤ ਵੱਡਾ ਪਾਣੀ ਦਾ ਤਲਾਬ ਹੈ, ਜਿਸ ਵਿਚ ਪਾਣੀ ਦੇ ਝਲਕਾਰੇ ਨਾਲੇ ਕਈ ਤਰ੍ਹਾਂ ਪ੍ਰਤੀਬਿੰਬ ਬਣਦੇ ਹਨ। ਇਹ ਕਈ ਪੂਲ ਬਣੇ ਹੋਏ ਤੇ ਇਕ ਅੰਦਰੂਨੀ ਬੀਚ 'ਚ ਲੋਕ ਦਿਨ ਭਰ ਦੀ ਥਕਾਵਟ ਦੂਰ ਕਰਨ ਲਈ ਆਉਂਦੇ ਹਨ। ਵੈਸਟ ਐਡਮਿੰਟਨ ਮਾਲ ਕੈਨੇਡਾ ਦਾ ਇਕ ਵਿਸ਼ਵ ਪ੍ਰਸਿੱਧ ਮਸ਼ਹੂਰ ਇਨਡੋਰ ਬਾਜ਼ਾਰ ਹੈ। ਬੱਚਿਆਂ ਦੇ ਮਨੋਰੰਜਨ ਲਈ ਅਨੇਕਾਂ ਹੀ ਬਿਜਲੀ ਚਾਲਤ ਖੇਡਾਂ ਅਤੇ ਹੋਰ ਘੁਮਾਓਦਾਰ ਝੂਲੇ ਮੌਜੂਦ ਹਨ। ਕਈ ਮੰਜ਼ਿਲਾ ਆਲੀਸ਼ਾਨ ਬਾਜ਼ਾਰ। ਦੈਹਿਕ ਤੇ ਭੌਤਿਕ ਸੁੰਦਰਤਾ ਦਾ ਸਵਰਗਨੁਮਾ ਮੇਲਾ ਜਿਥੇ ਖ਼ੂਬਸੂਰਤੀ ਅਪਣੇ ਜਲਵੇ ਵਿਖਾਉਂਦੀ ਹੈ। ਅਲਬਰਟਾ ਦਾ ਅਜਾਇਬ ਘਰ ਕੈਨੇਡਾ ਦਾ ਮਸ਼ਹੂਰ ਅਜਾਇਬ ਘਰ ਹੈ, ਜੋ 1967 ਵਿਚ ਸ਼ੁਰੂ ਹੋਇਆ ਸੀ। ਇਸ ਵਿਚ 7 ਸਥਾਨ ਹਨ। ਇਸ ਸਥਾਨ ਵਿਚ ਮਹੱਤਵਪੂਰਨ ਪੌਦਾ ਵਿਗਿਆਨ, ਭੂਗੋਲਿਕ ਜਾਨਵਰ, ਸਮਾਜਿਕ ਇਤਿਹਾਸ ਦੇ ਤਰ੍ਹਾਂ-ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਵੀ ਹਨ।

ਸਸਕੈਚਵਨ ਨਹਿਰ ਦੇ ਕਿਨਾਰੇ ਉਪਰ ਅਲਬਰਟਾ ਦੀ ਵਿਧਾਨ ਸਭਾ ਦੀ ਖ਼ੂਬਸੂਰਤ ਇਮਾਰਤ ਹੈ। ਇਸ ਇਮਾਰਤ ਨੂੰ ਐਲਾਨ ਮੈਰਿਕ ਜੈਫਰ ਨੇ ਬਣਾਇਆ ਸੀ। ਇਹ ਇਕ ਬੜੀ ਵਿਕਸਿਤ ਸ਼ੈਲੀ 'ਚ ਸੁਸ਼ੋਭਿਤ ਇਮਾਰਤ ਹੈ, ਜਿਸ ਦਾ ਫਰਸ਼ ਟੀ ਦੀ ਸ਼ਕਲ 'ਚ ਤਿਆਰ ਕੀਤਾ ਗਿਆ ਤੇ ਪ੍ਰਵੇਸ਼ ਦੁਆਰ 'ਤੇ ਵੱਡੇ-ਵੱਡੇ ਥੰਮ੍ਹ ਉਸਾਰੇ ਗਏ ਹਨ ਤੇ ਇਮਾਰਤ ਉਪਰ ਇਕ ਵੱਡਾ ਗੁਬੰਦ ਬਣਿਆ ਹੋਇਆ ਹੈ। ਐਡਮਿੰਟਨ ਸ਼ਹਿਰ ਵਿਚ ਸਭ ਤੋਂ ਪਹਿਲਾਂ 3000 ਬੀ.ਸੀ. 'ਚ ਹੋਂਦ ਵਿਚ ਆਇਆ ਅਤੇ ਲੱਕੜ, ਪਾਣੀ ਅਤੇ ਜੰਗਲੀ ਜੀਵਨ ਇਥੇ ਉਪਲੱਬਧ ਹੋਇਆ।

1754 'ਚ ਐਨਥਨੀ ਹੈਡੀ, ਜੋ ਕਿ ਹੰਡਸਨਜ਼ ਸ਼ੋਅ ਕੰਪਨੀ ਦਾ ਇਕੋ ਇਕ ਖੋਜੀ ਸੀ, ਨੇ ਇਸ ਸਥਾਨ 'ਤੇ ਸਭ ਤੋਂ ਪਹਿਲਾਂ ਪਰਵੇਸ਼ ਕੀਤਾ। ਉਸਦੇ ਸਫ਼ਰ ਦੀ ਮੁਹਿੰਮ ਸਿਰਫ਼ ਵਪਾਰ ਵਾਸਤੇ ਸੀ, ਜਿਸ ਦੌਰਾਨ ਉਹ ਆਦਿਵਾਸੀਆਂ ਨਾਲ 1795 ਤੱਕ ਫੋਰਟ ਐਡਮਿੰਟਨ ਹੰਡਸਨਜ਼ ਬੇ ਕੰਪਨੀ ਅਤੇ ਨਾਰਥ ਵੈਸਟ ਕੰਪਨੀ ਵਿਚ ਸਖ਼ਤ ਮੁਕਾਬਲਾ ਸੀ।




1795 ਤੱਕ ਫੋਰਟ ਐਡਮਿੰਟਨ ਹੰਡਸਨਜ਼ ਬੇ ਕੰਪਨੀ ਵਾਸਤੇ ਇਕ ਪ੍ਰਮੁੱਖ ਵਪਾਰ ਪੋਸਟ ਦੇ ਰੂਪ ਵਿਚ ਨਦੀ ਦੇ ਉਤਰੀ ਕਿਨਾਰੇ 'ਤੇ ਸਥਾਪਤ ਕਰ ਦਿੱਤਾ ਗਿਆ। ਫੋਰਟ ਦਾ ਨਵਾਂ ਨਾਂ ਜਾਨ ਪੀਟਰ ਪਰੂਡਨ ਨੇ ਸੁਝਾਅ ਦੇ ਤੌਰ 'ਤੇ ਦਿੱਤਾ। ਜਿੱਥੇ ਹੰਡਸਨਜ਼ ਬੇ ਕੰਪਨੀ ਦੇ ਡਿਪਟੀ ਗਵਰਨਰ ਸ਼੍ਰੀਮਾਨ ਜੇਮਜ਼ ਵਿੰਟਰ ਲੇਕ ਅਤੇ ਪਰੂਡਨ ਦੋਵਾਂ ਦਾ ਘਰ ਸੀ।

1876 ਵਿਚ ਸੰਧੀ-6 ਹੋਈ, ਜਿਸ ਵਿਚ ਇਹ ਸ਼ਾਮਿਲ ਹੈ, ਜੋ ਹੁਣ ਐਡਮਿੰਟਨ ਹੈ, ਕੈਨੇਡਾ ਦੇ ਆਦਿਵਾਸੀ ਲੋਕਾਂ ਅਤੇ ਰਾਣੀ ਵਿਕਟੋਰੀਆ ਕੈਨੇਡਾ ਦੀ ਗੱਦੀ ਦੇ ਵਿਚ ਦਸਤਖ਼ਤ ਕੀਤੇ ਗਏ ਸੀ। ਇਸ ਸਮਝੌਤੇ ਵਿਚ ਮੈਦਾਨ, ਜੰਗਲ, ਦਰੱਖ਼ਤ, ਐਸੀਨੀਬੋਨੀ ਅਤੇ ਫੋਰਟ ਕਾਰਲਟਨ, ਫੋਰਟ ਪਿੱਟ ਅਤੇ ਬੈਟਲ ਰਿਵਰ ਸ਼ਾਮਲ ਹੈ। 1880 ਵਿਚ ਕੈਨੇਡੀਅਨ ਪੈਸਿਫਿਕ ਰੇਲਵੇ ਦੇ ਦੱਖਣੀ ਅਲਬਰਟਾ ਵਿਚ ਆਉਣ ਕਰਕੇ ਐਡਮਿੰਟਨ ਦੀ ਆਰਥਿਕਤਾ ਨੂੰ ਮਦਦ ਮਿਲੀ ਅਤੇ 1891 ਵਿਚ ਕੈਲਗਰੀ ਅਤੇ ਐਡਮਿੰਟਨ ਰੇਲਵੇ ਹੋਂਦ ਵਿਚ ਆਈ।

ਇਮਾਰਤ ਨਾਲ ਇਕ ਰੇਲ ਟਾਊਨ ਐਡਮਿੰਟਨ ਦੇ ਦੱਖਣੀ ਨਦੀ ਦੇ ਪਾਸੇ ਬਣ ਗਿਆ। ਸੀ.ਪੀ.ਆਰ. ਅਤੇ ਸੀ.ਐਡ.ਐੱਫ. ਰੇਲਵੇ ਆਉਣ ਨਾਲ ਕੈਨੇਡਾ, ਯੂਰਪ, ਅਮਰੀਕਾ ਅਤੇ ਸੰਸਾਰ ਦੇ ਹੋਰ ਹਿੱਸੇ ਵਿਚੋਂ ਉਦਯੋਗਪਤੀਆਂ ਨੂੰ ਕਾਫ਼ੀ ਮਦਦ ਮਿਲੀ। ਐਡਮਿੰਟਨ ਖੇਤਰ ਦੀ ਉਪਜਾਊ ਮਿੱਟੀ ਅਤੇ ਸਸਤੀ ਜ਼ਮੀਨ ਨੇ ਲੋਕਾਂ ਨੂੰ ਆਕਰਸ਼ਿਤ ਕੀਤਾ, ਜਿਸ ਨਾਲ ਐਡਮਿੰਟਨ ਪ੍ਰਮੁੱਖ ਖੇਤਰੀ ਵਪਾਰਕ ਅਤੇ ਖੇਤੀਬਾੜੀ ਵਜੋਂ ਅੱਗੇ ਵਧਣ ਲੱਗਾ। ਕੁਝ ਲੋਕ ਜਿਨ੍ਹਾਂ ਨੇ ਕਲਾਨਡਾਈਕ ਗੋਲਡ ਰਸ਼ ਵਿਚ ਲਿਆ ਸੀ, ਉਹ 1897 ਵਿਚ ਦੱਖਣੀ ਐਡਮਿੰਟਨ ਸਟਰੈਥਕਾਨਾ ਦੁਆਰਾ ਲੰਘੇ। ਸਟਰੈਥਕਾਨਾ ਉਤਰੀ ਅਮਰੀਕਾ ਵਿਚ ਉਤਰੀ ਰੇਲਵੇ ਖੇਤਰ ਸੀ ਪਰ ਕਲਾਨਡਾਈਕ ਦੀ ਯਾਤਰਾ ਕਲਾਨਡਾਈਕਿਸ ਲਈ ਅਜੇ ਵੀ ਬਹੁਤ ਮੁਸ਼ਕਿਲ ਸੀ ਅਤੇ ਜ਼ਿਆਦਾ ਲੋਕ ਉਤਰ ਵੈਨਕੂਵਰ 'ਤੇ ਸਟੀਮਸ਼ਿੰਪ ਲੈ ਕੇ ਜਾਂਦੇ ਸਨ।

**ਬਲਵਿੰਦਰ 'ਬਾਲਮ'**
ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ
ਪੰਜਾਬ
ਮੋ. 98156-25409
(Punjab Mail USA)





ਸੱਤ ਸੌ ਦੀ ਆਬਾਦੀ ਨਾਲ 1892 'ਚ ਇਕ ਸ਼ਹਿਰ ਦੇ ਤੌਰ 'ਤੇ ਫਿਰ 1904 ਵਿਚ 8350 ਦੀ ਆਬਾਦੀ ਦੇ ਨਾਲ ਐਡਮਿੰਟਨ ਸਤੰਬਰ 1905 ਵਿਚ ਅਲਬਰਟਾ ਦੀ ਰਾਜਧਾਨੀ ਬਣ ਗਿਆ। 1 ਨਵੰਬਰ 1905 ਵਿਚ ਕੈਨੇਡੀਅਨ ਉਤਰੀ ਰੇਲਵੇ ਦੇ ਐਡਮਿੰਟਨ ਵਿਚ ਆਉਣ ਨਾਲ ਇਸਦੇ ਵਿਕਾਸ ਵਿਚ ਤੇਜ਼ੀ ਨਾਲ ਵਾਧਾ ਹੋਇਆ। 1990 ਦੇ ਸ਼ੁਰੂ ਵਿਚ ਐਡਮਿੰਟਨ ਦੇ ਤੇਜ਼ ਵਿਕਾਸ ਦੇ ਅਸਲ ਜਾਇਦਾਦ ਵਿਚ ਕਿਆਸ ਲਗਾਏ। 1912 ਵਿਚ ਐਡਮਿੰਟਨ ਸ਼ਹਿਰ ਸਟਰੈਸਕਾਨਾ ਦੇ ਨਾਲ ਮਿਲਿਆ, ਜਿਸ ਦੇ ਨਾਲ ਇਹ ਸ਼ਹਿਰ ਪਹਿਲੀ ਵਾਰ ਸਸਕਚੈਵਨ ਨਦੀ ਦੇ ਦੱਖਣ ਵੱਲ ਵਧਿਆ।

ਪਹਿਲੇ ਵਿਸ਼ਵ ਯੁੱਧ ਦੇ ਥੋੜ੍ਹੀ ਦੇਰ ਪਹਿਲਾਂ ਸ਼ਹਿਰ ਦੇ ਵਿਕਾਸ ਵਿਚ ਰੁਕਾਵਟ ਆਈ ਅਤੇ ਸ਼ਹਿਰ ਦੀ ਆਬਾਦੀ 1914 ਵਿਚ 72000 ਤੋਂ ਜ਼ਿਆਦਾ ਅਤੇ ਉਸ ਤੋਂ ਦੋ ਸਾਲ ਬਾਅਦ 54000 ਤੋਂ ਵੀ ਘੱਟ ਗਈ। ਕਈ ਗ਼ਰੀਬ ਪਰਿਵਾਰ ਸ਼ਹਿਰ ਦੇ ਬਾਹਰ ਫਾਰਮ ਵਿਚ ਚਲੇ ਗਏ ਅਤੇ ਕੁਝ ਲੋਕ ਹਰਿਆਵਲੀ ਵਾਲੇ ਇਲਾਕਿਆ ਵਿਚ ਚਲੇ ਗਏ। ਜੰਗ ਦੇ ਦੌਰਾਨ ਕਨਾਡਾ ਦੀ ਫੌਜ ਦੇ ਲਈ ਭਰਤੀ ਹੋਣ ਕਰਕੇ ਆਬਾਦੀ ਵਿਚ ਗਿਰਾਵਟ ਹੋਈ। 1920 ਤੋਂ 1930 ਵਿਚ ਸ਼ਹਿਰ ਦੀ ਆਬਾਦੀ ਵਿਚ ਹੌਲੀ-ਹੌਲੀ ਸੁਧਾਰ ਆਇਆ ਅਤੇ ਵਿਸ਼ਵ ਯੁੱਧ ਦੂਸਰੇ ਦੇ ਦੌਰਾਨ ਅਤੇ ਬਾਅਦ ਵਿਚ ਫਿਰ ਆਬਾਦੀ ਅਤੇ ਅਰਥਵਿਵਸਥਾ ਵਿਚ ਘਾਟਾ ਪਿਆ। ਐਡਮਿੰਟਨ ਕੇਂਦਰੀ ਏਅਰਪੋਰਟ 1929 ਵਿਚ ਖੋਲ੍ਹਿਆ ਅਤੇ ਇਹ ਕੈਨੇਡਾ ਦਾ ਪਹਿਲਾ ਲਾਇਸੈਂਸਸ਼ੁਦਾ ਏਅਰਫੀਲਡ ਸੀ, ਜੋ ਕਿ ਸਾਬਕਾ ਮੇਅਰ ਕੇਨੀ ਬਲੈਚਫੋਰਡ ਦੇ ਸਨਮਾਨ ਵਿਚ ਰੱਖਿਆ ਗਿਆ ਸੀ।

ਪਹਿਲੇ ਐਵੇਟੇਰ ਜਿਵੇਂ ਕਿ ਵਿਲਫਰਿੱਡ ਰ.ਵੇਪ, ਮੇਅ ਅਤੇ ਮੈਕਸ ਵਰਡ ਨੇ ਬਲੈਚਫੋਰਡ ਫੀਲਡ ਨੂੰ ਉਤਰੀ ਕੈਨੇਡਾ ਵਿਚ ਭੋਜਨ ਅਤੇ ਦਵਾਈ ਵੰਡਣ ਲਈ ਵਰਤਿਆ। ਦੂਸਰੇ ਵਿਸ਼ਵ ਯੁੱਧ ਦੌਰਾਨ ਐਡਮਿੰਟਨ ਅਲਾਸਕਾ ਹਾਈਵੇ ਅਤੇ ਨਾਰਥ ਵੈਸਟ ਰੂਟ ਬਣਾਉਣ ਲਈ ਵਰਤਿਆ ਗਿਆ। ਵੇਖਿਆ ਗਿਆ ਹੈ ਕਿ ਕੈਨੇਡਾ ਸਾਰੇ ਦਾ ਸਾਰਾ ਹੀ ਖ਼ੂਬਸੂਰਤ ਅਤੇ ਆਚਾਰ-ਵਿਹਾਰ, ਕਾਨੂੰਨੀ ਪ੍ਰਕਿਰਿਆ ਵਿਚ ਵਿਗਿਆਨਕ, ਭੂਗੋਲਿਕ ਤੇ ਖ਼ੂਬਸੂਰਤ ਸਮਾਜਿਕ ਕਿਰਿਆਵਾਂ ਦਾ ਸੁੰਦਰ ਸੁਮੇਲ ਹੈ ਅਤੇ ਹੋਰ ਸਭ ਤਰ੍ਹਾਂ ਦੀ ਤਰੱਕੀ ਵਿਚ ਖ਼ੂਬ ਮਜ਼ਿਲਾਂ ਮਾਰ ਰਿਹਾ ਹੈ।

# ਅਵਾਰਾ ਕੁੱਤਿਆਂ ਦਾ ਫ਼ੈਮਿਲੀ ਪਲੈਨਿੰਗ

-ਸ਼ਿਵਚਰਨ ਜੱਗੀ ਕੁੱਸਾ
jaggikussa@yahoo.de
(Punjab Mail USA)





ਇਕ ਦਿਨ ਸੱਥ ਵਿਚ ਬੈਠੇ ਸਰਪੰਚ ਨੇ ਅਵਾਰਾ ਕੁੱਤਿਆਂ ਤੋਂ ਦੁਖੀ ਹੋ ਕੇ ਕੋਈ ਠੋਸ ਕਦਮ ਚੁੱਕਣ ਲਈ ਫ਼ੈਸਲਾ ਕੀਤਾ। ਸਰਪੰਚ ਦੇ ਸੱਦੇ ਉਪਰ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਕਿਤੇ ਰਾਤ ਨੂੰ ਇੱਕ ਅਵਾਰਾ ਕੁੱਤੇ ਨੇ ਪਿੰਡ ਦੇ ਕਿਸੇ ਬਜ਼ੁਰਗ ਨੂੰ ਵੱਢ ਖਾਧਾ ਸੀ ਅਤੇ ਕਦੇ ਅਗਲੇ ਦਿਨ ਇੱਕ ਸੁੱਤੇ ਪਏ ਬੱਚੇ ਨੂੰ ਬੁਰੀ ਤਰ੍ਹਾਂ ਚੂੰਡ ਧਰਿਆ ਸੀ। ਲੋਕ ਧੜਾ-ਧੜ ਪਹੁੰਚ ਰਹੇ ਸਨ। ਸੱਥ ਵਿਚ ਇਕੱਠ ਹੋ ਰਿਹਾ ਸੀ।

-"ਕੀ ਦੱਸੀਏ ਸਰਪੈਂਚ ਸਾਹਬ..! ਮੈਂ ਰਾਤ ਨ੍ਹੇਰੇ ਹੋਏ ਬੌਡਿਆਂ ਅੱਲੀਓਂ ਤੁਰਿਆ ਆਉਂਦਾ ਸੀ, ਓਥੇ ਤੀਹਾਂ-ਪੈਂਤੀਆਂ ਦੀ ਕੁਤੀੜ ਨਾਨਕਾ ਮੇਲ਼ ਮਾਂਗੂੰ ਬੈਠੀ, ਮੈਨੂੰ ਦੇਖ ਕੇ ਮੇਰੇ ਸਾਲ਼ੇ ਇਉਂ 'ਕੱਠੇ ਹੋਣ ਲੱਗ ਪਏ, ਜਿਵੇਂ ਅਤਿਵਾਦੀ ਨੂੰ ਦੇਖ ਕੇ ਸੀ.ਆਰ.ਪੀ. 'ਕੱਠੀ ਹੁੰਦੀ ਐ..!" ਇਕ ਨੇ ਦੁਹਾਈ ਦਿੱਤੀ।

ਲੋਕ ਹੱਸ ਪਏ।

-"ਹਾਸਾ ਨੀ ਬਾਈ ਸਿਆਂ..! ਜਿਸ ਤਨ ਲੱਗੀਆਂ ਸੋਈ ਜਾਣੇ..! ਅਜੇ ਤਾਂ ਚੰਗੇ ਕਰਮਾਂ ਨੂੰ ਮੇਰੇ ਕੋਲ਼ੇ ਅਣਘੜਤ ਜਿਆ ਰੈਂਗੜਾ ਸੀ, ਤੇ ਮੈਂ ਤਾਂ ਭਾਈ ਰੈਂਗੜਾ ਘੁੰਮਾਉਂਦਾ ਲਿਆ ਭੱਜ...! ਮੈਂ ਤਾਂ ਲਾਈ ਦੌੜ ਮੰਗੂ ਕੇ ਮੱਲ ਮਾਂਗੂੰ, ਤੇ ਪਿੰਡ ਆ ਕੇ ਸਾਹ ਲਿਆ..! ਮੇਰੇ ਸਾਲ਼ੇ ਮੇਰੇ ਮਗਰ ਪਿੰਡ ਤੱਕ ਆਏ, ਜਿਵੇਂ ਪੁਲ਼ਸ ਭੁੱਕੀ ਦੇ ਬਲੈਕੀਏ ਮਗਰ ਆਉਂਦੀ ਐ..!"

-"ਉਏ ਆਹੀ ਤਾਂ ਮੈਂ ਪਿੱਟਦੈਂ ਬਈ ਇਨ੍ਹਾਂ ਨੂੰ ਬੰਦੇ ਦੇ ਲਹੂ ਦਾ ਸੁਆਦ ਪੈ ਗਿਆ, ਹੁਣ ਇਹ ਕੁਤੀੜ ਕਦੋਂ ਭਲੀ ਗੁਜ਼ਾਰੂ..?"

-"ਬੰਦੇ ਦੇ ਲਹੂ ਦੀ ਗੱਲ ਸੁਣ ਲੈ..!" ਇਕ ਨੇ ਦੂਜੇ ਦੇ ਪੱਟ 'ਤੇ ਧੱਫ਼ਾ ਜਿਹਾ ਮਾਰਿਆ।

-"ਮਹੀਨਾਂ ਕੁ ਹੋਇਐ..! ਆਹ ਨਾਲ਼ ਦੇ ਪਿੰਡ, ਇਕ ਨਵੀਂ-ਨਵੇਲ ਵਿਆਹੀ ਨੂੰਹ ਦਾ ਰਾਤ ਨੂੰ ਸੁੱਤੀ ਪਈ ਦਾ ਮੂੰਹ ਈ ਖਾ ਜਾਣਾਂ ਸੀ ਖ਼ਸਮਾਂ ਨੂੰ ਖਾਣੇਂ ਨੇ..! ਪੈਂਦੀ ਸੱਟੇ ਮੂੰਹ 'ਤੇ ਬੁਰਕ ਜਾ ਭਰਿਆ..!" ਕਿਸੇ ਹੋਰ ਨੇ ਅਕਾਸ਼ਬਾਣੀ ਕੀਤੀ।

-"ਲੈ ਦੇਖ..! ਆ ਦੇਖਿਆ ਨਾ ਤਾਅ, ਬੁਰਕ ਮਾਰਿਆ ਕਿੱਥੇ ਲੋਹੜਾ ਪੈਣੇ ਨੇ..! ਮੂੰਹ ਤੋਂ ਬਿਨਾਂ ਹੋਰ ਕੋਈ ਥਾਂ ਈ ਨ੍ਹੀ ਲੱਭੀ ਕੋਹੜੀ ਹੋਣੇ ਨੂੰ..?"

ਇਕ ਸੰਨਾਟਾ ਛਾ ਗਿਆ।

-"ਸਾਡੇ ਨਾਲ਼ੋਂ ਤਾਂ ਸਾਲ਼ਾ ਕੁੱਤਾ ਈ ਚੰਗੈ..! ਸਾਡਾ ਤਾਂ ਕਿਸੇ ਨੇ ਕਦੇ ਮੂੰਹ ਦੇ ਨੇੜੇ ਪ੍ਰਛਾਵਾਂ ਵੀ ਨੀ ਢੁੱਕਣ ਦਿੱਤਾ..!" ਅਮਲੀ ਚੁੱਪ ਚਾਪ ਬੈਠਾ ਮਨ ਵਿਚ ਹੀ ਸੋਚ ਰਿਹਾ ਸੀ, "ਇਹ ਸਾਲ਼ੀਆਂ ਲੋਟ ਈ ਕੁੱਤਿਆਂ ਤੋਂ ਆਉਂਦੀਐਂ..!"

-"ਪੋਡਰ ਦੀ ਬਾਸ਼ਨਾਂ ਆਈ ਹੋਣੀ ਐਂ..?"

-"ਇਕ ਨਵੀਆਂ ਬਿਆਹੀਆਂ ਲਾਚੜੀਆਂ ਵੀਆਂ ਪੋਡਰ ਥੱਪਦੀਐਂ ਵੀ ਬਹੁਤੈ..!"

-"ਫ਼ੇਰ ਬਚਗੀ ਬਈ..?" ਅਮਲੀ ਨੇ ਹਮਦਰਦੀ ਨਾਲ਼ ਉੱਚਾ ਹੋ ਕੇ ਪੁੱਛਿਆ।

-"ਉਹਨੇ ਉਠ ਕੇ ਪਾਅਤਾ ਚੀਕ ਚੰਘਿਆੜਾ...!"

-"ਪਾਉਣਾ ਈ ਸੀ...? ਹੋਰ ਉਹਨੂੰ ਚੂਰੀ ਕੁੱਟ ਕੇ ਖੁਆਉਣੀਂ ਸੀ..??"

-"ਫ਼ੇਰ ਰੌਲ਼ੇ ਤੋਂ ਡਰਦਾ ਭੱਜ ਗਿਆ ਹੋਣੈਂ...?"

-"ਹੋਰ ਉਹਨੇ ਖੜ੍ਹ ਕੇ ਜ਼ਿੰਦਾਬਾਦ-ਮੁਰਦਾਬਾਦ ਦੇ ਨਾਅਰੇ ਲਾਉਣੇ ਸੀ..? ਤਲੈਂਬੜਾਂ ਤੋਂ ਡਰਦੇ ਤਾਂ ਵੱਡੇ-ਵੱਡੇ ਖੱਬੀ ਖ਼ਾਨ ਭੱਜ ਜਾਂਦੇ ਐ..! ਉਹ ਤਾਂ ਫ਼ੇਰ ਲੰਡਰ ਕੁੱਤਾ ਸੀ..! ਕਿਹੜਾ ਮਗਰ ਬਚਾਅ ਕਰਨ ਵਾਸਤੇ ਫ਼ੁੱਫ਼ੜ ਹੋਰਾਂ ਨੇ ਆਉਣਾਂ ਸੀ ...?"

ਹਾਸੜ ਪੈ ਗਈ।

-"ਇੱਕ ਗੱਲ ਸਮਝ ਨੀ ਆਈ..! ਬਈ ਇਹ ਸਾਲ਼ੀ ਐਨੀਂ ਕੁਤੀੜ ਆਈ ਕਿੱਧਰੋਂ ਐਂ..?" ਬਚਿੱਤਰ ਛੜੇ ਨੇ ਦਿਮਾਗ 'ਤੇ ਹੱਥ ਮਾਰ ਕੇ ਪੁੱਛਿਆ। ਜਿਵੇਂ 'ਘਿਰੜ-ਘਿਰੜ' ਕਰਦੇ ਰੇਡੀਓ 'ਤੇ ਮਾਰੀਦੈ!

-"ਮੈਨੂੰ ਤਾਂ ਇਹਦੇ ਪਿੱਛੇ ਪਾਕਿਸਤਾਨ ਦੀ ਆਈ.ਐੱਸ.ਆਈ. ਦਾ ਹੱਥ ਲੱਗਦੈ..!" ਅੱਭੜਵਾਹਿਆਂ ਵਾਂਗ ਆਉਂਦਾ ਬਚਨਾਂ 'ਕਾਲੀ' ਬੋਲਿਆ।

-"ਲਓ ਜੀ..! ਬੱਸ ਆਹੀ ਕਸਰ ਰਹਿੰਦੀ ਸੀ..! ਕਰ ਲਓ 'ਕਾਲੀਆਂ ਦੇ ਘਿਉ ਨੂੰ ਭਾਂਡਾ..!" ਦਲੀਪ ਨੇ ਮੱਥੇ 'ਤੇ ਹੱਥ ਮਾਰਿਆ।

ਸਾਰਾ ਪਿੰਡ ਹੱਸ ਪਿਆ।

-"ਮੁਰਦਾ ਬੋਲੂ ਤੇ ਖੱਫ਼ਣ ਈ ਪਾੜੂ..!" ਨੰਜੂ ਦਾ ਹਾਸਾ ਬੰਦ ਨਹੀਂ ਹੁੰਦਾ ਸੀ।

-"ਜੇ ਕੁੱਤਿਆਂ ਦਾ ਧਿਆਨ ਖਿੱਚਣ ਆਸਤੇ ਮੈਨੂੰ ਪਾਣੀ ਆਲ਼ੀ ਟੈਂਕੀ 'ਤੇ ਚੜ੍ਹਨਾਂ ਪਿਆ, ਮੈਂ ਪਿੱਛੇ ਨੀ ਹਟੂੰਗਾ..! ਇਕ ਆਰੀ ਹੁਕਮ ਦੀ ਲੋੜ ਐ..! ਪੈਟਰੋਲ ਆਲ਼ੀ ਬੋਤਲ ਵੀ ਮੇਰੇ ਘਰੇ ਭਰੀ, ਤਿਆਰ ਪਈ ਐ..!" ਸੁਰਿੰਦਰ ਰਾਮ ਮਾਸਟਰ ਨੇ ਪੂਰੇ ਜ਼ੋਰ ਨਾਲ਼ ਹਿੱਕ ਥਾਪੜ ਕੇ ਆਪਣੀ 'ਸੇਵਾ' ਪੇਸ਼ ਕੀਤੀ।

-"ਲੈ..! ਇਹਨੇ ਓਦੂੰ ਕੱਛ 'ਚੋਂ ਗੰਧਾਲ਼ਾ ਕੱਢ ਮਾਰਿਆ..!" ਪੂਰਨਾਂ ਖਹਿਰਾ ਬੋਲਿਆ।

-"ਇਨ੍ਹਾਂ ਨੂੰ ਪਾਣੀ ਆਲ਼ੀਆਂ ਟੈਂਕੀਆਂ 'ਤੇ ਚੜ੍ਹਨ ਤੋਂ ਬਿਨਾ ਕੋਈ ਕੰਮ ਧੰਦਾ ਈ ਨ੍ਹੀ..! ਗੰਧਾਲ਼ੇ ਨੀ, ਇਹ ਅੱਜਕੱਲ੍ਹ ਪੈਟਰੋਲ ਆਲ਼ੀਆਂ ਬੋਤਲਾਂ ਨੂੰ ਈ ਗਰਨੇਟ ਬਣਾਈ ਫ਼ਿਰਦੇ ਐ..!"

-"ਇਹ ਫ਼ਾਰਮੂਲਾ ਮਾਸਟਰ ਜੀ ਤੁਸੀਂ ਆਪਣੇ ਕੋਲ਼ੇ ਈ ਰੱਖੋ..! ਤੁਸੀਂ ਮਾਸਟਰ ਲਾਣਾਂ ਤਾਂ ਜੇ ਮਿਸਤਰੀ ਮੰਜੀ ਨਾ ਠੋਕਣ ਆਵੇ ਤਾਂ ਟੈਂਕੀ 'ਤੇ ਜਾ ਚੜ੍ਹਦੇ ਐਂ, ਤੇ ਜਾਂ ਜੇ ਕੱਟਾ ਮੱਝ ਚੁੰਘਜੇ, ਪਾਣੀ ਆਲ਼ੀ ਟੈਂਕੀ 'ਤੇ ਚੜ੍ਹਨ ਲੱਗੇ ਫ਼ੋਰਾ ਲਾਉਨੇ ਐਂ..! ਇਹ ਤਾਂ ਹੁਣ ਥੋਨੂੰ ਆਦਤ ਜੀ ਈ ਪੈ ਗਈ..!"

-"ਯਾਰ ਮੈਂ ਇਕ ਜਾਨਵਰਾਂ ਦੀ ਗੱਲ ਦੇਖੀ ਐ..!" ਪਾੜ੍ਹੇ ਨੇ ਹੋਰ ਗੱਲਾਂ ਵੱਲੋਂ ਬੇਧਿਆਨਾਂ ਹੋ ਕੇ ਚਲਾਈ, "ਇਕ ਦਿਨ ਮੈਂ ਟੀ.ਵੀ. 'ਤੇ ਇਕ ਪ੍ਰੋਗਰਾਮ ਦੇਖੀ ਜਾਵਾਂ..! ਜੰਗਲ 'ਚ ਇਕ ਮੱਝ ਦਾ ਕੱਟਾ ਡਿੱਗ ਪਿਆ ਨਦੀ 'ਚ..! ਉਹਦੇ ਮੂਹਰੇ ਨਦੀ 'ਚ ਬੈਠਾ ਮਗਰਮੱਛ..! ਮਗਰਮੱਛ ਦੇ ਮੂੰਹ 'ਚ ਆਉਣ ਤੋਂ ਪਹਿਲਾਂ ਈ ਮੱਝ ਨੇ ਸਿੰਗਾਂ ਨਾਲ਼ ਕੱਟਰੂ ਨਦੀ 'ਚੋਂ ਬਾਹਰ ਕੱਢ ਲਿਆ ਤੇ ਨਦੀ ਦੇ ਕਿਨਾਰੇ 'ਤੇ ਬਾਹਰ ਖੜ੍ਹਾ ਸ਼ੇਰ..! ਤੇ ਸ਼ੇਰ ਨੇ ਭਾਈ ਕੱਟਰੂ ਨੂੰ ਮੂੰਹ ਪਾ ਲਿਆ..!"

-"ਓਹ-ਹੋ..! ਕਿੱਡਾ ਜ਼ਾਲਮ ਐਂ..!"

-"ਮੱਝ ਨੇ ਬਥੇਰਾ ਜੋਰ-ਜੂਰ ਲਾਇਆ, ਪਰ ਉਹਨੇ ਕੱਟਰੂ ਨਾ ਛੱਡਿਆ..! ਫ਼ੇਰ ਮੱਝ ਨੇ ਕੀ ਕੀਤਾ, ਸਿਰਤੋੜ ਜੰਗਲ ਵੱਲ ਨੂੰ ਭੱਜ ਲਈ ਤੇ ਪੰਜ ਕੁ ਮਿੰਟਾਂ 'ਚ ਈ ਸੈਂਕੜੇ ਮੱਝਾਂ 'ਕੱਠੀਆਂ ਕਰ ਲਿਆਈ...!"

-"ਵਾਹ ਜੀ ਵਾਹ..!"

-"ਉਹ ਤਾਂ ਆ ਪਈਆਂ ਫ਼ੌਜ ਦੀ ਛਾਉਣੀ ਵਾਂਗੂੰ..! ਤੇ ਮੱਝਾਂ ਨੇ ਤਾਂ ਪਾ ਦਿੱਤੇ ਖਿਲਾਰੇ..! ਸ਼ੇਰ ਚੱਕ ਲਿਆ ਸਿੰਗਾਂ 'ਤੇ..! ਕਰਤਾ ਲਹੂ-ਲੁਹਾਣ, ਤੇ ਸ਼ੇਰ ਨੂੰ ਤਾਂ ਭੱਜਣ ਨੂੰ ਰਾਹ ਨਾ ਲੱਭੇ..! ਉਹ ਤਾਂ ਜਿੱਧਰ ਭੱਜੇ, ਭੂਸਰੀਆਂ ਮੱਝਾਂ ਮੂਹਰੇ..!"

-"ਜੰਗਲੀ ਜਾਨਵਰ ਹੁੰਦੇ ਤਾਂ ਭੈੜ੍ਹੇ ਐ ਭਾਈ..! ਆਈ 'ਤੇ ਆ ਜਾਣ ਤਾਂ ਪਾੜ ਧਰਦੇ ਐ..!"

-"ਪਰ ਸਰਪੰਚ ਸਾਹਿਬ..!" ਪਾੜ੍ਹੇ ਨੇ ਮਨ ਦੀ ਗੱਲ ਸਾਂਝੀ ਕਰਨੀ ਚਾਹੀ, "ਮੈਨੂੰ ਇਕ ਗੱਲ ਦੀ ਸਮਝ ਨੀ ਆਈ, ਬਈ ਉਹਨੇ ਕਿਹੜੀ ਭਾਸ਼ਾ 'ਚ ਜਾ ਕੇ ਦੂਜੀਆਂ ਮੱਝਾਂ ਨੂੰ ਸਮਝਾਇਆ ਹੋਊ..? ਬੋਲਣਾਂ ਤਾਂ ਮੱਝਾਂ ਨੂੰ ਆਉਂਦਾ ਨੀ..!"

-"ਬਈ ਰੱਬ ਜਾਣੇ..! ਇਹ ਤਾਂ ਰੱਬ ਵੱਲੋਂ ਈ ਐਂ ਗੁਣ ਐਂ ਕੋਈ..! ਫ਼ੇਰ ਕੱਟਰੂ ਛੁਡਾ ਲਿਆ..?"

-"ਹਾਂ..! ਜ਼ਖ਼ਮੀ ਤਾਂ ਦਿੱਤਾ ਉਹਨੇ ਕਰ ਬਹੁਤ..! ਪਰ ਕੱਟਰੂ ਛੁਡਾ ਲਿਆ...!"

-"ਕਿਆ ਬਾਤ ਐ..! ਮਾਂ ਤਾਂ ਫ਼ੇਰ ਮਾਂ ਈ ਹੁੰਦੀ ਐ ਬਈ..! ਜਿਹੜੀਆਂ ਜੁਆਕਾਂ ਦੀ ਪ੍ਰਵਾਹ ਨੀ ਕਰਦੀਆਂ, ਲੋਕ ਉਨ੍ਹਾਂ ਨੂੰ ਡੈਣਾਂ ਆਖਦੇ ਐ..! ਐਥੇ ਤਾਂ ਆਬਦੇ ਜੁਆਕ ਛੱਡ ਕੇ ਪੇਕੀਂ ਜਾ ਵੜਦੀਐਂ..!"

-"ਮੈਨੂੰ ਭਾਸ਼ਾ ਤੋਂ ਗੱਲ ਯਾਦ ਆਗੀ..! ਤੁਸੀਂ ਭਾਸ਼ਾ ਦੀ ਬਾਤ ਸੁਣ ਲਓ..!" ਅਮਲੀ ਨੇ ਆਪਣੀ ਵਾਰੀ ਲਈ, "ਆਹ ਜਿੱਦਣ ਮਰਦਮ-ਸ਼ਮਾਰੀ ਆਲ਼ੇ ਆਏ ਸੀ, ਉਹ ਸਾਲ਼ੇ ਮੈਨੂੰ ਪੁੱਛੀ ਜਾਣ, ਅਖੇ ਅਮਲੀ ਜੀ, ਆਪ ਕੀ ਆਯੂ ਕਿਤਨੀ ਹੈ..? ਮੈਂਖਿਆ, ਬੱਤੀਆਂ ਕੁ ਸਾਲਾਂ ਦੀ ਹੋਣੀਂ ਐ ਤੇ ਪੰਜਾਂ ਕੁ ਸਾਲਾਂ ਨੂੰ ਮੈਨੂੰ ਤੇਤੀਮਾਂ ਲੱਗ ਜਾਣੈਂ..! ਚੁੱਪ ਕਰ ਕੇ ਮੁੜਗੇ..! ਬਈ ਦੱਸੋ ਸਾਲ਼ਿਓ, ਤੁਸੀਂ ਮੇਰੀ ਆਯੂ ਪੁੱਛ ਕੇ ਮੇਰੇ ਨਾਲ਼ 'ਨੰਦ-ਕਾਜ' ਕਰਨੈਂ..?" ਅਮਲੀ ਦੇ ਕਹਿਣ 'ਤੇ ਫ਼ਿਰ ਹਾਸਾ ਪੈ ਗਿਆ।

-"ਤੁਸੀਂ ਓਸ ਗੱਲ ਵੱਲ ਆਓ, ਜਿਹੜੀ ਵਾਸਤੇ 'ਕੱਠੇ ਹੋਏ ਐਂ..!" ਸਰਪੰਚ ਬੋਲਿਆ। ਉਹ ਅਵਲ਼ੀਆਂ-ਸਵਲ਼ੀਆਂ ਗੱਲਾਂ ਤੋਂ ਅੱਕ ਗਿਆ ਸੀ।

-"ਇਹਦਾ ਇੱਕ ਹੱਲ ਹੈਗਾ ਸਰਪੈਂਚ ਜੀ..!" ਪਿੱਲਾ ਦਰਜੀ ਬੋਲਿਆ। ਉਸ ਦੀ ਅਵਾਜ਼ ਬਿੰਡੇ ਵਾਂਗ ਟਿਆਂਕੀ ਸੀ।

-"ਦੱਸ..?"

-"ਉਹ ਜਿਹੜਾ ਛੰਜੇ ਗਾਂਧੀ ਨੇ ਕੰਮ ਜਿਆ ਤੋਰਿਆ ਸੀ, ਬੰਦਿਆਂ ਦੇ 'ਪਰੇਸ਼ਨ ਕਰਨ ਆਲ਼ਾ..? ਆਪਾਂ ਉਹੀ ਕੰਮ ਕੁੱਤਿਆਂ ਦਾ ਕਿਉਂ ਨ੍ਹੀ ਕਰਦੇ..?"

-"ਲੈ, ਹੋਰ ਕਾਹਨੂੰ ਕੰਮ ਐਂ ਸਾਨੂੰ ਕੋਈ..!" ਕਿਸੇ ਨੇ ਨੱਕ ਚਾੜ੍ਹਿਆ।

-"ਫ਼ੇਰ ਪੜਵਾਈ ਚੱਲੋ ਲੱਤਾਂ..! ਕੋਈ ਬਾਨ੍ਹ ਐਂ..?"

ਸਾਰੇ ਇੱਕ-ਦੂਜੇ ਦੇ ਮੂੰਹ ਵੱਲ ਝਾਕਣ ਲੱਗ ਪਏ।

-"ਗੱਲ ਪਿੱਲੇ ਦੀ ਵੀ ਠੀਕ ਐ..! ਪਰ ਨਸਬੰਦੀ ਲਈ ਪ੍ਰਸ਼ਾਸਨ ਨਾਲ਼ ਗੱਲ ਕਰਨੀ ਪਊ..!"

-"ਦੇਖੋ ਜੀ..!" ਪਿੱਲੇ ਨੇ ਫ਼ੇਰ ਵਾਰੀ ਲਈ।

-"ਆਹ ਹੱਡਾਰੋੜੀ ਵੱਲੀਂ ਕਤੂਰਿਆਂ ਦੀਆਂ ਡਾਰਾਂ ਦੀਆਂ ਡਾਰਾਂ ਈ ਫ਼ਿਰਦੀਐਂ..! ਇਨ੍ਹਾਂ ਨੇ ਵੱਡੇ ਹੋ ਕੇ ਵਾਰਦਾਤਾਂ ਈ ਕਰਨੀਐਂ..? ਉਨ੍ਹਾਂ ਨੂੰ ਪਾਓ ਕੁੱਤੇ ਮਾਰਨ ਆਲ਼ੀ ਦੁਆਈ ਤੇ ਬਾਕੀਆਂ ਦਾ ਕਰੋ ਓਸ ਗੱਲ ਦੇ ਆਖਣ ਮਾਂਗੂੰ, 'ਪਰੇਸ਼ਨ..!"

-"ਇਹ ਤਾਂ ਪਾਪ ਐ ਬਈ..!" ਗੁਰਦਿਆਲ ਸਿਉਂ ਗ੍ਰੰਥੀ ਬੋਲਿਆ।

-"ਫ਼ੇਰ ਗ੍ਰੰਥੀ ਜੀ ਉਨ੍ਹਾਂ ਨੂੰ ਤੁਸੀਂ ਆਪਣੇ ਗ੍ਰਹਿ ਵਿਖੇ ਲੈ ਆਓ..! ਰੱਬ ਦੇ ਜੀਅ ਐ..!" ਪਿੱਲਾ ਵੱਟ ਖਾ ਗਿਆ।

ਗ੍ਰੰਥੀ ਉਠ ਕੇ ਤੁਰ ਚੱਲਿਆ।

ਸੱਚੀ ਗੱਲ ਉਸ ਦੇ ਡਾਂਗ ਵਾਂਗ ਸਿਰ ਵਿਚ ਵੱਜੀ ਸੀ।

ਹਫ਼ਤੇ ਦੇ ਵਿਚ-ਵਿਚ ਪ੍ਰਸ਼ਾਸਨ ਨਾਲ਼ ਗੱਲਬਾਤ ਹੋ ਗਈ।

-"ਜੇ ਤੁਸੀਂ ਸਾਨੂੰ ਇਕ-ਦੋ ਸਹਿਯੋਗੀ ਬੰਦੇ ਦੇ ਦਿਓਂ ਤਾਂ ਸਾਡਾ ਕੰਮ ਸੌਖਾ ਹੋਜੇ..!" ਕਰਮਚਾਰੀ ਨੇ ਕਿਹਾ।

-"ਅਸੀਂ ਸਾਰਾ ਪਿੰਡ ਹਾਜ਼ਰ ਆਂ ਜੀ..!" ਸਾਧੂ ਘੈਂਟ ਨੇ ਹਿੱਕ ਠੋਕ ਦਿੱਤੀ।

ਅਗਲੇ ਦਿਨ ਪ੍ਰਸ਼ਾਸਨ ਵਾਲ਼ੇ 'ਵੈਨ' ਲੈ ਕੇ ਪਿੰਡ ਆ ਗਏ।

-"ਹਾਂ ਬਈ..! ਪ੍ਰਸ਼ਾਸਨ ਵਾਲ਼ਿਆਂ ਨਾਲ਼ ਕਿਹੜੇ-ਕਿਹੜੇ ਤਿਆਰ ਐ..?" ਸਰਪੰਚ ਨੇ ਸਾਰੇ ਪਿੰਡ ਵੱਲ ਬੇਥਵੀ ਗੱਲ ਸੁੱਟੀ।

-"ਇਕ ਤਾਂ ਮੈਂ ਤਿਆਰ ਆਂ ਜੀ, ਸਰਪੈਂਚ ਜੀ..!" ਅਮਲੀ ਧਰਤੀ ਤੋਂ ਗਜ ਉੱਚਾ ਹੋ ਕੇ ਬੋਲਿਆ।

ਤਿੰਨ-ਚਾਰ ਉਸ ਨਾਲ਼ ਹੋਰ ਉਹਦੇ ਵਰਗੇ ਹੀ ਤਿਆਰ ਹੋ ਗਏ।

ਅਮਲੀ ਕੋਲ਼ ਗੋਲ਼ ਜਿਹਾ ਜਾਲ਼ ਫ਼ੜਿਆ ਹੋਇਆ ਸੀ। ਉਹ ਕੁੱਤੇ ਨੂੰ ਬੁਛਕਾਰ ਕੇ ਬਿਸਕੁਟ ਪਾਉਂਦਾ ਅਤੇ ਆਪਣਾ ਜਾਲ਼ ਸੁੱਟਦਾ। ਜਦ ਕੁੱਤਾ ਜਾਲ਼ ਵਿਚ ਆ ਫ਼ਸਦਾ ਤਾਂ ਪ੍ਰਸ਼ਾਸਨ ਵਾਲ਼ੇ ਉਸ ਦੇ ਜਬਰੀ ਬੇਹੋਸ਼ੀ ਵਾਲ਼ਾ ਟੀਕਾ ਲਾ ਕੇ ਆਪਣੀ ਵੈਨ ਵਿਚ ਸੁੱਟ ਲੈਂਦੇ।

ਅਮਲੀ ਕਮਾਂਡ ਕਰਨ ਵਾਲ਼ਿਆਂ ਵਾਂਗ ਅੱਗੇ-ਅੱਗੇ ਜਾਲ਼ ਫ਼ੜੀ ਤੁਰਿਆ ਜਾ ਰਿਹਾ ਸੀ। ਜੇ ਉਸ ਨੂੰ ਕੋਈ ਕੁੱਤਾ ਦਿਸਦਾ ਤਾਂ ਉਹ ਉਸ ਅੱਗੇ ਜਾ ਕੇ ਰਹਿਮ ਦੀ ਨਜ਼ਰ ਜਿਹੀ ਨਾਲ਼ ਝਾਕਦਾ, ਗਿੱਦੜਮਾਰ ਜਿਹੀਆਂ ਗੱਲਾਂ ਸ਼ੁਰੂ ਕਰ ਦਿੰਦਾ, "ਆ ਜਾ..! ਆ ਜਾਹ ਬੇਲੀ ਮੇਰਿਆ..!! ਬਥੇਰੇ ਲਾਡ ਲਡਾ ਲਏ ਤੂੰ ਵੀ..! ਸਾਲ਼ਿਆ, ਪੈਂਤੀ ਕਤੂਰਿਆਂ ਦਾ ਪਿਉ ਤੇ ਪੰਦਰਾਂ ਕੁੱਤੀਆਂ ਦਾ ਬਣਕੇ ਖ਼ਸਮ ਚੰਦ, ਹੁਣ ਸਾਨੂੰ ਆਕੜ-ਆਕੜ ਦਿਖਾਉਨੈਂ..? ਆ ਜਾਹ..! ਅੱਜ ਲਿਆਂਦੀ ਤੈਨੂੰ ਘੜਿੱਚ ਕਰਨ ਆਲ਼ੀ ਮੋਟਰ..! ਇਹ ਲਾਉਣਗੇ ਤੇਰੇ ਖੁਰੀਆਂ..! ਹਲਾਲ ਕਰਨਗੇ ਤੇਰੀ ਉਹ ਨਾੜ, ਜਿਹੜੀ ਸਿਆਪਿਆਂ ਹੱਥੀ ਐ..! ਸਾਲ਼ਿਆਂ ਨੇ ਜੰਮ-ਜੰਮ ਕੇ ਛਾਉਣੀ ਬਣਾ ਧਰੀ..! ਕੀ ਹੋ ਗਿਆ ਰੱਬ ਨੇ ਸਾਨੂੰ ਇਕ ਵੀ ਜੁਆਕ ਜੰਮਣ ਆਲ਼ੀ ਨੀ ਦਿੱਤੀ..? ਪਰ ਪੁੱਤ ਹੁਣ ਭਾਅਪਾ ਜੀ ਬਣਨ ਜੋਗਾ ਤੈਨੂੰ ਅਸੀਂ ਵੀ ਨੀ ਛੱਡਣਾ..! ਕਰ ਲੈ ਖੜ੍ਹ ਕੇ ਜਿਹੜੇ ਅਛਨੇ-ਪਛਨੇ ਕਰਨੇ ਐਂ..! ਦੇ ਲੈ ਰੋਹਬ..! ਪਤਾ ਤਾਂ ਉਦੋਂ ਲੱਗੂ, ਜਦੋਂ ਬੇਸੁਰਤੀ ਤੋਂ ਬਾਅਦ ਸੁਰਤ ਟਿਕਾਣੇਂ ਆਈ..! ਫ਼ੇਰ ਖੁਦਕਸ਼ੀ ਕਰਦਾ ਫ਼ਿਰੇਂਗਾ, ਬਈ ਮੈਂ ਆਬਦੀ ਪਤਨੀ-ਪ੍ਰਮੇਸ਼ਰੀ ਜੋਕਰਾ ਨੀ ਰਿਹਾ..! ਜੇ ਇੱਕ ਅੱਧੀ ਹੋਵੇ ਤਾਂ ਜਰ ਵੀ ਲਈਏ, ਮਾਫ਼ ਵੀ ਕਰਦੀਏ..? ਪਰ ਤੂੰ ਤਾਂ ਬਣਿਆਂ ਫ਼ਿਰਦੈਂ ਸਾਊਦੀ ਅਰਬ ਦਾ ਸ਼ੇਖ਼..!"

ਪ੍ਰਸ਼ਾਸਨ ਵਾਲ਼ੇ ਹੱਸਦੇ ਲੋਟ-ਪੋਟ ਹੋ ਰਹੇ ਸਨ।

-"ਪਾਪ ਤਾਂ ਅਸੀਂ ਵੀ ਨ੍ਹੀ ਸੀ ਕਰਨਾ..! ਪਰ ਤੁਸੀਂ ਤਾਂ ਸਾਲ਼ਿਓ ਸਾਨੂੰ ਈ ਗੱਬਰ ਸਿੰਘ ਬਣ-ਬਣ ਦਿਖਾਉਣ ਲੱਗਪੇ..! ਕਦੇ ਕਿਸੇ ਦੇ ਮੂੰਹ ਨੂੰ ਪੈਗੇ ਤੇ ਕਦੇ ਕਿਸੇ ਦੀ ਗੱਲ੍ਹ ਨੂੰ ਚਿੰਬੜਗੇ, ਜਿਵੇਂ ਸੱਤ ਫ਼ੇਰੇ ਲਏ ਹੁੰਦੇ ਐ..! ਤੁਸੀਂ ਤਾ ਲੱਗ ਗਏ ਸੀ ਟਾਹਲੀਆਂ ਵਿਹੁ ਕਰਨ..! ਕੁੱਤੀਆਂ ਨਾਲ਼ ਥੋਡਾ ਸਰਿਆ ਨਾ, ਤੁਸੀਂ ਤਾਂ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਜਾ ਚਿੰਬੜੇ..! ਸਾਲ਼ੀ ਕੋਈ ਹਾਅਥ ਈ ਨੀ ਰਹੀ ਥੋਨੂੰ..! ਊਂ ਈਂ ਹਲ਼ਕ ਤੁਰੇ..! ਨਾਸਾਂ 'ਚ ਦਮ ਈ ਐਨਾਂ ਕੀਤਾ ਪਿਐ, ਬੱਸ ਈ ਕੋਈ ਨੀ ਰਿਹਾ..!"

-"ਅਮਲੀਆ, ਇਹ ਓਹੀ ਐ, ਜਿਹੜਾ ਧੋਨੀ ਕੀ ਨੂੰਹ ਦੇ ਮੂੰਹ ਨੂੰ ਪਿਆ ਸੀ..!" ਨਾਲ਼ ਦੇ ਨੇ ਹੋਰ ਫ਼ੋਕੀ ਸਿੰਗੜੀ ਛੇੜ ਦਿੱਤੀ।

-"ਆ ਜਾਹ ਤੂੰ ਤਾਂ ਬਈ ਮੋਤੀ ਸਿਆਂ..! ਤੇਰੀ ਤਾਂ ਮੈਂ ਬਹੁਤ ਚਿਰ ਦਾ ਭਾਲ਼ 'ਚ ਤੁਰਿਆ ਫ਼ਿਰਦੈਂ..! ਤੇਰਾ ਤਾਂ ਕਰ ਦਿਆਂਗੇ ਸਿਗਨਲ ਫ਼ੱਟੜ ਅੱਜ..! ਤੂੰ ਤਾ ਕੁੜੀ ਯਾਹਵੇ ਦਿਆ ਸਾਰੇ ਬਾਡਰ ਈ ਟੱਪ ਗਿਆ..? ਇਕ ਚੋਰੀ ਤੇ ਉਤੋਂ ਸੀਨਾਂ ਜੋਰੀ..! ਲੈ ਡਾਕਧਾਰ ਸਾਹਬ..! ਪਰੇਸ਼ਨ ਕਰਨ ਆਲ਼ਾ ਝੁਰਲੂ ਜਿਆ ਤੁਸੀਂ ਮੈਨੂੰ ਫ਼ੜਾਇਓ, ਇਹਦਾ ਕਲਿਆਣ ਦੇਖਿਓ ਮੈਂ ਕਿਵੇਂ ਕਰਦੈਂ..! ਜਣੀਂ-ਖਣੀਂ ਦੇ ਮੂੰਹ ਨੂੰ ਜਾ ਚਿੰਬੜਨਾ, ਕੋਈ ਰਾਹ ਐ..? ਡਾਕਧਾਰ ਜੀ, ਅੱਬਲ ਤਾਂ ਮੈਨੂੰ ਇਹਦਾ ਕੰਮ ਜੜਾਂ 'ਚੋਂ ਈ ਕਰ ਲੈਣ ਦਿਓ..? ਇਹ ਸਾਲ਼ਾ ਮੈਨੂੰ ਜਾਅਦੇ ਚਾਂਭਲ਼ਿਆ ਲੱਗਦੈ..? ਸਾਲ਼ਾ ਹੈ ਤਾਂ ਸੋਹਣਾਂ-ਸੁਨੱਖਾ..! ਕਿਸੇ ਕੁੱਤੀ ਨੇ ਇਹਨੂੰ ਨਾਂਹ-ਨੁੱਕਰ ਨੀ ਕੀਤੀ ਹੋਣੀ, ਤੇ ਸਾਲ਼ਾ ਜਾ ਕੇ ਬੁੜ੍ਹੀਆਂ-ਕੁੜੀਆਂ 'ਤੇ ਵੀ ਟਰਾਈਆਂ ਮਾਰਨ ਲੱਗ ਪਿਆ..? ਲੱਗ ਪਿਆ ਕਰਨ ਟੈਛਟ..!" ਅਮਲੀ ਨੇ ਜਾਲ਼ ਉਸ ਦੇ ਗਲ਼ 'ਚ ਜਾ ਪਾਇਆ।

ਕੁੱਤਾ ਧੁਰਲ਼ੀਆਂ ਜਿਹੀਆਂ ਮਾਰ ਰਿਹਾ ਸੀ।

-"ਸਾਲ਼ਿਆ ਬਹਿੜਕਿਆਂ ਦਿਆ..! ਤੈਨੂੰ ਐਸ ਅੜੰਗੇ ਦਾ ਤਾਂ ਪਤਾ ਈ ਨੀ ਸੀ..! ਤੂੰ ਤਾਂ ਬਣਿਆਂ ਫ਼ਿਰਦਾ ਸੀ ਬਿਨ-ਲਾਦਨ ਸਾਡੇ 'ਤੇ..! ਦੱਸੋ ਗੌਰਮਿੰਟ ਜੀ, ਇਹਨੂੰ ਕਿਹੜੇ ਖੂੰਜੇ ਰੱਖਣੈਂ...? ਇਹ ਤਾਂ ਮੇਰਾ ਸ਼ਿਕਾਰ ਐ..! ਅਬ ਤੇਰਾ ਕਿਆ ਹੋਗਾ ਕਾਲ਼ਿਆ..?"

-"ਅਮਲੀਆ, ਕਿਤੇ ਇਹਦਾ ਸ਼ਿਕਾਰ ਕਰਦਾ ਕਰਦਾ ਕਿਤੇ ਤੂੰ ਨਾ ਦੋਨੋਂ ਜਹਾਨ ਸਫ਼ਲੇ ਕਰ ਜਾਈਂ..!" ਕਿਸੇ ਨੇ ਕਿਹਾ।

-"ਇਹ ਕੌਣ ਐਂ ਬਈ..?" ਅਮਲੀ ਨੇ ਬਾਜ਼ ਵਰਗੀ ਨਜ਼ਰ ਦਾ ਚਾਰੇ ਪਾਸੇ ਗੇੜਾ ਦਿੱਤਾ। ਪਰ ਮੁੜ ਕੇ ਕੋਈ ਨਾ ਬੋਲਿਆ।

-"ਥੋਡਾ ਕੰਮ ਐਂ ਚੰਗੇ ਭਲੇ ਬੰਦੇ ਨੂੰ ਥਿੜਕਾਉਣਾਂ..!"

-"ਕੁੱਤਿਆਂ ਤੋਂ ਬਾਅਦ ਕਿਤੇ ਤੇਰੀ ਵਾਰੀ ਨਾ ਆਜੇ ਅਮਲੀਆ..! ਕਿਤੇ ਤੈਨੂੰ ਵੀ ਨਾ ਖੱਸੀ ਕਰ ਮਾਰਨ..!" ਲੱਛੇ ਕੂਕੇ ਨੇ ਕਿਹਾ।

-"ਵੱਡੇ ਭਾਈ..! ਅਖੇ ਅੰਨ੍ਹਿਆਂ ਸੌਂ ਜਾ..! ਉਹ ਹੱਸ ਕੇ ਕਹਿੰਦਾ, ਚੁੱਪ ਈ ਕਰ ਜਾਣੈਂ..! ਸਾਡਾ ਕੀ ਐ..? ਅਸੀਂ ਤਾਂ ਜਿਹੋ ਜੇ ਐਸ ਜਹਾਨ 'ਤੇ ਆਏ, ਤੇ ਜਿਹੋ ਜਿਆ ਨਾ ਆਏ..!" ਅਮਲੀ ਦੇ ਅੰਦਰੋਂ ਉਸ ਦੀ ਜ਼ਿੰਦਗੀ ਦੀ ਲੰਮੀ ਚੀਸ ਬੋਲੀ।

-"ਅਮਲੀਆ..! ਤੂੰ ਬੰਦੇ ਫ਼ੜਦਾ-ਫ਼ੜਦਾ ਕੁੱਤੇ ਕਦੋਂ ਕੁ ਤੋਂ ਫ਼ੜਨ ਲੱਗ ਪਿਆ..?" ਕਿਸੇ ਹੋਰ ਨੇ ਰਾਹ ਜਾਂਦਿਆਂ ਸਿੰਗੜੀ ਛੇੜ ਦਿੱਤੀ।

-"ਜਦੋਂ ਤੋਂ ਲੋੜ ਪੈ ਗਈ ਬਾਈ..! ਅਜੇ ਤਾਂ ਮੈਂ ਸੱਪ ਫ਼ੜਨ ਲੱਗਣੈਂ, ਸੱਪ..! ਤੇ ਉਹ ਵੀ ਤੇਰੇ ਅਰਗੇ ਖੜੱਪੇ ਤੇ ਕੰਡੀਆਂ ਆਲ਼ੇ..! ਉਏ ਜੇ ਥੋਨੂੰ ਨੀ ਧੀਆਂ-ਭੈਣਾਂ ਦਾ ਦਰਦ, ਸਾਨੂੰ ਤਾਂ ਹੈ..! ਨਾਲ਼ੇ ਸ਼ਰਮ ਤਾਂ ਥੋਨੂੰ ਆਉਣੀ ਚਾਹੀਦੀ ਐ..! ਮੇਰੇ ਤਾਂ ਨਾ ਰੰਨ ਤੇ ਨਾ ਕੰਨ..! ਚਿੰਬੜਦੇ ਤਾਂ ਇਹ ਥੋਡੀਆਂ ਨੂੰ ਐਂ..! ਫ਼ੜਨੇਂ ਤਾਂ ਇਹ ਥੋਨੂੰ ਚਾਹੀਦੇ ਐ, ਪਰ ਫ਼ੜੀ ਜਾਨੈਂ, ਮੈਂ..! ਜਿਹੜਾ ਹੈ ਵੀ ਬੋਤੇ ਦੀ ਪੂਛ ਅਰਗਾ 'ਕੱਲਾ..!"

ਕੁੱਤੇ ਫ਼ੜਨ ਦੀ ਸਾਰੀ ਕਾਰਵਾਈ ਕਰਕੇ ਸ਼ਾਮ ਤੱਕ ਪ੍ਰਸ਼ਾਸਨ ਵਾਲ਼ੇ ਵਿਹਲੇ ਹੋ ਗਏ।

-"ਸਰਪੈਂਚ ਸਾਹਿਬ..! ਜੇ ਤੁਸੀਂ ਹਾਮੀਂ ਭਰੋਂ ਤਾਂ ਅਸੀਂ ਅਮਲੀ ਨੂੰ ਪੱਕੀ ਨੌਕਰੀ ਦੇ ਸਕਦੇ ਐਂ..!" ਪ੍ਰਸ਼ਾਸਨ ਦੇ ਕਰਮਚਾਰੀ ਨੇ ਕਿਹਾ।

-"ਤੇ ਜਦੋਂ 'ਲਾਕੇ ਦੇ ਕੁੱਤੇ ਮੁੱਕ ਗਏ ਸਰਕਾਰ ਜੀ, ਫ਼ੇਰ..?" ਅਮਲੀ ਨੇ ਅਗਲਾ ਡਰ ਜ਼ਾਹਿਰ ਕੀਤਾ।

-"ਫ਼ੇਰ ਬੰਦਿਆਂ 'ਤੇ ਹੋਜਾਂਗੇ..! ਬੰਦੇ ਵੀ ਅੱਜਕੱਲ੍ਹ ਹਟ ਕੁੱਤੀਏ ਨੀ ਕਹਿਣ ਦਿੰਦੇ..! ਆਏ ਸਾਲ ਜੁਆਕ ਪਾਥੀ ਮਾਂਗੂੰ ਪੱਥ ਧਰਦੇ ਐ..!"

ਹਾਸਾ ਮੱਚ ਗਿਆ।

-"ਕੁੱਤਿਆਂ ਆਲ਼ਾ ਕੰਮ ਤਾਂ ਮੈਂ ਮੁਖ਼ਤ ਕਰਨ ਨੂੰ ਤਿਆਰ ਐਂ ਜੀ..! ਇਨ੍ਹਾਂ ਨੇ ਤਾਂ ਅੱਤ ਈ ਚੱਕ ਲਈ ਸੀ..!"


-"ਚੱਲ ਕੋਈ ਨਾ..! ਨਾਲ਼ੇ ਕੰਮ ਕਰੀ ਚੱਲ ਤੇ ਨਾਲ਼ੇ ਪੈਸੇ ਲਈ ਚੱਲ..!" ਸਰਪੰਚ ਨੇ ਕਿਹਾ।

-"ਚਲੋ..! ਜਿਵੇਂ ਤੂੰ ਲੋਟ ਸਮਝੇਂ ਸਰਪੈਂਚਾ..!"

ਅਮਲੀ ਉਨ੍ਹਾਂ ਦੇ ਨਾਲ਼ ਤੁਰ ਗਿਆ। ਉਸ ਨੂੰ ਪੱਕੀ ਨੌਕਰੀ ਦੇ ਦਿੱਤੀ ਗਈ।

# "ਬੁਰਾਈ ਉਦੋਂ ਵਧਦੀ ਹੈ, ਜਦੋਂ ਚੰਗੇ ਲੋਕ ਕੁਝ ਨਹੀਂ ਕਰਦੇ"?

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਜੇ ਤੁਸੀਂ ਕਿਸੇ ਅਜਿਹੀ ਚੀਜ਼ ਦੀ ਇਜਾਜ਼ਤ ਦਿੰਦੇ ਹੋ, ਜੋ ਅੰਦਰੂਨੀ ਤੌਰ 'ਤੇ ਮਾੜੀ ਜਾਂ ਮਾੜੀ ਸੀ, ਜਦੋਂ ਤੁਹਾਨੂੰ ਗਿਆਨ ਜਾਂ ਅਨੁਭਵ ਸੀ ਕਿ ਘਟਨਾ ਨੈਤਿਕ ਤੌਰ 'ਤੇ ਗਲਤ ਸੀ, ਤਾਂ ਤੁਸੀਂ "ਬੁਰਾਈ" ਨੂੰ ਜਿੱਤ ਦਿਉਗੇ। ਉਦਾਹਰਨ ਲਈ, ਜਦੋਂ ਤੁਸੀਂ ਕਿਸੇ ਬੁੱਢੇ ਆਦਮੀ ਨੂੰ ਲੁੱਟਿਆ ਹੋਇਆ ਦੇਖਦੇ ਹੋ ਜਾਂ ਕਿਸੇ ਕੁੜੀ ਨਾਲ ਛੇੜਛਾੜ ਕੀਤੀ ਜਾਂਦੀ ਹੈ ਅਤੇ ਤੁਸੀਂ ਘਟਨਾ ਦੌਰਾਨ ਇਸ ਬਾਰੇ ਅਯੋਗ ਹੋਣਾ ਚੁਣਿਆ ਹੈ। ਤੁਸੀਂ ਸ਼ਾਇਦ ਮਹਿਸੂਸ ਕੀਤਾ ਹੋਵੇਗਾ ਕਿ ਤੁਸੀਂ ਦਖਲ ਨਹੀਂ ਦੇ ਸਕਦੇ ਕਿਉਂਕਿ "ਇਹ ਤੁਹਾਡਾ ਕੋਈ ਕਾਰੋਬਾਰ ਨਹੀਂ ਸੀ"। ਜਾਂ ਤੁਹਾਨੂੰ ਡਰ ਸੀ ਕਿ ਤੁਸੀਂ ਅਗਲਾ ਨਿਸ਼ਾਨਾ ਹੋਵੋਗੇ। ਜਾਂ ਹੋ ਸਕਦਾ ਹੈ, ਤੁਸੀਂ ਇਹ ਮੰਨ ਲਿਆ ਹੈ ਕਿ ਕੋਈ ਹੋਰ ਅੱਗੇ ਆਵੇਗਾ ਅਤੇ ਕੁਝ ਕਹੇਗਾ। ਜਾਂ ਤੁਸੀਂ ਸੋਚਿਆ ਕਿ ਤੁਸੀਂ ਸਮਾਂ ਨਹੀਂ ਲੱਭ ਸਕੇ। ਜਾਂ ਤੁਸੀਂ ਇਹ ਵੀ ਸੋਚ ਸਕਦੇ ਹੋ ਕਿ ਸ਼ਾਇਦ ਤੁਸੀਂ ਸਥਿਤੀ ਨੂੰ ਗਲਤ ਸਮਝਿਆ ਹੈ ਜਾਂ ਕੋਈ ਤੁਹਾਡੇ ਲਈ ਕਾਰਵਾਈ ਕਰੇਗਾ ਜਾਂ ਕੁਝ ਕਹੇਗਾ। ਧਰਤੀ 'ਤੇ ਹਰ ਸੰਭਵ ਕਾਰਨ ਦੇ ਬਾਵਜੂਦ, ਅਸੀਂ ਬੁਰਾਈ ਨੂੰ ਪ੍ਰਬਲ ਹੋਣ ਦਿੰਦੇ ਹਾਂ ਕਿਉਂਕਿ ਅਸੀਂ ਡਰਦੇ ਹਾਂ, ਜਾਂ ਸਪੱਸ਼ਟ ਤੌਰ 'ਤੇ ਪ੍ਰਵਾਹ ਨਹੀਂ ਕਰਦੇ, ਅਪ੍ਰਸਿੱਧ ਹੋਣ ਦਾ।

ਸਾਡੀ ਦੁਨੀਆਂ ਉਨ੍ਹਾਂ ਲੋਕਾਂ ਨਾਲ ਭਰੀ ਹੋਈ ਹੈ, ਜੋ ਕੁਝ ਨਹੀਂ ਕਰ ਰਹੇ ਹਨ। ਜਦੋਂ ਤੁਸੀਂ ਬੁਰਾਈ ਨੂੰ ਉਂਗਲ ਦਿੰਦੇ ਹੋ, ਉਹ ਤੁਹਾਨੂੰ ਸਭ ਨੂੰ ਖਾ ਜਾਂਦੇ ਹਨ। ਤਾਂ ਫਿਰ, ਲੋਕ ਉਨ੍ਹਾਂ ਸਾਰੀਆਂ ਬੁਰੀਆਂ ਚੀਜ਼ਾਂ ਬਾਰੇ ਇੰਨੇ ਨਿਰਦੋਸ਼ ਕਿਉਂ ਹਨ, ਜੋ ਹੋ ਰਹੀਆਂ ਹਨ? ਪਹਿਲਾਂ, ਸਾਨੂੰ ਕੁਲੀਨ ਵਰਗ ਦੁਆਰਾ ਇਸ ਤਰ੍ਹਾਂ ਸੋਚਣ ਲਈ ਪ੍ਰੋਗਰਾਮ ਕੀਤਾ ਗਿਆ ਹੈ। ਸਾਨੂੰ ਸਕੂਲ, ਖੇਡਾਂ, ਕੰਮ, ਰਾਜਨੀਤੀ, ਧਰਮ ਅਤੇ ਹੋਰ ਬਹੁਤ ਕੁਝ ਵਿਚ ਆਪਣਾ ਖਿਆਲ ਰੱਖਣਾ ਅਤੇ ਦੂਜਿਆਂ ਨਾਲ ਮੁਕਾਬਲਾ ਕਰਨਾ ਸਿਖਾਇਆ ਜਾਂਦਾ ਹੈ। ਇਹ ਇੱਕ ਅਜਿਹੀ ਰਚਨਾ ਹੈ, ਜੋ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਹੈ। ਅਸੀਂ ਮੂਰਤੀ ਬਣਾਉਣਾ ਸਿੱਖ ਲਿਆ ਹੈ ਅਤੇ ਹਰ ਮਨੁੱਖ ਵਿਚ ਅਸਲ ਮੁੱਲ ਨਹੀਂ ਵੇਖਣਾ ਹੈ। ਲੋਕਾਂ ਕੋਲ "ਮੂਰਤੀਆਂ" ਹਨ, ਜਿਨ੍ਹਾਂ ਦੀ ਉਹ ਪਾਲਣਾ ਕਰਦੇ ਹਨ ਅਤੇ ਵਿਸ਼ਵਾਸ ਕਰਦੇ ਹਨ। ਤੁਸੀਂ ਆਪਣੀ ਖੁਦ ਦੀ "ਮੂਰਤੀ" ਕਿਉਂ ਨਹੀਂ ਬਣ ਸਕਦੇ? ਤੁਸੀਂ ਅਜੇ ਵੀ ਉਨ੍ਹਾਂ ਲੋਕਾਂ ਦੀ ਕਦਰ ਕਰ ਸਕਦੇ ਹੋ, ਜੋ ਮਹਾਨ ਚੀਜ਼ਾਂ ਬਣਾਉਂਦੇ ਹਨ ਪਰ ਸਾਰੇ ਲੋਕ ਬਣਾਉਣ ਦੇ ਸਮਰੱਥ ਹਨ।




ਕਾਬੁਲ 'ਤੇ ਤਾਲਿਬਾਨ ਦੇ ਕੰਟਰੋਲ ਨਾਲ ਅਫਗਾਨਿਸਤਾਨ 'ਚ ਵਾਪਰੀਆਂ ਘਟਨਾਵਾਂ ਦੀ ਇਹ ਸਟੀਕ ਪ੍ਰਤੀਰੂਪ ਹੈ। ਤਾਲਿਬਾਨ ਦੀ ਜਿੱਤ ਅਤੇ ਅਫਗਾਨਿਸਤਾਨ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਲੋਕ ਅਤੇ ਕੋਸ਼ਿਸ਼ਾਂ ਵਿਚ ਮਾਰੇ ਗਏ ਬਹੁਤ ਸਾਰੇ ਲੋਕ ਸੱਚਮੁੱਚ ਸ਼ੁੱਧ ਬੁਰਾਈ ਹੈ। ਕੋਈ ਵੀ ਇਸ ਨੂੰ ਕਿਸੇ ਵੀ ਰੂਪ ਵਿਚ ਜਾਇਜ਼ ਨਹੀਂ ਠਹਿਰਾ ਸਕਦਾ। ਅਸੀਂ ਆਰਾਮ ਨਾਲ ਬੈਠ ਕੇ ਇਸਨੂੰ ਆਪਣੀਆਂ ਕੰਪਿਊਟਰ ਸਕਰੀਨਾਂ ਅਤੇ ਟੀ.ਵੀ. ਸਕਰੀਨਾਂ 'ਤੇ ਨਹੀਂ ਦੇਖ ਸਕਦੇ। ਇਸ ਨਾਲ ਲੜਨਾ ਪਵੇਗਾ, ਨਹੀਂ ਤਾਂ ਇਹ ਕੈਂਸਰ ਦੀ ਤਰ੍ਹਾਂ ਪੂਰੀ ਦੁਨੀਆਂ ਵਿਚ ਫੈਲ ਜਾਵੇਗਾ। ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਅਤੇ ਤਾਲਿਬਾਨ ਦਰਮਿਆਨ ਭਿਆਨਕ ਸ਼ਾਂਤੀ ਸਮਝੌਤੇ ਦੇ ਮੱਦੇਨਜ਼ਰ ਵਾਪਸੀ ਲਈ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਸਨ। ਪਰ ਅਫਗਾਨੀਆਂ ਨੂੰ ਪਿਛਲੇ ਦੋ ਦਹਾਕਿਆਂ ਦੌਰਾਨ ਅਮਰੀਕਾ ਨੇ ਉਨ੍ਹਾਂ ਨਾਲ ਕੀਤੇ ਲਾਭਾਂ ਨੂੰ ਬਰਕਰਾਰ ਰੱਖਣ ਦਾ ਬਿਹਤਰ ਮੌਕਾ ਦਿੰਦੇ ਹੋਏ ਅਮਰੀਕੀ ਫੌਜਾਂ ਨੂੰ ਵਾਪਸ ਬੁਲਾਉਣ ਦਾ ਇੱਕ ਤਰੀਕਾ ਅਜੇ ਵੀ ਮੌਜੂਦ ਸੀ। ਬਾਇਡਨ ਨੇ ਹੋਰ ਚੋਣ ਕੀਤੀ। ਜਿਸ ਤਰੀਕੇ ਨਾਲ ਉਸਨੇ ਅਮਰੀਕੀ ਸੈਨਿਕਾਂ ਦੀ ਵਾਪਸੀ ਅਤੇ ਅੰਤਿਮ ਵਿਦਾਇਗੀ ਦੀ ਘੋਸ਼ਣਾ ਕੀਤੀ, ਲੜਾਈ ਦੇ ਸੀਜ਼ਨ ਦੇ ਸ਼ੁਰੂ ਵਿਚ, ਇੱਕ ਕਾਹਲੀ ਟਾਈਮਲਾਈਨ 'ਤੇ ਅਤੇ ਅਫਗਾਨ ਸਰਕਾਰ ਨਾਲ ਢੁੱਕਵੇਂ ਤਾਲਮੇਲ ਦੇ ਬਿਨਾਂ, ਨੇ ਸਾਨੂੰ ਮੌਜੂਦਾ ਸਥਿਤੀ ਤੱਕ ਪਹੁੰਚਾ ਦਿੱਤਾ ਹੈ।

ਘੱਟੋ-ਘੱਟ ਸੰਯੁਕਤ ਰਾਜ ਨੂੰ ਤਾਲਿਬਾਨ ਦੇ ਤਾਜ਼ਾ ਹਮਲੇ ਨੂੰ ਨੱਥ ਪਾਉਣ ਵਿਚ ਮਦਦ ਕਰਨ ਅਤੇ ਅਮਰੀਕੀ ਫੌਜੀ ਸਹਾਇਤਾ ਤੋਂ ਰਹਿਤ ਭਵਿੱਖ ਦੀ ਯੋਜਨਾ ਬਣਾਉਣ ਲਈ ਸਮਾਂ ਖਰੀਦਣ ਲਈ ਇਸ ਸਮੇਂ ਦੌਰਾਨ ਅਫਗਾਨਾਂ ਦਾ ਸਮਰਥਨ ਕਰਨਾ ਜਾਰੀ ਰੱਖਣਾ ਚਾਹੀਦਾ ਸੀ। ਅਮਰੀਕੀ ਡਿਪਲੋਮੈਟ ਇਸ ਸਮੇਂ ਦੀ ਵਰਤੋਂ ਖੇਤਰੀ ਠਿਕਾਣਿਆਂ ਤੱਕ ਪਹੁੰਚ ਲਈ ਗੱਲਬਾਤ ਕਰਨ ਲਈ ਕਰ ਸਕਦੇ ਹਨ, ਜਿੱਥੋਂ ਅੱਤਵਾਦ ਵਿਰੋਧੀ ਕਾਰਵਾਈਆਂ ਜਾਰੀ ਰੱਖੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ, ਅਮਰੀਕੀ ਫੌਜ ਨੂੰ ਐਮਰਜੈਂਸੀ ਲਈ ਤਿਆਰ ਰਹਿਣਾ ਚਾਹੀਦਾ ਸੀ, ਜੇਕਰ ਉਹ ਗੱਲਬਾਤ ਅਸਫਲ ਹੋ ਜਾਂਦੀ ਹੈ। ਅਫਗਾਨਿਸਤਾਨ ਵਿਚ ਅਮਰੀਕੀ ਫੌਜੀ ਬਲਾਂ ਨੂੰ ਅਣਮਿੱਥੇ ਸਮੇਂ ਲਈ ਰੱਖਣ ਦੀ ਬੁੱਧੀ ਬਾਰੇ ਤਰਕਸ਼ੀਲ ਲੋਕ ਅਸਹਿਮਤ ਹੋ ਸਕਦੇ ਹਨ। ਜ਼ਿੰਮੇਵਾਰ ਵਾਪਸੀ ਲਈ ਵਧੇਰੇ ਸਮਾਂ ਅਤੇ ਬਿਹਤਰ ਤਿਆਰੀ ਦੀ ਲੋੜ ਹੁੰਦੀ ਹੈ। ਇਕ ਹੋਰ ਮਸ਼ਹੂਰ ਦਾਰਸ਼ਨਿਕ, ਜੌਨ ਸਟੂਅਰਟ ਮਿਲ ਨੇ ਕਿਹਾ: 'ਕਿਸੇ ਨੂੰ ਵੀ ਆਪਣੀ ਜ਼ਮੀਰ ਨੂੰ ਇਸ ਭੁਲੇਖੇ ਵਿਚ ਨਹੀਂ ਰੱਖਣਾ ਚਾਹੀਦਾ ਹੈ ਕਿ ਜੇ ਉਹ ਕੋਈ ਹਿੱਸਾ ਨਹੀਂ ਲੈਂਦਾ ਅਤੇ ਕੋਈ ਰਾਏ ਨਹੀਂ ਬਣਾਉਂਦਾ, ਤਾਂ ਉਹ ਕੋਈ ਨੁਕਸਾਨ ਨਹੀਂ ਕਰ ਸਕਦਾ। ਬੁਰੇ ਆਦਮੀਆਂ ਨੂੰ ਆਪਣੇ ਸਿਰ ਨੂੰ ਘੇਰਨ ਲਈ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਹੈ, ਪਰ ਉਨ੍ਹਾਂ ਚੰਗੇ ਆਦਮੀਆਂ ਨੂੰ ਦੇਖਣ ਅਤੇ ਕੁਝ ਨਹੀਂ ਕਰਨ ਲਈ।'

ਅਸੀਂ ਬੁਰਾਈ ਨਾਲ ਬੁਰਾਈ ਦਾ ਮੇਲ ਨਹੀਂ ਕਰ ਸਕਦੇ। ਸ਼ਾਂਤੀ ਅਤੇ ਪਿਆਰ ਦੇ ਸੰਸਾਰ ਵਿਚ ਗੁੱਸੇ ਅਤੇ ਨਫ਼ਰਤ ਦੀ ਕੋਈ ਥਾਂ ਨਹੀਂ ਹੈ। ਇਸ ਨਾਲ ਲੜਨ ਦਾ ਇੱਕੋ ਇੱਕ ਤਰੀਕਾ ਹੈ ਸੱਚ ਨੂੰ ਸਾਹਮਣੇ ਲਿਆਉਣਾ। ਆਪਣੀ ਦੁਨੀਆਂ ਨਾਲ ਗਿਆਨ ਸਾਂਝਾ ਕਰੋ, ਜਦੋਂ ਤੁਸੀਂ ਅਜਿਹੀਆਂ ਚੀਜ਼ਾਂ ਨੂੰ ਜਾਣਦੇ ਹੋ, ਜੋ ਭ੍ਰਿਸ਼ਟ ਹਨ, ਲੋਕਾਂ ਨੂੰ ਕੰਟਰੋਲ ਕਰਨ ਲਈ ਹੇਰਾਫੇਰੀ ਕਰਦੀਆਂ ਹਨ। ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਲੋਕਾਂ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਭੁਗਤਾਨ ਕੀਤਾ ਜਾਂਦਾ ਹੈ ਕਿਉਂਕਿ ਨਹੀਂ ਤਾਂ ਉਨ੍ਹਾਂ ਦਾ ਜਨਤਕ ਤੌਰ 'ਤੇ ਮਜ਼ਾਕ ਉਡਾਇਆ ਜਾਵੇਗਾ ਅਤੇ ਬੇਇੱਜ਼ਤ ਕੀਤਾ ਜਾਵੇਗਾ ਜਾਂ ਅੰਤ ਵਿਚ ਮਾਰਿਆ ਜਾਵੇਗਾ। ਕੁਝ ਲੋਕ ਬਹਾਦਰ ਹੁੰਦੇ ਹਨ ਅਤੇ ਸੱਚਾਈ ਦਾ ਪਰਦਾਫਾਸ਼ ਕਰਦੇ ਹਨ। ਕੀ ਤੁਸੀਂ ਉਨ੍ਹਾਂ ਵਿਚੋਂ ਇੱਕ ਬਣਨ ਜਾ ਰਹੇ ਹੋ? ਅਤੇ ਕੁਲੀਨ ਨੂੰ ਭੋਜਨ ਦੇਣਾ ਬੰਦ ਕਰੋ। ਤੁਸੀਂ ਬੈਂਕਾਂ, ਸਟਾਕ ਮਾਰਕੀਟ, ਮੀਡੀਆ, ਰਾਜਨੀਤੀ ਅਤੇ ਹੋਰ ਚੀਜ਼ਾਂ ਰਾਹੀਂ ਉਨ੍ਹਾਂ ਦਾ ਸਮਰਥਨ ਕਰਦੇ ਹੋ।

## ਪੰਜਾਬ ਬਚਾਉਣ ਵਾਲੇ

ਸੱਤਪਾਲ ਸਿੰਘ ਦਿਓਲ
(Punjab Mail USA)



ਕੈਨੇਡਾ ਵਿਚ ਘੁੰਮਣ ਲਈ ਇੱਕ ਦਿਨ ਉਬਰ ਟੈਕਸੀ ਲਈ। ਟੈਕਸੀ ਡਰਾਇਵਰ ਪੰਜਾਬੀ ਅੱਧਖੜ ਉਮਰ ਦਾ ਸਰਦਾਰ ਸੀ। ਉਹ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ ਪਰ ਮੈਨੂੰ ਗੱਲ ਕਰਨ ਦਾ ਮੌਕਾ ਉਸ ਨੇ ਨਹੀਂ ਦਿੱਤਾ। ਗੱਲਾਂ-ਗੱਲਾਂ ਵਿਚ ਉਸ ਨੇ ਦੱਸ ਦਿੱਤਾ ਕਿ ਉਸ ਦਾ ਸਾਰਾ ਪਰਿਵਾਰ ਕੁਝ ਸਾਲ ਪਹਿਲਾਂ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਸ ਗਿਆ ਹੈ। ਛੇਤੀ ਹੀ ਉਹ ਪੰਜਾਬ ਦੇ ਦੁਆਬਾ ਖੇਤਰ ਵਿਚ ਪੈਂਦੀ ਪੁਸ਼ਤੈਨੀ ਜ਼ਮੀਨ ਵੇਚਣ ਪੰਜਾਬ ਜਾਣਗੇ। ਰੱਬ ਦੀ ਕਿਰਪਾ ਨਾਲ ਸਾਰੇ ਪਰਿਵਾਰ ਨੇ ਮਿਹਨਤ ਕਰਕੇ ਇੱਕ ਘਰ ਕਿਸ਼ਤਾਂ 'ਤੇ ਲੈ ਲਿਆ ਹੈ। ਜਿਹੜੀ ਕਾਰ ਉਹ ਊਬਰ ਚਲਾ ਰਿਹਾ ਹੈ, ਉਹ ਵੀ ਕਿਸ਼ਤਾਂ 'ਤੇ ਹੈ, ਉਹਦੀ ਘਰ ਵਾਲੀ ਸਟੋਰਾਂ ਵਿਚ ਸਾਫ ਸਫਾਈ ਦਾ ਕੰਮ ਕਰਦੀ ਹੈ। ਇੱਕ ਮੁੰਡਾ ਮੈਕਡੋਨਲਡ 'ਤੇ ਲੱਗਾ ਹੈ। ਨੂੰਹ ਸਬਵੇਅ 'ਤੇ ਕੰਮ ਕਰਦੀ ਹੈ। ਦੂਜਾ ਮੁੰਡਾ ਗੈਸ ਸਟੇਸ਼ਨ 'ਤੇ ਕੰਮ ਕਰਦਾ ਹੈ। ਹੁਣ ਪੰਜਾਬ ਵਿਚੋਂ ਉਸ ਵਾਸਤੇ ਕਿਸੇ ਕੁੜੀ ਦੇ ਰਿਸ਼ਤੇ ਦੀ ਤਲਾਸ਼ ਉਹ ਕਰ ਰਹੇ ਹਨ। ਪਰ ਕੁੜੀ ਉਨ੍ਹਾਂ ਨੂੰ ਲੱਭ ਨਹੀਂ ਰਹੀ। ਮੈਂ ਅੰਦਾਜ਼ਾ ਲਾਇਆ ਕਿ ਕੁੜੀ ਦੇ ਨਾਲ-ਨਾਲ ਉਹ ਵੱਡਾ ਦਹੇਜ ਵੀ ਭਾਲਦੇ ਸਨ। ਮੇਰੇ ਉਤਰਨ ਤੋਂ ਪਹਿਲਾਂ ਉਸ ਨੇ ਕਿਹਾ, 'ਭਾਜੀ ਆਪਾਂ ਰਲ ਮਿਲ ਕੇ ਪੰਜਾਬ ਬਚਾਈਏ, ਸਾਰਾ ਪੰਜਾਬ ਕੈਨੇਡਾ ਵੱਲ ਆ ਰਿਹਾ।'

ਮੇਰਾ ਜਵਾਬ ਸੀ ਕਿ 'ਭਾਜੀ ਤਾਂ ਪੰਜਾਬ 'ਚ ਹੀ ਰਹਿੰਦਾ, ਚਾਰ ਦਿਨਾਂ ਬਾਅਦ ਤੁਹਾਡੇ ਛੱਡੇ ਹੋਏ ਪੰਜਾਬ ਦੀ ਫਿਜ਼ਾ 'ਚ ਸਾਹ ਲਊ, ਪਰ ਤੁਹਾਡੀ ਪੰਜਾਬ ਲਈ ਫਿਕਰਮੰਦੀ ਤੋਂ ਮਨ ਗਦਗਦ ਹੋ ਉੱਠਿਆ।'




ਮੇਰਾ ਜਵਾਬ ਸੁਣ ਕੇ ਉਸਨੇ ਸ਼ਰਮ ਨਾਲ ਨੀਵੀਂ ਪਾ ਲਈ।

## ਭ੍ਰਿਸ਼ਟਾਚਾਰੀ ਨੇਤਾ ਬਣਾਉਣ ਦੀ ਵਿਧੀ

(ਕੰਡੇ ਦਾ ਕੰਡਾ)
ਡਾ. ਅਮਰੀਕ ਸਿੰਘ ਕੰਡਾ

**ਸਮੱਗਰੀ:-** ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਚਾਰ ਤੋਲੇ, ਬੇਈਮਾਨੀ ਦਾ ਰਸ ਚਾਰ ਤੋਲੇ, ਚਾਪਲੂਸੀ ਦੀਆਂ ਜੜ੍ਹਾਂ ਵੀਹ ਤੋਲੇ, ਹਰਾਮਪੁਣਾ ਚਾਰ ਤੋਲੇ, ਲਾਲਚ ਦਸ ਤੋਲੇ, ਤੇ ਹਲਕੇ ਕੁੱਤੇ ਦੀਆਂ ਲਾਲਾਂ (ਲਾਰਾਂ) ਚਾਰ ਚਮਚ, ਲੂੰਬੜੀ ਦੇ ਦਿਮਾਗ ਦੀਆਂ ਨਾੜਾਂ ਦਸ ਤੋਲੇ, ਦੇਸੀ ਕੁੱਤੇ ਦੀਆਂ ਦੋ ਪੂਛਾਂ ਵਾਲਾਂ ਸਮੇਤ।

**ਵਿਧੀ:-** ਇਹ ਸਾਰੇ ਸਮਾਨ ਨੂੰ ਬੰਦੇ ਨੁਮਾ ਭਾਂਡੇ ਵਿਚ ਰਗੜ ਕੇ ਦੋ ਦਿਨ ਖਰਲ ਕਰਕੇ ਗੋਲੀ ਬਣਾ ਦਿਉ। ਗੋਲੀ ਇਮਾਨਦਾਰ ਬੰਦੇ ਨੂੰ ਖੁਵਾ ਦਿਉ। ਗੋਲੀ ਖਾਂਦੇ ਹੀ ਉਹ ਬੰਦੇ ਤੋਂ ਇੱਕ ਨੇਤਾ ਬਣ ਜਾਊਗਾ। ਫਿਰ ਉਹ ਤੁਹਾਨੂੰ ਖਾਊਗਾ। ਲੰਬੀ ਉਮਰ ਭੋਗੇਗਾ। ਕਿਉਂਕਿ ਇਨ੍ਹਾਂ ਦੀ ਉੱਪਰ ਜ਼ਰੂਰਤ ਨਹੀਂ ਹੈ।


-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



**ਨੋਟ:-** ਉਹੀ ਫੋਨ ਕਰਨ ਜਿਹੜੇ ਭ੍ਰਿਸ਼ਟਾਚਾਰੀ ਨੇਤਾ ਨੇ। ਦੂਜੇ ਫੋਨ ਨਾ ਕਰਨ।

## ਕਹਿਣੀ ਤੇ ਕਰਨੀ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਅਜੇ ਤੱਕ ਮਨੁੱਖ ਪੂਰਨ ਰੂਪ ਵਿਚ ਮਨੁੱਖ ਕਿਉਂ ਨਹੀਂ ਬਣ ਸਕਿਆ। ਭਾਵ ਮਨੁੱਖ ਅਜੇ ਤੱਕ ਜਦੋਂ ਕਿ ਧਰਮ ਦੀ ਸਥਾਪਨਾ ਤੇ ਉਸਦੇ ਪ੍ਰਚਾਰ ਨੂੰ ਹੁੰਦਿਆਂ ਸਦੀਆਂ ਹੀ ਬੀਤ ਗਈਆਂ ਹਨ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੇ ਈਰਖਾ ਦਾ ਤਿਆਗ ਨਹੀਂ ਕਰ ਸਕਿਆ, ਭਾਵ ਇਨ੍ਹਾਂ ਪ੍ਰਵਿਰਤੀਆਂ ਦੀ ਮਨੁੱਖ ਦੁਰਵਰਤੋਂ ਕਰਦਾ ਆ ਰਿਹਾ ਹੈ। ਸਾਡੀਆਂ ਕਈ ਸਮੱਸਿਆਵਾਂ ਦੁੱਖਾਂ ਤੇ ਲੜਾਈਆਂ ਦਾ ਮੂਲ ਕਾਰਣ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਲੜਾਈਆਂ, ਝਗੜਿਆਂ ਦਾ ਮੂਲ ਕਾਰਨ ਜ਼ਰ, ਜ਼ੋਰੂ ਤੇ ਜ਼ਮੀਨ ਰਿਹਾ ਹੈ।

ਬਾਬੇ ਹੋਣਾ ਨੇ ਸਦੀਆਂ ਪਹਿਲਾਂ ਕਿਹਾ ਸੀ ਕਿ "ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈ ਤੱਤ" ਅਤੇ ਸਬਰ, ਸੰਤੋਖ ਤੇ ਸਹਿਣਸ਼ੀਲਤਾ ਦੇ ਧਾਰਨੀ ਬਣਨਾ ਹੈ ਪਰ ਅਜਿਹਾ ਹੁਣ ਤੱਕ ਕਿਉਂ ਨਹੀਂ ਹੋਇਆ ਕਿਉਂਕਿ ਸਿੱਖ ਨੂੰ ਹੁਣ ਤੱਕ ਸ਼ਬਦ ਨਾਲ ਨਹੀਂ ਜੋੜਿਆ, ਭਾਵ ਗੁਰਬਾਣੀ ਦੇ ਆਸੇ ਅਨੁਸਾਰ ਜੀਵਨ ਗੁਜ਼ਾਰਨ ਦਾ ਪ੍ਰਚਾਰ ਨਹੀਂ ਹੋਇਆ। ਹੁਣ ਤੱਕ ਗੁਰਬਾਣੀ ਪੜ੍ਹੀ ਹੀ ਜਾਂਦੀ ਹੈ ਪਰ ਉਸ ਉਪਰ ਅਮਲ ਨਹੀਂ ਹੋਇਆ। ਹੁਣ ਤੱਕ ਧਰਮੀ ਲੋਕ ਸਿਰਫ਼ ਧਰਮ ਦਾ ਢੌਂਗ ਹੀ ਰਚਦੇ ਰਹੇ ਹਨ, ਭਾਵ ਬਹੁਤ ਧਰਮੀ ਲੋਕ ਭੇਖੀ ਹਨ। ਉਨ੍ਹਾਂ ਦੀ ਕਹਿਣੀ ਕਰਨੀ ਇਕ ਨਹੀਂ, ਭਾਵ ਬਾਹਰੋਂ ਹੋਰ ਅੰਦਰੋਂ ਹੋਰ ਹੁੰਦੇ ਹਨ। ਨਾਸਤਕ ਲੋਕਾਂ ਨੇ ਇੰਨਾ ਮਨੁੱਖਤਾ ਦਾ ਘਾਣ ਨਹੀਂ ਕੀਤਾ, ਜਿੰਨਾ ਆਸਤਕ ਲੋਕਾਂ ਨੇ ਕੀਤਾ। ਗੁਰੂ ਸਾਹਿਬ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਉਨ੍ਹਾਂ ਨੇ ਕਿਹਾ, ਉਸ 'ਤੇ ਪਹਿਰਾ ਦਿੱਤਾ, ਸੱਚ ਤੋਂ ਪਿੱਛੇ ਨਹੀਂ ਹਟੇ। ਧਰਮ ਦਾ ਮਾਰਗ, ਸੱਚ ਦਾ ਮਾਰਗ ਹੈ। ਅਜਿਹੇ ਲੋਕਾਂ ਬਾਰੇ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ, "ਕਰਤੂਤਿ ਪਸ਼ੂ ਕੀ ਮਾਨਸਿ ਜਾਤਿ॥" ਕੁਝ ਲੋਕ ਗੁਰਦੁਆਰੇ ਵੀ ਜਾਂਦੇ ਹਨ, ਗੁਰਬਾਣੀ ਵੀ ਸੁਣਦੇ ਹਨ ਪਰ ਉਨ੍ਹਾਂ ਦਾ ਅਮਲੀ ਜੀਵਨ ਗੁਰੂ ਉਪਦੇਸ਼ਾਂ ਤੋਂ ਬਿਲਕੁਲ ਸੱਖਣਾ ਹੈ। ਇਨ੍ਹਾਂ ਲੋਕਾਂ ਬਾਰੇ ਵੀ ਗੁਰੂ ਸਾਹਿਬਾਨ ਫ਼ੁਰਮਾਉਂਦੇ ਹਨ:

"ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੈ ਜਾਹਿ॥"

ਮਨਮੁਖਿ ਲੋਕਾਂ ਬਾਰੇ ਵੀ ਗੁਰੂ ਜੀ ਫ਼ੁਰਮਾਉਂਦੇ ਹਨ,

"ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ॥"

ਇਸ ਕਰਕੇ ਸਾਨੂੰ ਭੇਖੀ ਲੋਕਾਂ ਦੀਆਂ ਚਾਲਾਂ ਤੇ ਦਿਖਾਵੇ ਤੋਂ ਬਚਣਾ ਚਾਹੀਦਾ ਹੈ। ਸਾਨੂੰ ਪ੍ਰਸ਼ੰਸਕ, ਕਦਰਦਾਨ ਤੇ ਪਾਰਖੂ ਬਣਨਾ ਚਾਹੀਦਾ ਹੈ। ਜਿਹੜਾ ਮਨੁੱਖ ਪ੍ਰਸ਼ੰਸਾ ਦਾ ਅਧਿਕਾਰੀ ਹੈ, ਉਸ ਦੀ ਜ਼ਰੂਰ ਪ੍ਰਸ਼ੰਸਾ ਕਰੋ ਪਰ ਕਈ ਵਾਰੀ ਈਰਖਾ ਦੇ ਅਧੀਨ ਹੋ ਕੇ, ਅਸੀਂ ਉਸ ਦੀ ਪ੍ਰਸ਼ੰਸਾ ਤਾਂ ਕੀ ਕਰਨੀ ਹੈ, ਸਗੋਂ ਨਿੰਦਿਆ ਕਰਨ ਆਰੰਭ ਕਰ ਦਿੰਦੇ ਹਾਂ। ਦੂਜਿਆਂ ਬਾਰੇ ਜਾਨਣ ਦੀ ਲੋੜ ਹੁੰਦੀ ਹੈ। ਕਈ ਵਾਰੀ ਮਨੁੱਖ ਪੂਜਣ ਯੋਗ ਹੁੰਦਾ ਹੈ ਪਰ ਅਸੀਂ ਉਸ ਨੂੰ ਸਨਮਾਨਿਤ ਵੀ ਨਹੀਂ ਕਰਦੇ। ਕੁਝ ਮਨੁੱਖ ਸਨਮਾਨਿਤ ਕਰਨ ਯੋਗ ਹੁੰਦੇ ਹਨ ਪਰ ਅਸੀਂ ਉਨ੍ਹਾਂ ਦਾ ਬਣਦਾ ਸਤਿਕਾਰ ਵੀ ਨਹੀਂ ਦਿੰਦੇ। ਅਜਿਹੀਆਂ ਗੱਲਾਂ ਮਨੁੱਖੀ ਸੁਭਾਅ ਦਾ ਦੋਸ਼ ਹੈ, ਭਾਵ ਮਨੁੱਖ ਅਜਿਹੀਆਂ ਗੱਲਾਂ ਈਰਖਾ, ਅਹੰਕਾਰ ਤੇ ਖ਼ੁਦਗਰਜ਼ੀ ਅਧੀਨ ਹੋ ਕੇ ਕਰਦਾ ਹੈ, ਜਿਹੜਾ ਕਿ ਗੈਰ ਮਨੁੱਖੀ ਤੇ ਅਨੈਤਿਕਤਾ ਨੂੰ ਪ੍ਰਗਟ ਕਰਦਾ ਹੈ।

ਸਾਨੂੰ ਆਮ ਲੋਕਾਂ ਨੂੰ ਅਜਿਹਾ ਵਤੀਰਾ ਤਾਂ ਕਰਨਾ ਹੀ ਹੁੰਦਾ ਹੈ ਪਰ ਸਾਡੇ ਵਿਸ਼ੇਸ਼ ਵਿਅਕਤੀ ਵੀ ਜਿਵੇਂ ਧਾਰਮਿਕ ਆਗੂ ਤੇ ਰਾਜਨੀਤਿਕ ਵੀ ਇਸ ਬੀਮਾਰੀ ਤੋਂ ਨਹੀਂ ਬਚੇ, ਭਾਵ ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ। ਉਹ ਪ੍ਰਚਾਰ ਤਾਂ ਲੋਕਾਂ ਆਪਣੇ ਸਿਧਾਂਤਾਂ, ਅਸੂਲਾਂ ਤੇ ਨੈਤਿਕਤਾ ਦਾ ਕਰਦੇ ਹਨ ਪਰ ਵਿਚੋਂ ਉਹ ਕੁਝ ਹੋਰ ਹੀ ਹੁੰਦੇ ਹਨ, ਜਿਵੇਂ ਲੱਗਦਾ ਹੈ ਕਿ ਉਹ ਇਨ੍ਹਾਂ ਸ਼ਬਦਾਂ ਬਾਰੇ ਤਾਂ ਜਾਣਦੇ ਹਨ ਪਰ ਇਨ੍ਹਾਂ ਸ਼ਬਦਾਂ ਦੇ ਅਰਥ ਇਨ੍ਹਾਂ ਨੂੰ ਡੂੰਘਾਈ ਨਾਲ ਨਹੀਂ ਆਉਂਦੇ। ਇਕ ਰਾਜਨੀਤਿਕ ਇਕ ਆਦਮੀ ਦਾ ਕਤਲ ਕਰਕੇ ਇਹ ਕਹਿ ਰਿਹਾ ਕਿ ਮੈਨੂੰ ਮੇਰੇ ਸਿਧਾਂਤ ਅਤੇ ਨੈਤਿਕਤਾ ਪਿਆਰੀ ਹੈ, ਤਾਂ ਦੱਸੋ ਇਹ ਕਿੱਥੇ ਦੀ ਨੈਤਿਕਤਾ ਹੈ?

# ਹਿਜ਼ਰਤਨਾਮਾ 70: ਸਲਵੰਤ ਕੌਰ ਦਾਨੇਵਾਲ

## '47 ਚੱਕ ਮਿੰਟਗੁਮਰੀ ਕਤਲੇਆਮ ਦੀ ਦਰਦ ਭਰੀ ਦਾਸਤਾਨ। ਜ਼ਕਰੀਏ ਦੇ ਵਾਰਸਾਂ ਜ਼ੁਲਮ ਦੀ ਇੰਤ੍ਹਾ ਕਰਤੀ। ਜ਼ੈਲਦਾਰ ਵਧਾਵਾ ਸਿੰਘ ਦਾ ਸਿਰ ਨੇਜ਼ੇ 'ਤੇ ਟੰਗ ਕੇ ਪਿੰਡ ਵਿਚ ਜੇਤੂ ਜਲੂਸ ਕੱਢਿਆ ਗਿਆ।'






ਆਪਣੇ ਪੁੱਤਰ/ਨੂੰਹ ਨਾਲ ਮਾਈ ਸਲਵੰਤ ਕੌਰ, ਲੇਖਕ ਨਾਲ ਮੁਲਾਕਾਤ ਸਮੇਂ। (ਸੱਜੇ) ਕਰਤਾਰ ਸਿੰਘ ਲੰਬੜਦਾਰ ਆਪਣੇ ਭਤੀਜੇ ਸੁਖਵਿੰਦਰ ਸਿੰਘ ਨਾਲ, ਲੇਖ਼ਕ ਨਾਲ ਮੁਲਾਕਾਤ ਸਮੇਂ।

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਜ਼ੈਲਦਾਰ ਵਧਾਵਾ ਸਿੰਘ, ਜ਼ੈਲਦਾਰ ਜਵਾਲਾ ਸਿੰਘ ਅਤੇ ਸਰਦਾਰ ਕਿਸ਼ਨ ਸਿੰਘ ਸ. ਅਤਰ ਸਿੰਘ ਸਫ਼ੈਦ ਪੋਸ਼ ਦੇ ਬੇਟੇ ਪਿੰਡ ਟੁਰਨਾ-ਲੋਹੀਆਂ ਤੋਂ ਤਕੜੇ ਜਗੀਰਦਾਰ ਸਨ। ਜੈਤੋ ਦੇ ਮੋਰਚੇ ਸਮੇਂ 1923 ਵਿਚ ਜ਼ੈਲਦਾਰ ਵਧਾਵਾ ਸਿੰਘ ਅਤੇ ਕਿਸ਼ਨ ਸਿੰਘ ਹੋਰੀਂ ਮੁਰੱਬੇ ਅਲਾਟ ਹੋਣ 'ਤੇ ਗੰਜੀਬਾਰ ਦੇ ਚੱਕ 47/5ਐੱਲ-ਮਿੰਟਗੁਮਰੀ ਗਏ। ਮੈਂ ਸਲਵੰਤ ਕੌਰ, ਸ. ਕਿਸ਼ਨ ਸਿੰਘ/ਜੀਵਨ ਕੌਰ ਦੀ ਧੀ ਹਾਂ। ਮੇਰੇ ਕ੍ਰਮਵਾਰ ਚਾਰ ਭਰਾ ਜਸਵੰਤ ਸਿੰਘ, ਪ੍ਰਤਾਪ ਸਿੰਘ, ਭਜਨ ਸਿੰਘ, ਜਗਜੀਤ ਸਿੰਘ ਅਤੇ ਭੈਣ ਕਰਤਾਰ ਕੌਰ ਹੋਏ। ਰੌਲਿਆਂ ਵੇਲੇ ਮੇਰੀ ਉਮਰ 8-9 ਸਾਲ ਸੀ। ਤਾਇਆ ਵਧਾਵਾ ਸਿੰਘ ਜ਼ੈਲਦਾਰ ਜੋ ਜੱਬੋਵਾਲ-ਲੋਹੀਆਂ ਦੀ ਮਾਈ ਰਾਜ ਕੌਰ ਨੂੰ ਵਿਆਹੇ ਸਨ। ਉਨ੍ਹਾਂ ਘਰ ਕੋਈ ਔਲਾਦ ਨਹੀਂ ਸੀ। ਤਾਇਆ ਜੀ ਨੇ ਆਪਣੀਆਂ ਦੋ ਭੈਣਾਂ ਜਵਾਲੀ, ਕਾਂਜਲੀ-ਕਪੂਰਥਲਾ ਤੋਂ ਅਤੇ ਗੇਬੋ ਜੋ ਖੰਡ ਡੀਪੂ ਵਾਲੇ ਸੋਹਣ ਸਿੰਘ ਦੀ ਵੱਡੀ ਭਰਜਾਈ ਸੀ, ਹੋਰਾਂ ਨੂੰ ਸਮੇਤ ਪਰਿਵਾਰ ਸੱਦ ਭੇਜਿਆ। 1-1 ਮੁਰੱਬਾ ਵੀ ਅਲਾਟ ਕਰਾਤਾ। ਤਾਏ ਅਤੇ ਮੇਰੇ ਬਾਪ ਦੇ ਨਾਮ ਤਿੰਨ ਘੋੜੀਪਾਲ਼ ਮੁਰੱਬੇ ਅਤੇ ਇਕ ਮੁਰੱਬਾ ਪੱਕਾ ਅਲਾਟ ਸੀ। ਭਾਵ ਤਿੰਨ ਸਰਕਾਰੀ ਘੋੜੀਆਂ ਦੀ ਖ਼ੂਬ ਸੇਵਾ ਹੁੰਦੀ। ਉਨ੍ਹਾਂ ਲਈ ਤਬੇਲੇ, ਚਾਰੇ ਅਤੇ ਨੌਕਰਾਂ ਦਾ ਪ੍ਰਬੰਧ ਵੱਖਰਾ ਹੁੰਦਾ, ਕਿਉਂ ਜੋ ਹਰ 8-10ਵੇਂ ਦਿਨ ਸਰਕਾਰੀ ਅਫ਼ਸਰ ਘੋੜੀਆਂ ਚੈੱਕ ਕਰਨ ਆਉਂਦੇ। ਲਿੱਸੀ ਘੋੜੀ ਲਈ ਮੁਰੱਬੇਦਾਰਾਂ ਨੂੰ ਫਿਟਕਾਰ ਪੈਂਦੀ। ਘੋੜੀ ਕੰਡਮ ਕਰਾਰ ਦੇ ਕੇ ਮੁਰੱਬੇਦਾਰ ਦਾ ਮੁਰੱਬਾ ਜ਼ਬਤ ਕਰ ਲਿਆ ਜਾਂਦਾ। ਸਰਕਾਰੀ ਘੋੜੀਆਂ ਨੂੰ ਨਿੱਜੀ ਵਰਤੋਂ ਤੋਂ ਸਖ਼ਤ ਮਨਾਹੀ ਹੁੰਦੀ। ਇਸ ਕਰਕੇ ਘੋੜੀ ਪਾਲ ਮੁਰੱਬੇਦਾਰਾਂ ਕੋਲ਼ ਸਵਾਰੀ ਲਈ ਆਪਣੀਆਂ ਵੱਖਰੀਆਂ ਘੋੜੀਆਂ ਹੁੰਦੀਆਂ।

ਸਿੰਚਾਈ ਨਹਿਰੀ ਸੀ। ਸਾਡੇ ਚਾਰ ਮੁਰੱਬਿਆਂ 'ਚੋਂ ਕੇਵਲ ਦੂਰ ਪੈਂਦੇ ਇਕ ਮੁਰੱਬੇ ਵਿਚ ਹੀ ਹਲਟ ਵਗਦਾ। ਫ਼ਸਲਾਂ ਵਿਚ ਨਰਮਾ, ਕਣਕ ਬਹੁਤੀ ਪਰ ਮੱਕੀ, ਪੱਠੇ, ਦਾਲਾਂ ਗੁਜਾਰੇ ਜੋਗੀ ਬੀਜਦੇ। ਕਣਕ ਸਾਹੀਵਾਲ ਅਤੇ ਨਰਮਾ ਅਕਸਰ ਗੱਡਿਆਂ 'ਤੇ ਲੱਦ ਕੇ ਉਕਾੜਾ ਮੰਡੀ ਵੇਚਦੇ। ਕਈ ਦਫ਼ਾ ਆੜਤੀਏ ਘਰੋਂ ਹੀ ਖ਼ਰੀਦ ਲੈ ਜਾਂਦੇ। 'ਟੇਸ਼ਣ ਸਾਨੂੰ ਕੋਈ 3-4 ਕੋਹ 'ਤੇ ਗਾਂਬਰ ਲੱਗਦਾ, ਜੋ ਲਾਹੌਰ-ਮੁਲਤਾਨ ਲਾਈਨ 'ਤੇ ਸੀ।

ਪ੍ਰਾਇਮਰੀ ਸਕੂਲ ਪਿੰਡੋਂ ਜ਼ਰਾ ਹਟਵਾਂ 48 ਚੱਕ ਦੇ ਰਾਹ 'ਤੇ ਪੈਂਦਾ। ਮੇਰਾ ਭਾਈ ਜਸਵੰਤ ਉਥੇ ਪੜ੍ਹਦਾ। ਰਾਹ ਕੁੱਝ ਓਬੜ ਖਾਬੜ ਅਤੇ ਕਈ ਖਾਲੇ ਟੱਪ ਕੇ ਜਾਣਾ ਪੈਂਦਾ। ਸੋ ਬਾਪ ਨੇ ਕਿਸੇ ਕੁੜੀ ਨੂੰ ਉਥੇ ਪੜ੍ਹਨੇ ਨਾ ਪਾਇਆ। ਸਾਡੇ ਪਿੰਡੋਂ ਦੋ ਮਾਹਟਰ 'ਰੋੜਾ ਬਰਾਦਰੀ 'ਚੋਂ ਸਾਈਂ ਦਿੱਤਾ ਅਤੇ ਖੱਤਰੀਆਂ 'ਚੋਂ ਦਰਸ਼ਣ ਸਿੰਘ ਹੁੰਦੇ।

ਮੁਸਲਿਮ ਦੌਲਤੀ ਧੋਬੀਪੁਣੇ ਦੇ ਨਾਲ ਦਰਜ਼ੀ ਦਾ ਵੀ ਕੰਮ ਕਰਦਾ। ਉਦੇ ਘਰੋਂ ਸਰਦਾਰਾਂ ਬੀਬੀ ਸਾਡੇ ਘਰ ਕੰਮ 'ਚ ਹੱਥ ਵਟਾਉਂਦੀ। ਭਰਾਈ ਮੁਸਲਿਮ, ਰਾਜੂ ਪਿੰਡ ਵਿਚ ਚੌਂਕੀਦਾਰਾ ਕਰਦਾ। ਉਹਦੇ ਪਰਿਵਾਰ 'ਚੋਂ ਹੀ ਇਕ ਰਾਜ ਮਿਸਤਰੀ ਵੀ ਸੀ। ਸਾਡੇ ਵਡੇਰੇ ਕਿਉਂ ਜੋ ਪਿੰਡ ਦੇ ਚੌਧਰੀ ਸਨ, ਇਸ ਕਰਕੇ ਪਿੰਡ ਆਉਂਦੇ ਸਰਕਾਰੀ ਅਮਲੇ ਦਾ ਲੰਗਰ ਪਾਣੀ ਸਾਡੇ ਘਰ ਹੀ ਹੁੰਦਾ। ਉਹ ਵੀ ਉਹੀ ਚੌਂਕੀਦਾਰ ਬਣਾਉਂਦਾ। ਜੇ ਕੋਈ ਮੁਸਲਮਾਨ ਅਫ਼ਸਰ ਹੁੰਦਾ, ਤਾਂ ਚੌਂਕੀਦਾਰ ਨੂੰ ਸੁੱਕਾ ਰਾਸ਼ਨ ਦੇ ਦਿੰਦੇ, ਜੋ ਉਹ ਆਪਣੇ ਘਰੋਂ ਤਿਆਰ ਕਰ ਲਿਆਉਂਦਾ। ਬਾਵੂ ਅਤੇ ਬੂਟਾ ਸਾਡੇ ਕਾਮੇ ਸਨ। ਵਗਾਰੀ ਜਾਗਰ ਸਰਕਾਰੀ ਘੋੜੀਆਂ ਦੀ ਉਚੇਚੀ ਦੇਖਭਾਲ਼ ਕਰਦਾ।

ਪਹਿਲਾਂ ਪਹਿਲ ਤਾਂ ਬਜ਼ੁਰਗਾਂ ਨਹਿਰਾਂ ਦਾ ਪਾਣੀ ਹੀ ਪੀਤਾ। ਫਿਰ ਚੁਰੱਸਤੇ 'ਚ ਖ਼ੂਹ ਲਵਾਇਆ। ਇਕ ਖੂਹੀ ਬਾਲਮੀਕ ਵਿਹੜੇ ਵੀ ਸੀ ਪਰ ਰੌਲਿਆਂ ਤੱਕ ਉਹ ਹਾਲੇ ਚਾਲੂ ਨਹੀਂ ਸੀ ਹੋਈ।

ਝੀਰਾਂ ਵਿਚ ਕਿਸ਼ਨਾ ਪੁੱਤਰ ਜਵਾਲਾ ਸਿੰਘ ਅਤੇ ਉਸ ਦਾ ਭਤੀਜਾ ਸਾਧੂ ਹੁੰਦੇ। ਕਿਸ਼ਨੇ ਦੀਆਂ ਭੈਣਾਂ ਸੰਤੀ ਅਤੇ ਅਨੰਤੀ ਘੜਿਆਂ ਨਾਲ ਲੋਕਾਂ ਦੇ ਘਰਾਂ ਵਿਚ ਪਾਣੀ ਢੋਂਦੀਆਂ। ਖੂਹ ਪਿੰਡ ਵਿੱਚਕਾਰ ਚੁਰੱਸਤੇ ਵਿਚ ਹੁੰਦਾ। ਬੋਹੜਾਂ ਦੀ ਭਰਵੀਂ ਛਾਂ, ਜਿਥੇ ਅਕਸਰ ਪੰਚੈਤ ਜੁੜਦੀ। ਪੰਚੈਤ ਵਿਚ ਅਕਸਰ ਤਾਇਆ ਜ਼ੈਲਦਾਰ ਵਧਾਵਾ ਸਿੰਘ, ਬਾਪ ਕਿਸ਼ਨ ਸਿੰਘ, ਲੰਬੜਦਾਰ ਹਜ਼ਾਰਾ ਸਿੰਘ, ਖੰਗਰਾਂ ਦਾ ਝੰਡਾ ਸਿੰਘ ਅਤੇ ਖੰਡ ਡੀਪੂ ਵਾਲਾ ਸੋਹਣ ਸਿੰਘ ਵਗੈਰਾ ਹੁੰਦੇ।

ਹੱਲਿਆਂ ਦਾ ਕੋਈ ਚਿੱਤ ਚੇਤਾ ਨਹੀਂ ਸੀ। ਹਾਲਾਤ ਇਸ ਕਦਰ ਵਿਗੜ ਜਾਣਗੇ, ਕਦੇ ਵੀ ਵਡੇਰਿਆਂ ਨੇ ਸੋਚਿਆ ਨਹੀਂ ਸੀ। ਕਿਉਂ ਜੋ ਹਿੰਦੂ-ਸਿੱਖਾਂ ਦਾ ਮੁਸਲਮਾਨਾਂ ਨਾਲ ਬਹੁਤ ਪਿਆਰ ਮੁਹੱਬਤ ਸੀ।

ਗੁਆਂਢੀ ਪਿੰਡ 48 ਚੱਕ 'ਚ ਬਹੁ ਵਸੋਂ ਸੈਣੀ ਸਿੱਖਾਂ ਦੀ ਸੀ। ਉਨ੍ਹਾਂ ਸਮਾਨ ਦੇ ਗੱਡੇ ਭਰ-ਭਰ ਪਿੰਡ ਖਾਲੀ ਕਰਨਾ ਸ਼ੁਰੂ ਕਰਤਾ। ਉਨ੍ਹਾਂ ਵੱਲ ਦੇਖ ਕੇ 47 ਵਾਲਿਆਂ ਦੇ ਵੀ ਜੂੰ ਸਰਕੀ। ਪੰਚੈਤ ਬੈਠੀ, ਰਾਤ ਚੌਂਕਾਂ ਵਿਚ ਪ੍ਹੈਰਾ ਲੱਗਦਾ। ਨਜ਼ਦੀਕੀ ਪਿੰਡ ਮਲਗੱਧਾ ਮੂਲ ਨਿਵਾਸੀ ਮੁਸਲਿਮ ਜਾਂਗਲੀਆਂ ਦਾ ਪਿੰਡ ਸੁਣੀਂਦਾ। ਜਿਥੇ ਚੋਰ ਉਚੱਕੇ ਅਤੇ ਲੁੱਟ-ਖੋਹ ਦੀ ਬਿਰਤੀ ਕਰਨ ਵਾਲਿਆਂ ਦਾ ਵਾਸ ਸੀ।

ਇਕ ਦਿਨ ਭਾਦੋਂ ਦੇ ਵੱਡੇ ਤੜਕੇ ਹਾਲੇ ਸੁੱਤੇ ਪਏ ਸਾਂ। ਪਿੰਡ ਦੇ ਦੂਜੇ ਪਾਸਿਓਂ ਢੋਲ ਨਗਾਰਿਆਂ ਦੀ ਆਵਾਜ਼ ਆਵੇ। ਇਕਦਮ ਹਲਾ-ਹਲਾ ਹੋਣ ਲੱਗੀ। ਕੋਠੇ ਤਦੋਂ ਨਾਲ ਜੁੜਵੇਂ ਈ ਹੁੰਦੇ। ਕੋਠਿਆਂ ਦੇ ਬਨੇਰਿਓਂ ਬਨੇਰੀਂ ਇਕ ਦੂਜੇ ਵੱਲ ਭੱਜ ਉੱਠੇ। ਤਾਇਆ ਜ਼ੈਲਦਾਰ ਜਵਾਲਾ ਸਿੰਘ ਜੋ ਇਧਰ ਹੀ ਆਪਣੇ ਜੱਦੀ ਪਿੰਡ ਟੁਰਨਾ-ਲੋਹੀਆਂ ਪਰਿਵਾਰ ਸਮੇਤ ਵਾਸ ਕਰਦਾ ਸੀ, ਦਾ ਪੁੱਤਰ ਅਮਰ ਸਿੰਘ ਇਧਰ ਰਣਧੀਰ ਸਕੂਲ ਕਪੂਰਥਲਾ ਵਿਚ ਦਸਵੀਂ ਦੇ ਪੇਪਰ ਦੇਣ ਉਪਰੰਤ ਬਾਰ ਵਿਚ ਛੁੱਟੀਆਂ ਕੱਟਣ ਚਲੇ ਗਿਆ। ਬਾਜ਼ਾਰ ਵਿਚ ਗੋਲੀ ਚੱਲੀ। ਬਲੋਚ ਮਿਲਟਰੀ ਵੀ ਧਾੜਵੀਆਂ ਦੀ ਹਮੈਤ 'ਤੇ ਸੀ। ਮੇਰੇ ਪਿਤਾ ਦੀ ਇੱਕ ਬਾਂਹ ਪਹਿਲਾਂ ਹੀ ਟੁੱਟੀ ਹੋਈ ਸੀ। ਫਿਰ ਵੀ ਉਨ੍ਹਾਂ ਬਨੇਰਿਆਂ ਦੀ ਓਟ ਲੈ, ਮੁਕਾਬਲਾ ਸ਼ੁਰੂ ਕੀਤਾ। ਅਮਰ ਸਿੰਘ ਦੇ ਪੱਟ ਵਿਚ ਗੋਲੀ ਆਣ ਲੱਗੀ। ਖ਼ੂਨ ਜ਼ਿਆਦਾ ਬਹਿ ਜਾਣ ਕਾਰਨ ਉਹ ਚੜ੍ਹਾਈ ਕਰ ਗਿਆ। ਚੰਗੇ ਜੁੱਸਿਆਂ ਅਤੇ ਜਿਗਰੇ ਵਾਲੇ ਸਾਰੇ ਮਰਦ ਹੀ ਮੋਰਚਿਆਂ 'ਤੇ ਸਨ। ਬਾਕੀ ਬੱਚੇ, ਬੀਬੀਆਂ ਅਤੇ ਬਜ਼ੁਰਗ ਵਾਹੋਦਾਹੀ ਸੁਰੱਖਿਅਤ ਥਾਵਾਂ ਵੱਲ ਭੱਜੇ, ਜਿਨ੍ਹਾਂ 'ਚੋਂ ਬਹੁਤੇ ਲੋਕ ਖੰਗਰਾਂ ਦੀ ਹਵੇਲੀ, ਕੁੱਝ ਮਾਹਟਰ ਸਾਈਂ ਦਿੱਤਾ ਦੇ ਘਰ ਕੱਠੇ ਹੋਏ। ਜਦ ਸਾਡਾ ਪਰਿਵਾਰ ਸਾਈਂ ਦਿੱਤਾ, ਮਾਹਟਰ ਦੇ ਘਰ ਸਾਹਵੇਂਓ ਖੰਗਰਾਂ ਦੀ ਹਵੇਲੀ ਲਈ ਲੰਘਿਆ ਤਾਂ ਕੋਠੇ ਤੋਂ ਉਸ ਆਵਾਜ਼ ਦਿੱਤੀ, "ਮਾਈ ਸਾਰੇ ਇਧਰ ਆਜੋ।" ਪਰ ਅੱਗੋਂ ਮਾਈ ਰਾਜ ਕੌਰ ਨੇ ਕਿਹਾ, "ਨਹੀਂ ਭਾਈ ਅਸੀਂ ਤਾਂ ਖੰਗਰਾਂ ਦੀ ਹਵੇਲੀ ਚੱਲਦੇ ਹਾਂ। ਪਿੰਡ ਦੇ ਨਾਲ ਹੀ ਜੀਆਂ, ਮਰਾਂਗੇ।" ਮਾਹਟਰ ਦੇ ਘਰ ਪਨਾਹ ਲੈਣ ਵਾਲੇ ਤਾਂ ਸਾਰੇ ਬਚ ਰਹੇ ਕਿਉਂ ਜੋ ਸਾਈਂ ਦਿੱਤਾ ਨੇ ਆਪਣੇ ਸਕੂਲ ਦੇ ਮੁਸਲਿਮ ਮਾਹਟਰ ਨੂੰ ਬਚਾਓ ਵਾਸਤੇ ਸੁਨੇਹਾ ਭੇਜਣ ਤੇ ਉਹ ਰਫ਼ਲ ਲੈ ਕੇ ਆਪਣੇ ਭਰਾ ਨਾਲ ਆਇਆ ਅਤੇ ਸਾਰਿਆਂ ਨੂੰ ਬਚਾਅ ਕੇ ਆਪਣੇ ਪਿੰਡ 40 ਚੱਕ ਲੈ ਗਿਆ। ਪਰ ਅਫ਼ਸੋਸ ਕਿ ਮੁਸਲਿਮ ਮਾਹਟਰ ਦੇ ਪਹੁੰਚਣ ਤੋਂ ਪਹਿਲਾਂ ਹੀ ਧਾੜਵੀਆਂ ਵਲੋਂ ਚਲਾਈ ਗੋਲੀ ਨਾਲ, ਕੋਠੇ 'ਤੇ ਚੜ੍ਹ, ਸਫ਼ੈਦ ਝੰਡਾ ਝੁਲਾ ਰਿਹਾ ਸਾਈਂ ਦਿੱਤਾ, ਮਾਰਿਆ ਗਿਆ। ਸਾਈਂ ਦਿੱਤਾ ਦੇ ਬੇਟੇ ਮਿਲਖੀ, ਕਿਸ਼ਨ, ਦੇਸੂ, ਗਾਮਾ ਅਤੇ ਬੇਟੀਆਂ ਲਾਲੋ, ਵਿੱਦਿਆ ਅਤੇ ਉਸ ਦੇ ਘਰੋਂ ਸਾਰੇ ਬਚ ਰਹੇ।

ਉਧਰ ਮੋਰਚਾ ਟੁੱਟ ਜਾਣ 'ਤੇ, ਖਿੰਗਰਾਂ ਦੀ ਹਵੇਲੀ ਉਪਰ ਧਾੜਵੀਆਂ ਵਲੋਂ ਵੱਢ-ਵਢਾਂਗਾ 'ਚ ਬਲੋਚ ਮਿਲਟਰੀ ਨੇ ਵੀ ਧਾੜਵੀਆਂ ਦਾ ਸਾਥ ਦਿੱਤਾ। ਮੇਰੀਆਂ ਅੱਖਾਂ ਸਾਹਵੇਂ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਸਿੰਘ ਬਰਛੇ ਮਾਰ-ਮਾਰ, ਮਾਰਤਾ। ਸੈਂਕੜਿਆਂ ਦੇ ਹਿਸਾਬ ਕਤਲ ਹੋਏ। ਗਹਿਣਾ-ਗੱਟਾ ਲੁੱਟ ਲਿਆ। ਕਈ ਮੁਟਿਆਰਾਂ ਤਾਈਂ ਧੂਹ ਕੇ ਲੈ ਗਏ। ਤਦੋਂ ਹੀ ਮੈਂ ਤਾਂ ਬੇਹੋਸ਼ ਹੋ ਗਈ। ਕਈ ਔਰਤਾਂ ਅਤੇ ਮੁਟਿਆਰਾਂ ਆਪਣੀ ਇੱਜ਼ਤ ਬਚਾਉਣ ਲਈ ਚੁਰੱਸਤੇ ਵਿਚਲੇ ਖ਼ੂਹ ਵਿਚ ਛਾਲਾਂ ਮਾਰ ਗਈਆਂ। ਕਈ ਬਚ ਗਏ ਬੱਚਿਆਂ ਅਤੇ ਔਰਤਾਂ ਨੂੰ ਵੀ ਧਾੜਵੀ ਆਪਣੇ ਨਾਲ ਲੈ ਗਏ। ਮੈਨੂੰ ਵੀ ਇਕ ਮੁਸਲਿਮ ਆਪਣੇ ਗੁਆਂਢੀ ਪਿੰਡ, ਨਾਲ ਲੈ ਗਿਆ। ਕੋਈ ਹਫ਼ਤਾ ਕੁ ਮੈਂ ਉਨ੍ਹਾਂ ਘਰ ਰਹੀ। ਉਸ ਦੇ ਘਰੋਂ ਭਲੀ ਤੀਵੀਂ ਸੀ। ਮੈਨੂੰ ਨੁਹਾਇਆ ਧੁਆਇਆ, ਪਹਿਨਣ ਲਈ ਕੱਪੜੇ ਦਿੱਤੇ। ਇਵੇਂ ਇਕ ਦਿਨ ਖੰਡ ਡੀਪੂ ਵਾਲਾ ਸੋਹਣ ਸਿੰਘ ਡੋਗਰਾ ਮਿਲਟਰੀ ਦਾ ਟਰੱਕ ਲੈ ਕੇ ਉਸ ਪਿੰਡ ਬੱਚਿਆਂ ਅਤੇ ਔਰਤਾਂ ਦੀ ਭਾਲ਼ ਵਿਚ ਆਇਆ। ਮਿਲਟਰੀ ਨੇ ਪਿੰਡ ਦੇ ਚੌਧਰੀਆਂ ਨੂੰ ਬੁਲਾ ਕੇ ਸਖ਼ਤ ਤਾੜਨਾ ਕਰਦਿਆਂ ਬੱਚਿਆਂ, ਔਰਤਾਂ ਨੂੰ ਵਾਪਸ ਕਰਨ ਲਈ ਦਬਾਅ ਬਣਾਇਆ। ਮੈਨੂੰ ਵੀ ਘਰ ਵਾਲਾ ਮੁਸਲਿਮ ਬਾਹਰ ਪਿੰਡ ਦੇ ਚੁਰੱਸਤੇ 'ਚ ਜਿੱਥੇ ਪਹਿਲਾਂ ਹੀ 18-20 ਸਿੱਖ ਬੱਚੇ ਅਤੇ ਬੀਬੀਆਂ ਕੱਠੀਆਂ ਕੀਤੀਆਂ ਹੋਈਆਂ ਸਨ, ਛੱਡ ਗਿਆ। ਉਸੇ ਮਿਲਟਰੀ ਟਰੱਕ ਵਿਚ ਸਾਨੂੰ ਸਭਨਾਂ, ਉਕਾੜਾ ਕੈਂਪ ਵਿਚ ਲੈ ਜਾਇਆ ਗਿਆ। ਉਥੇ ਸਾਡੇ 47/5ਐੱਲ ਚੱਕੋਂ ਹੋਰ ਵੀ ਕਈ ਬਚੇ ਖੁਚੇ ਕਾਂਜਲੀ ਵਾਲੀ ਭੂਆ, ਉਸ ਦੇ ਤਿੰਨੋਂ ਬੇਟੇ, ਦੋ ਸਾਡਾ ਨਰਮਾ ਚੁਗਣ ਵਾਲੀਆਂ ਬੀਬੀਆਂ ਵਗੈਰਾ ਮਿਲ ਗਏ। ਸਾਰੇ ਹੀ ਧਾਹਾਂ ਮਾਰ-ਮਾਰ ਰੋਏ ਕਿ ਕੀ ਤੋਂ ਕੀ ਭਾਣਾ, ਪਲਾਂ ਛਿਣਾਂ ਵਿਚ ਹੀ ਵਾਪਰ ਗਿਆ। ਉਥੇ ਵੀ ਕੋਈ 5-6 ਕੁ ਦਿਨ ਰਹੇ। ਸਭ ਹਿੰਦੂ-ਸਿੱਖ ਦੁਕਾਨਦਾਰਾਂ ਰਫਿਊਜੀਆਂ ਦੀ ਮਦਦ ਵਜੋਂ ਆਪਣੀਆਂ ਦੁਕਾਨਾਂ ਦੇ ਬਾਰ ਖੋਲ੍ਹ ਦਿੱਤੇ। ਉਥੋਂ ਰੇਲਗੱਡੀ ਚੜ੍ਹ ਫਿਰੋਜ਼ਪੁਰ ਤੇ ਫਿਰੋਜ਼ਪੁਰੋਂ ਲੋਹੀਆਂ ਆਣ ਉਤਾਰਾ ਕੀਤਾ। ਲੋਹੀਆਂ 'ਟੇਸ਼ਣ ਤੇ ਗੁਆਂਢੀ ਪਿੰਡਾਂ ਵਲੋਂ ਲੰਗਰ ਲਗਾਇਆ ਹੋਇਆ ਸੀ। ਕੋਈ 16-17ਵੇਂ ਦਿਨ ਰੱਜਵੀਂ ਰੋਟੀ ਨਸੀਬ ਹੋਈ। ਉਹ ਲੰਗਰ ਸੇਵਾ ਲੋਹੀਆਂ ਦੇ ਗੁਆਂਢੀ ਪਿੰਡ ਜੱਬੋਵਾਲ ਦੀ ਸੰਗਤ ਵਲੋਂ ਸੀ। ਉਸ ਸੇਵਾ ਵਿਚ ਜ਼ੈਲਦਾਰ ਵਧਾਵਾ ਸਿੰਘ ਦੇ ਘਰੋਂ ਮਾਈ ਰਾਜ ਕੌਰ ਦੇ ਭਤੀਜੇ ਵੀ ਸ਼ਾਮਲ ਸਨ। ਉਹ ਸਾਨੂੰ ਆਪਣੇ ਪਿੰਡ ਲੈ ਗਏ। ਮਰ ਗਿਆਂ ਨੂੰ ਯਾਦ ਕਰਕੇ ਖ਼ੂਬ ਰੋਏ। 3-4 ਦਿਨ ਉਥੇ ਥਕੇਵਾਂ ਲਾਹਿਆ। ਰੱਜ ਕੇ ਖਾਧਾ-ਪੀਤਾ। ਉਪਰੰਤ ਸਾਨੂੰ ਸਾਰਿਆਂ ਨੂੰ ਉਹ ਪਿੰਡ ਟੁਰਨਾ ਛੱਡ ਗਏ।

ਮੇਰੀ ਸ਼ਾਦੀ ਜੱਕੋਪੁਰੀਆ ਸ.ਪਿਆਰਾ ਸਿੰਘ ਨਾਲ ਹੋਈ। ਇਸ ਵਕਤ ਮੈਂ ਦਾਨੇਵਾਲ- ਸ਼ਾਹਕੋਟ ਵਿਚ ਆਪਣੇ ਪੁੱਤਰ ਕੁਲਦੀਪ ਸਿੰਘ/ਸ਼ਰਨਜੀਤ ਕੌਰ ਨਾਲ ਜਿੰਦਗੀ ਦੀ ਸ਼ਾਮ ਹੰਢਾਅ ਰਹੀ ਆਂ। '47 ਭਲੇ ਬਹੁਤ ਖ਼ੌਫ਼ਨਾਕ ਸੀ, ਅੱਜ ਵੀ ਯਾਦ ਆਉਣ 'ਤੇ ਰੂਹ ਕੰਬ ਉੱਠਦੀ ਹੈ ਪਰ ਸੁਪਨੇ ਵਿਚ ਮੈਂ ਅੱਜ ਵੀ ਆਪਣੀ ਜੰਮਣ ਭੋਇੰ, ਹਵੇਲੀ, ਖੇਤ ਖਲਿਆਨ ਵੇਖ ਆਉਂਦੀ ਹਾਂ।"

---

ਮਾਈ ਸਲਵੰਤ ਕੌਰ ਦੇ ਤਾਇਆ ਜੀ ਦੇ ਪੁੱਤਰ ਸ. ਕਰਤਾਰ ਸਿੰਘ ਲੰਬੜਦਾਰ ਪੁੱਤਰ ਸ. ਜਵਾਲਾ ਸਿੰਘ ਪਿੰਡ ਟੁਰਨਾ ਤੋਂ ਬੋਲੇ, "ਧਾੜਵੀਆਂ/ਬਲੋਚ ਮਿਲਟਰੀ ਵਲੋਂ ਮਾਰੇ ਜਾਣ ਵਾਲਿਆਂ ਵਿਚ ਜਥੇਦਾਰ ਸ਼ਿੰਗਾਰਾ ਸਿੰਘ ਲੋਹੀਆਂ ਦਾ ਪਰਿਵਾਰ, ਖੰਡ ਡੀਪੂ ਵਾਲੇ ਸੋਹਣ ਸਿੰਘ ਦੇ ਬੇਟੇ ਦਰਸ਼ਣ, ਤਾਰੂ, ਬੇਟੀ ਜਗੀਰੋ, ਪਤਨੀ ਈਸ਼ਰ ਕੌਰ, ਭਰਾ ਚਾਨਣ ਅਤੇ ਭਗਵਾਨ ਸਿੰਘ ਦੇ ਪਰਿਵਾਰ। ਲੰਬੜਦਾਰ ਹਜ਼ਾਰਾ ਸਿੰਘ ਦਾ ਛੋਟਾ ਬੇਟਾ। ਕਬੱਡੀ ਖਿਡਾਰੀ ਸੂਬਾ ਸਿੰਘ ਸਮੇਤ ਪਰਿਵਾਰ ਅਤੇ ਸਾਡੇ ਪਰਿਵਾਰ 'ਚੋਂ, ਤਾਇਆ ਜ਼ੈਲਦਾਰ ਵਧਾਵਾ ਸਿੰਘ, ਉਦੇ ਘਰੋਂ ਰਾਜ ਕੌਰ। ਚਾਚਾ ਕਿਸ਼ਨ ਸਿੰਘ, ਉਦੇ ਘਰੋਂ ਜੀਵਨ ਕੌਰ, ਉਨ੍ਹਾਂ ਦੇ ਬੇਟੇ ਜਸਵੰਤ ਸਿੰਘ, ਭਜਨ ਸਿੰਘ, ਜਗਜੀਤ ਸਿੰਘ, ਬੇਟੀ ਕਰਤਾਰ ਕੌਰ, ਮੇਰਾ ਵੱਡਾ ਭਾਈ ਅਮਰ ਸਿੰਘ। ਗੇਬੋ ਭੂਆ ਦਾ ਪਰਿਵਾਰ, ਸਾਡਾ ਨਾਨਕਾ ਪਰਿਵਾਰ ਆਦਿ ਕੁੱਲ ਮਿਲਾ ਕੇ ਸਾਡੇ 31 ਮੈਂਬਰ ਮਾਰੇ ਗਏ। ਜਦਕਿ ਫੁੰਮਣ ਸਿੰਘ ਪੁੱਤਰ ਚਾਨਣ ਸਿੰਘ ਹੁਣ ਪਿੰਡ ਭੱਟੀਆਂ-ਫਿਲੌਰ ਦੇ 28-29 ਪਰਿਵਾਰਕ

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਜਦੋਂ ਬੇਮੌਸਮੀ ਬਰਸਾਤ ਜਾਂ ਗੜੇਮਾਰੀ ਹੁੰਦੀ ਹੈ, ਤਾਂ ਉਹ ਸਿਰਫ ਕਿਸਾਨਾਂ ਦੀ ਫਸਲ ਹੀ ਨਹੀਂ, ਕਿਸਾਨਾਂ ਦੇ ਸੁਪਨਿਆਂ ਨੂੰ ਵੀ ਤਬਾਹ ਕਰਦੀ ਹੈ।
- ਕਿਸੇ ਖੇਤ ਖਲਿਆਣ ਜਾ ਬਾਗ-ਬਗੀਚੇ ਵਿਚ ਸੱਪ ਅਤੇ ਨਿਉਲੇ ਇਕੱਠੇ ਨਹੀਂ ਰਹਿੰਦੇ ਪਰ ਰਾਜਨੀਤੀ ਵਿਚ ਇੱਕ ਦੂਜੇ ਨਾਲ ਖੁੱਡਾਂ ਬਦਲਣ ਤੋਂ ਵੀ ਗ਼ੁਰੇਜ਼ ਨਹੀਂ ਕਰਦੇ।
- ਪੁਰਾਣੇ ਸਮਿਆਂ ਵਿਚ ਕਿਸੇ ਦੇ ਹੱਥ ਵਿਚ ਹੈਰੀਕੇਨ ਲੈਂਪ ਵੀ ਹੋਵੇ, ਤਾਂ ਨਾਲ-ਨਾਲ ਹੋਰਾਂ ਨੂੰ ਵੀ ਰਾਹ ਦੱਸਦਾ ਸੀ। ਅੱਜ ਕਿਸੇ ਦੇ ਹੱਥ ਟਟਿਹਣਾ ਆ ਜਾਵੇ, ਤਾਂ ਉਸ ਵਿਚ ਏਨਾ ਹੰਕਾਰ ਆ ਜਾਂਦਾ ਹੈ, ਜਿਵੇਂ ਵਿਸ਼ਵ ਦੀ ਰੋਸ਼ਨੀ 'ਤੇ ਕਾਬਜ਼ ਹੋ ਗਿਆ ਹੋਵੇ।
- ਕੁਝ ਦੇਸ਼ਾਂ ਵਿਚ ਸਮੁੰਦਰ ਉੱਪਰ ਪੁਲ ਬਣਾ ਕੇ ਵੀ ਚੁੱਪ ਰਿਹਾ ਜਾਂਦਾ ਹੈ ਕਿ ਸਾਡਾ ਫਰਜ਼ ਸੀ ਅਤੇ ਕੁਝ ਦੇਸ਼ਾਂ ਵਿਚ ਟਾਇਲਟ ਬਣਾ ਕੇ ਵੀ ਮੰਤਰੀ ਉਦਘਾਟਨ ਕਰਦੇ ਹਨ, ਉੱਤੇ ਲਿਖਦੇ ਹਨ (ਸਾਡਾ ਪਖਾਨਾ ਸਾਡੀ ਸ਼ਾਨ)।
- ਸਿਆਣਿਆਂ ਦਾ ਕਥਨ ਹੈ ਕਿਰਦਾਰ ਦੀ ਚਾਦਰ ਦੁਬਾਰਾ ਨਹੀਂ ਮਿਲਦੀ, ਹਰ ਹਾਲ ਵਿਚ ਇਸ ਨੂੰ ਬੇਦਾਗ ਅਤੇ ਬਿਨਾਂ ਵੱਟਾਂ ਤੋਂ ਜਿੰਨੀ ਸਾਫ ਰਹਿ ਸਕਦੀ ਹੈ, ਰੱਖੋ।
- ਓਸ਼ੋ ਨੇ ਕਿਹਾ ਸੀ ਕਿਸੇ ਪਰ੍ਹੇ ਪੰਚਾਇਤ (ਟੇਬਲ ਟਾਕ) 'ਤੇ ਬੈਠੇ ਹੋਈਏ, ਤਾਂ ਜਿਹੜਾ ਗਰਮ ਹੋ ਕੇ ਗਲਤ ਬੋਲ ਗਿਆ, ਉਹ ਸੱਚਾ ਹੋਣ ਦੇ ਬਾਵਜੂਦ ਵੀ ਹਾਰੇਗਾ ।
- ਜਾਗਦੀ ਜ਼ਮੀਰ ਅਤੇ ਮੁਰਦਾ ਲਾਸ਼ ਵਿਚ ਬਹੁਤ ਫਰਕ ਹੁੰਦਾ ਹੈ। ਜਿਉਂਦੀ ਮੱਛੀ ਜਿਸ ਪਾਸਿਓਂ ਪਾਣੀ ਆ ਰਿਹਾ ਹੋਵੇ, ਉਧਰ ਵੀ ਚਲੀ ਜਾਂਦੀ ਹੈ ਪਰ ਮਰੀ ਮੱਛੀ ਪਾਣੀ ਵਿਚ ਰੁੜ੍ਹ ਜਾਂਦੀ ਹੈ। (ਜਸਵੰਤ ਸਿੰਘ ਕੰਵਲ ਨਾਵਲਕਾਰ) (Punjab Mail USA)

## ਸਲਾਹ

### ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਰਿਸ਼ਤੇਦਾਰਾਂ ਦੇ ਨਾਲ-ਨਾਲ ਸਾਰਾ ਮੁਹੱਲਾ ਅਤੇ ਗਲੀ-ਗਵਾਂਢ ਵਾਲੇ ਮਿੰਦੋ ਦੀ ਜ਼ੁਬਾਨ ਤੋਂ ਵਾਕਿਫ਼ ਸਨ। ਬੋਲਣ ਵੇਲੇ ਕਿਵੇਂ ਫੁੱਲ ਸ਼ਾਇਦ ਚੱਬ ਜਾਂਦੀ ਹੈ ਤੇ ਕੰਡੇ ਹੀ ਕੇਰਦੀ ਸੀ। ਅੱਜ ਜਦੋਂ ਪਤੀ ਦੇਵ 'ਤੇ ਮਿਹਰਬਾਨ ਹੋਈ, ਤਾਂ ਕਹਿੰਦੀ, ਸੁਣ ਉਹੇ ਵੱਡਿਆ ਚੌਧਰੀਆ ਮੈਂ ਡਾਢੀ ਤੰਗ ਆਂ, ਸਮਝ ਨਹੀਂ ਆਉਂਦੀ ਕਿਵੇਂ ਸਭ ਨੂੰ ਸਾਂਭਾਂ। ਤੈਨੂੰ ਸੰਭਾਲਾਂ, ਤੇਰੇ ਮਾਂ-ਪਿਉ ਨੂੰ ਕਿ ਤੇਰੇ ਬੱਚਿਆਂ ਨੂੰ? ਉਹ ਕਹਿੰਦਾ, ਭਲੀਏ ਲੋਕੇ ਮੇਰੀ ਇੱਕ 'ਸਲਾਹ' ਮੰਨ, ਸਭ ਨੂੰ ਸੰਭਾਲਣ ਦੀ ਥਾਂ ਆਪਣੀ ਜ਼ੁਬਾਨ ਸੰਭਾਲ ਲਵੇਂ, ਤਾਂ ਤੈਨੂੰ ਬਾਕੀਆਂ ਦੀ ਚਿੰਤਾ ਦੀ ਲੋੜ ਹੀ ਨਹੀਂ ਰਹਿਣੀ, ਇਸੇ 'ਸਲਾਹ' 'ਤੇ ਗੌਰ ਕਰ।

## 'ਜੋ ਦਿਖਾ, ਸੋ ਲਿਖਾ'

# ਮਸਲੇ ਲਮਕਾਉਣ ਕਾਰਨ ਵਿਗੜੇ ਪੰਜਾਬ ਦੇ ਹਾਲਾਤ

## ਭ੍ਰਿਸ਼ਟਾਚਾਰ ਤੇ 'ਆਪ' ਦੀ ਦੋਹਰੀ ਨੀਤੀ ਆਈ ਸਾਹਮਣੇ

ਰਵਾਇਤੀ ਪਾਰਟੀਆਂ ਦੀ ਨਾਕਾਮੀ ਅਤੇ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਪਾਉਣ ਲਈ ਪੰਜਾਬੀਆਂ ਨੇ ਬਦਲਾਅ ਲਈ 'ਆਪ' ਦੀ ਮਜ਼ਬੂਤ ਸਰਕਾਰ ਬਣਾਈ ਸੀ। ਨਵੀਂ ਸਰਕਾਰ ਨੇ ਪਹਿਲੇ ਸਾਲ ਵਿਚ ਕਈ ਅੱਛੇ ਕੰਮ ਸ਼ੁਰੂ ਵੀ ਕੀਤੇ ਨੇ। ਭਰਤੀਆਂ, ਸਿੱਖਿਆ ਅਤੇ ਸਿਹਤ ਖੇਤਰਾਂ ਲਈ ਵਧੇਰੇ ਫੰਡ ਰਾਖਵੇਂ ਕੀਤੇ ਨੇ। ਪਰ ਸੂਬੇ ਵਿਚ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਲੋਂ ਕਤਲਾਂ, ਫਿਰੌਤੀਆਂ ਅਤੇ ਲੁੱਟਾਂ ਦੀਆਂ ਵਾਰਦਾਤਾਂ ਵਿਚ ਕਾਫੀ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)



ਵਾਧਾ ਹੋਇਆ ਦਿੱਸਦੈ। ਜੇਲ੍ਹਾਂ ਅੰਦਰ ਬੈਠੇ ਖਤਰਨਾਕ ਅਪਰਾਧੀਆਂ ਦੇ ਵੀਡੀਓ ਮੀਡੀਆ ਵਿਚ ਚੱਲ ਰਹੇ ਨੇ ਅਤੇ ਸਰਕਾਰ ਇਨ੍ਹਾਂ 'ਤੇ ਲਗਾਮ ਲਗਾਉਣ ਵਿਚ ਅਸਮਰੱਥ ਜਾਪਦੀ ਹੈ। ਇਸ ਤਰ੍ਹਾਂ ਸਮਾਂ ਬੀਤਣ ਨਾਲ ਸੱਤਾਧਾਰੀ ਪਾਰਟੀ ਰਵਾਇਤੀ ਪਾਰਟੀਆਂ ਦੀ ਤਰ੍ਹਾਂ ਹੀ ਬੇਬੱਸ ਦਿਖਾਈ ਦੇ ਰਹੀ ਹੈ। ਖਾਸ ਕਰਕੇ ਸਮੁੱਚੇ ਮਹੌਲ ਨੂੰ ਸੁਖਾਵਾਂ ਬਣਾ ਕੇ ਰੱਖਣ ਲਈ ਪ੍ਰਭਾਵਸ਼ਾਲੀ ਯਤਨ ਦਿਖਾਈ ਨਹੀਂ ਦਿੰਦੇ। ਮੁੱਖ ਮੰਤਰੀ ਅਕਸਰ ਵੱਡੇ ਨਿਵੇਸ਼ ਨਾਲ ਰੰਗਲਾ ਪੰਜਾਬ ਬਣਾ ਕੇ ਵਿਦੇਸ਼ੀਂ ਗਈ ਜਵਾਨੀ ਨੂੰ ਵਾਪਸ ਲਿਆਉਣ ਦੇ ਸੁਪਨੇ ਦਿਖਾਉਂਦੇ ਨੇ। ਪਰ ਮੌਜੂਦਾ ਡਰ ਅਤੇ ਭੈਅ ਦੇ ਮਹੌਲ ਵਿਚ ਤਾਂ ਇਥੇ ਚਲਦੇ ਉਦਯੋਗ ਅਤੇ ਕਾਰੋਬਾਰ ਵੀ ਕਾਇਮ ਰੱਖਣੇ ਮੁਸ਼ਕਲ ਦਿੱਸਦੇ ਨੇ। ਲੋਕਾਂ ਵਿਚ ਸਰਕਾਰ ਪ੍ਰਤੀ ਬੇਭਰੋਸਗੀ ਦਿਨੋਂ-ਦਿਨ ਵੱਧਦੀ ਨਜ਼ਰ ਆ ਰਹੀ ਹੈ। ਸਮੱਸਿਆਵਾਂ ਨੂੰ ਸ਼ੁਰੂਆਤ ਵਿਚ ਹੱਲ ਕਰਨ ਦੀ ਬਜਾਏ, ਸਥਿਤੀ ਬੇਕਾਬੂ ਹੋਣ 'ਤੇ ਹੀ ਸਰਕਾਰ ਹਰਕਤ ਵਿਚ ਆਉਂਦੀ ਹੈ, ਜਿਸ ਕਾਰਨ ਮਹੌਲ ਵਿਚ ਤਲਖੀ ਵੀ ਵਧਦੀ ਹੈ ਅਤੇ ਸਰਕਾਰ ਦੀ ਕਾਬਲੀਅਤ 'ਤੇ ਵੀ ਉਂਗਲਾਂ ਉਠਦੀਆਂ ਨੇ। ਸਾਡਾ ਮੰਤਵ ਬਿਨਾਂ ਵਜ੍ਹਾ ਸਰਕਾਰ ਦੀ ਨੁਕਤਾਚੀਨੀ ਕਰਨਾ ਨਹੀਂ, ਸਗੋਂ ਪੂਰੀ ਸੁਹਿਰਦਤਾ ਨਾਲ ਜ਼ਮੀਨੀ ਹਾਲਾਤਾਂ ਤੋਂ ਚੌਕਸ ਕਰਨਾ ਹੈ।



### ਭ੍ਰਿਸ਼ਟਾਚਾਰ 'ਤੇ ਦੋਹਰੀ ਨੀਤੀ

ਭਗਵੰਤ ਮਾਨ ਸਰਕਾਰ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਕਾਰਵਾਈ ਨਾਲ ਲੋਕਾਂ ਨੂੰ ਰਾਹਤ ਮਿਲਣ ਦੀ ਆਸ ਜਾਗੀ ਸੀ। ਵਿਜੀਲੈਂਸ ਬਿਓਰੋ ਵਲੋਂ ਸਾਬਕਾ ਸਰਕਾਰਾਂ ਦੇ ਕਈ ਲੀਡਰਾਂ ਖਿਲਾਫ ਕਾਰਵਾਈ ਸ਼ੁਰੂ ਕੀਤੀ ਗਈ। ਕਈ ਲੀਡਰ ਅਤੇ ਅਧਿਕਾਰੀ ਜੇਲਾਂ ਵਿਚ ਵੀ ਡੱਕੇ ਗਏ ਅਤੇ ਹੋਰਾਂ ਖਿਲਾਫ ਪੜਤਾਲ ਸ਼ੁਰੂ ਹੋ ਚੁੱਕੀ ਹੈ। ਪਰ ਆਪਣੇ ਭ੍ਰਿਸ਼ਟਾਚਾਰ 'ਚ ਫਸੇ ਮੰਤਰੀ ਸਿੰਗਲਾ ਅਰੇ ਸਰਾਰੀ ਬਗੈਰ ਕਾਰਵਾਈ ਛੱਡੇ ਗਏ। ਜਦੋਂ ਪਾਰਟੀ ਪੰਜਾਬ ਅਤੇ ਦਿੱਲੀ ਅੰਦਰ ਦੋਹਰੀ ਨੀਤੀ 'ਤੇ ਚਲਦੀ ਦਿੱਸੇ, ਤਾਂ ਸਵਾਲ ਉਠਣੇ ਲਾਜ਼ਮੀ ਨੇ। ਪੰਜਾਬ ਦੀ ਸਰਕਾਰੀ ਏਜੰਸੀ ਵਿਜੀਲੈਂਸ ਬਿਓਰੋ ਵਲੋਂ ਵਿਰੋਧੀਆਂ ਵਿਰੁੱਧ ਕਾਰਵਾਈ ਨੂੰ ਪਾਰਟੀ ਕਾਨੂੰਨੀ ਦਾਇਰੇ ਅਧੀਨ ਸਹੀ ਠਹਿਰਾਉਂਦੀ ਹੈ ਅਤੇ ਕੇਂਦਰੀ ਏਜੰਸੀਆਂ ਵਲੋਂ ਦਿੱਲੀ ਦੇ ਆਪਣੇ ਲੀਡਰਾਂ ਖਿਲਾਫ ਕਾਰਵਾਈ ਨੂੰ ਬਦਲਾ ਲਊ ਕਾਰਵਾਈ ਦੱਸ ਕੇ ਬਵਾਲ ਖੜ੍ਹਾ ਕੀਤਾ ਜਾਂਦੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਵਿਜੀਲੈਂਸ ਵਲੋਂ ਪੜਤਾਲ ਲਈ 20 ਅਪ੍ਰੈਲ ਨੂੰ ਬੁਲਾਇਆ ਗਿਆ। ਪਰ ਜਲੰਧਰ ਵਿਚ 13 ਅਪ੍ਰੈਲ ਨੂੰ ਪ੍ਰੈੱਸ ਕਾਨਫਰੰਸ ਕਰਨ 'ਤੇ ਵਿਜੀਲੈਂਸ ਵਲੋਂ ਤੁਰੰਤ 14 ਅਪ੍ਰੈਲ ਨੂੰ ਡਾ. ਅੰਬੇਦਕਰ ਦੇ ਜਨਮ ਦਿਵਸ ਦੀ ਛੁੱਟੀ ਵਾਲੇ ਦਿਨ ਹੀ ਤਲਬ ਕੀਤਾ ਗਿਆ। ਵਿਜੀਲੈਂਸ ਭਵਨ ਸੱਦ ਕੇ ਚੰਨੀ ਤੋਂ 7 ਘੰਟੇ ਤੋਂ ਵਧੇਰੇ ਪੁੱਛਗਿੱਛ ਹੋਈ, ਜੋ 20 ਅਪ੍ਰੈਲ ਨੂੰ ਹੋਣੀ ਸੀ। ਪਰ ਜਦੋਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ 16 ਅਪ੍ਰੈਲ ਨੂੰ ਸੀ.ਬੀ.ਆਈ. ਨੇ ਦਿੱਲੀ ਸ਼ਰਾਬ ਘੋਟਾਲੇ ਸਬੰਧੀ ਤਲਬ ਕੀਤਾ, ਤਾਂ ਪਾਰਟੀ ਨੇ ਬਦਲਾ ਲਊ ਕਾਰਵਾਈ ਦੱਸ ਕੇ ਤੂਫਾਨ ਖੜ੍ਹਾ ਕਰ ਦਿੱਤਾ। ਦਿੱਲੀ, ਪੰਜਾਬ ਅਤੇ ਹਰਿਆਣਾ ਤੋਂ ਵਰਕਰਾਂ ਨੂੰ ਪ੍ਰਦਰਸ਼ਨ ਲਈ ਸੱਦਿਆ ਗਿਆ। ਪੰਜਾਬ ਦੇ ਸਾਰੇ ਮੰਤਰੀ, ਵਿਧਾਇਕ ਸਮੱਰਥਕਾਂ ਸਮੇਤ ਸੜਕਾਂ 'ਤੇ ਫਜ਼ੂਲ ਦਾ ਹੱਲਾ ਮਚਾਉਂਦੇ ਨਜ਼ਰ ਆਏ। ਜੇਕਰ ਪੰਜਾਬ ਵਿਚ ਅਜਿਹਾ ਹੁੰਦੈ, ਤਾਂ ਬੇਲੋੜੀ ਰਾਜਨੀਤੀ ਅਤੇ ਉਹੀ ਦਿੱਲੀ ਵਿਚ ਲੋਕਤੰਤਰਿਕ ਅਧਿਕਾਰ ਬਣਦੈ! ਕਰੀਬ 9 ਘੰਟੇ ਦੀ ਪੁੱਛਗਿੱਛ ਉਪਰੰਤ ਕੇਜਰੀਵਾਲ ਨੇ ਜਾਂਚ ਅਧਿਕਾਰੀਆਂ ਦਾ ਅੱਛੇ ਵਰਤਾਰੇ ਲਈ ਧੰਨਵਾਦ ਕੀਤਾ। ਜੇਕਰ ਅਧਿਕਾਰੀਆਂ ਦਾ ਵਤੀਰਾ ਸਹਿਜ਼ ਸੀ, ਤਾਂ ਫਿਰ ਵਾਵੇਲਾ ਖੜ੍ਹਾ ਕਰਨਾ ਮਹਿਜ਼ ਰਾਜਨੀਤੀ ਹੀ ਜਾਪਦੈ। ਸ਼ਰਾਬ ਘੁਟਾਲੇ ਵਿਚ ਪਹਿਲਾਂ ਹੀ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਧੀਆ 26 ਫਰਵਰੀ ਨੂੰ ਗ੍ਰਿਫ਼ਤਾਰ ਹੋ ਚੁਕੇ ਨੇ ਅਤੇ ਅਜੇ ਤੱਕ ਜ਼ਮਾਨਤ ਨਹੀਂ ਹੋ ਸਕੀ। ਦਿੱਲੀ ਦੇ ਸਾਬਕਾ ਸਿਹਤ ਮੰਤਰੀ ਸਤਿੰਦਰ ਜੈਨ ਕਈ ਮਹੀਨੇ ਤੋਂ ਮਨੀ ਲਾਂਡਰਿੰਗ ਮਾਮਲੇ ਵਿਚ ਸਲਾਖਾਂ ਪਿੱਛੇ ਨੇ। ਜੇਕਰ ਮਹਿਜ਼ ਬਦਲਾਖੋਰੀ ਕਾਰਨ ਗ੍ਰਿਫਤਾਰੀਆਂ ਨੇ ਤਾਂ ਅਦਾਲਤ ਵਿਚੋਂ ਜ਼ਮਾਨਤ ਮਿਲੀ ਹੁੰਦੀ। ਲੋਕਪਾਲ ਲਈ ਅੰਦੋਲਨ ਵਿਚੋਂ ਨਿਕਲੀ ਪਾਰਟੀ ਦਿੱਲੀ ਅਤੇ ਪੰਜਾਬ ਵਿਚ ਲੋਕਪਾਲ ਦਾ ਨਾਮ ਵੀ ਨਹੀਂ ਲੈ ਰਹੀ। ਵਿਰੋਧੀਆਂ 'ਤੇ ਭਾਰੀ ਸੁਰੱਖਿਆ ਅਤੇ ਵੱਡੀਆਂ ਕੋਠੀਆਂ ਰਾਹੀਂ ਫਜ਼ੂਲ ਖਰਚ ਦਾ ਸ਼ੋਰ ਮਚਾਉਣ ਵਾਲੇ ਹੁਣ ਸਖਤ ਸੁਰੱਖਿਆ 'ਚ ਰਹਿੰਦੇ ਨੇ ਅਤੇ ਵੱਡੇ ਘਰਾਂ ਵਿਚ ਸ਼ਾਹੀ ਠਾਠ ਦਾ ਅਨੰਦ ਲੈਂਦੇ ਨੇ। ਫਜ਼ੂਲ ਪ੍ਰਚਾਰ ਤੇ ਸੈਂਕੜੇ ਕਰੋੜਾਂ ਖਰਚਣ ਦੇ ਚਰਚੇ ਮੀਡੀਆ ਵਿਚ ਨੇ।

### ਜਨਤਕ ਮੁੱਦਿਆਂ 'ਤੇ ਚੁੱਪੀ

'ਆਪ' ਸਰਕਾਰ ਵਿਰੋਧ ਪ੍ਰਦਰਸ਼ਨਾਂ ਨੂੰ ਅਕਸਰ ਅਣਗੌਲਿਆਂ ਕਰਦੀ ਦੇਖੀ ਗਈ ਹੈ ਅਤੇ ਅੰਦੋਲਨ ਬੇਕਾਬੂ ਹੋਣ 'ਤੇ ਹੀ ਹਰਕਤ ਵਿਚ ਆਉਂਦੀ ਹੈ। ਜ਼ੀਰਾ ਲਾਗੇ ਮਨਸੂਰਵਾਲ ਕਲਾਂ ਦੀ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਵਿਰੁੱਧ ਜੁਲਾਈ 2022 ਤੋਂ ਲੱਗੇ ਧਰਨੇ ਦੇ 6 ਮਹੀਨੇ ਪਿੱਛੋਂ ਹੀ ਸਰਕਾਰ ਜਾਗੀ ਸੀ। ਸ਼ਰਾਬ ਫੈਕਟਰੀ ਬੰਦ ਕਰਨ ਦਾ ਐਲਾਨ ਮੁੱਖ ਮੰਤਰੀ ਨੇ ਖੁਦ ਕੀਤਾ ਸੀ ਅਤੇ ਪ੍ਰਦੂਸ਼ਣ ਦੇ ਜਾਇਜ਼ੇ ਲਈ ਕਮੇਟੀਆਂ ਗਠਿਤ ਕੀਤੀਆਂ ਸਨ। ਕਮੇਟੀਆਂ ਦੀਆਂ ਰਿਪੋਰਟਾਂ ਵਿਚ ਜ਼ਮੀਨ ਅੰਦਰ ਭਾਰੀ ਧਾਤਾਂ ਅਤੇ ਸਿਹਤ ਲਈ ਹਾਨੀਕਾਰਕ ਤੱਤ ਸਾਹਮਣੇ ਆਏ। ਫਿਰ ਵੀ ਅੱਜ ਤੱਕ ਅੰਦੋਲਨਕਾਰੀ ਲਿਖਤੀ ਫੈਸਲੇ ਦੀ ਉਡੀਕ ਵਿਚ ਨੇ। ਦੋਸ਼ ਲੱਗਦੇ ਨੇ ਕਿ ਫੈਕਟਰੀ ਦੇ ਮਾਲਕ ਦਾ ਦਿੱਲੀ ਵਿਚ ਸ਼ਰਾਬ ਦਾ ਕਾਰੋਬਾਰ ਹੋਣ ਕਾਰਨ ਆਨਾ-ਕਾਨੀ ਚੱਲ ਰਹੀ ਹੈ। ਅਜਿਹੀ ਹੀ ਚੁੱਪੀ ਚੰਡੀਗੜ੍ਹ ਲਾਗੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਲੰਮੇ ਮੋਰਚੇ ਅਤੇ ਕਈ ਥਾਵਾਂ 'ਤੇ ਚੱਲਦੇ ਕਿਸਾਨ ਧਰਨਿਆਂ ਸਬੰਧੀ ਸਾਧੀ ਜਾ ਰਹੀ ਹੈ। ਸਥਿਤੀ ਵਿਸਫੋਟਿਕ ਹੋਣ 'ਤੇ ਹੀ ਸਰਕਾਰ ਦੀ ਨੀਂਦ ਖੁੱਲ੍ਹਦੀ ਹੈ। ਅਜਿਹੇ ਵਤੀਰੇ ਕਾਰਨ ਜਨਤਾ ਨੂੰ ਵੱਡੀਆਂ ਮੁਸ਼ਕਲਾਂ 'ਚੋਂ ਲੰਘਣਾਂ ਪੈਂਦੈ। ਸੂਬੇ ਦੇ ਐਡਵੋਕੇਟ ਜਨਰਲ ਉੱਪਰ ਇਕ ਮਹਿਲਾ ਵਕੀਲ ਵਲੋਂ ਆਪਣੀ ਵਕੀਲ ਭੈਣ ਦੇ ਸਰੀਰਕ ਅਤੇ ਮਾਨਸਿਕ ਉਤਪੀੜਨ ਦੇ ਅਤਿ ਗੰਭੀਰ ਦੋਸ਼ਾਂ 'ਤੇ ਵੀ ਮੁੱਖ ਮੰਤਰੀ ਚੁੱਪੀ ਸਾਧੀ ਬੈਠੇ ਨੇ। ਸਰਕਾਰ ਸੂਬੇ ਵਿਚ 40000 ਕਰੋੜ ਰੁਪਏ ਦੇ ਨਵੇਂ ਨਿਵੇਸ਼ ਦੇ ਦਾਅਵੇ ਕਰਦੀ ਹੈ, ਪਰ ਨਿਵੇਸ਼ ਸਬੰਧੀ ਆਰ.ਟੀ.ਆਈ. ਦਾ ਜਵਾਬ ਹੀ ਨਹੀਂ ਦਿੰਦੀ।




### ਵਿਗੜਿਆ ਮਹੌਲ

ਤਰਨ ਤਾਰਨ ਦੇ ਸਰਹਾਲੀ ਥਾਣੇ 'ਤੇ ਹਜੂਮ ਵਲੋਂ ਹਮਲਾ ਕਰਨ ਤੋਂ ਤਿੰਨ ਮਹੀਨੇ ਤਾਂ ਸਰਕਾਰ ਨੇ ਚੁੱਪ ਸਾਧ ਕੇ ਦੋਸ਼ੀਆਂ ਖਿਲਾਫ ਕਾਰਵਾਈ ਤੋਂ ਗੁਰੇਜ਼ ਕਰ ਛੱਡਿਆ। ਪਰ ਅਚਾਨਕ ਕੇਂਦਰੀ ਸੁਰੱਖਿਆ ਬੱਲ ਸੂਬੇ ਵਿਚ ਲਗਵਾਏ ਗਏ। 18 ਮਾਰਚ ਨੂੰ ਅੱਠ ਜ਼ਿਲ੍ਹਿਆਂ ਦੀ ਪੁਲਿਸ ਅਤੇ ਕੇਂਦਰੀ ਬੱਲਾਂ ਵਲੋਂ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਲਈ ਘੇਰਾ ਪਾਇਆ ਗਿਆ। ਅੰਮ੍ਰਿਤਪਾਲ ਚਕਮਾ ਦੇ ਗਿਆ ਅਤੇ ਅਜੇ ਤੱਕ ਪੁਲਿਸ ਦੇ ਹੱਥ ਨਹੀਂ ਲੱਗਾ।

ਸਾਰੇ ਸੂਬੇ ਵਿਚ ਲਗਾਤਾਰ ਫਲੈਗ ਮਾਰਚ ਅਤੇ ਨਾਕੇ ਲਗਾ ਕੇ ਤਲਾਸ਼ੀਆਂ ਹੋ ਰਹੀਆਂ ਨੇ। ਇਸ ਤਰ੍ਹਾਂ ਪੂਰੀ ਤਰਾਂ ਸ਼ਾਂਤ ਪੰਜਾਬ ਵਿਚ ਦਹਿਸ਼ਤ ਦਾ ਮਹੌਲ ਪੈਦਾ ਹੋ ਚੁੱਕੈ। ਵਿਸਾਖੀ ਦੇ ਦਿਨ ਤਲਵੰਡੀ ਸਾਬੋ ਤਖਤ ਦਮਦਮਾ ਸਾਹਿਬ ਦਾ ਏਰੀਆ ਪੁਲਿਸ ਛਾਉਣੀ ਬਣਿਆ ਦਿਸਿਆ। ਅਕਾਲ ਤਖਤ ਦੇ ਜਥੇਦਾਰ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਸ਼ਰਧਾਲੂਆਂ ਵਿਚ ਦਹਿਸ਼ਤ ਫੈਲਾਉਣ ਦੀ ਨਿੰਦਾ ਹੋਈ। ਹੱਸਦੇ-ਵੱਸਦੇ ਪੰਜਾਬ ਵਿਚ ਹਰ ਪਾਸੇ ਦਹਿਸ਼ਤ ਵਾਲਾ ਮਹੌਲ ਜਾਪਦੈ। ਧਰਾਤਲ 'ਤੇ ਦੇਖੀਏ, ਤਾਂ ਸਭ ਮਜ਼ਹਬਾਂ, ਭਾਈਚਾਰਿਆਂ ਦੇ ਲੋਕ ਇਥੇ ਬੜੇ ਪਿਆਰ ਪ੍ਰੇਮ ਨਾਲ ਮਿਲ ਕੇ ਰਹਿ ਰਹੇ ਨੇ। ਕਿਸੇ ਪਾਸੇ ਵੀ ਆਪਸੀ ਭਾਇਚਾਰੇ ਵਿਚ ਕੋਈ ਤਲਖੀ ਮਹਿਸੂਸ ਨਹੀਂ ਹੁੰਦੀ। ਪਰ ਸੜਕਾਂ ਬਾਜ਼ਾਰਾਂ ਅੰਦਰ ਪੁਲਿਸ ਅਤੇ ਕੇਂਦਰੀ ਬਲਾਂ ਦੀ ਬੇਹਿਸਾਬੀ ਤਾਇਨਾਤੀ ਅਤੇ ਫਲੈਗ ਮਾਰਚਾਂ ਤੋਂ ਮਾਹੌਲ ਕਾਲੇ ਦਿਨਾਂ ਤੋਂ ਘੱਟ ਨਹੀਂ ਜਾਪਦਾ। ਅਜਿਹਾ ਸਭ ਸਰਕਾਰ ਵਲੋਂ ਜਨਤਕ ਮਸਲਿਆਂ 'ਤੇ ਫੈਸਲੇ ਲੈਣ ਵਿਚ ਬੇਲੋੜੀ ਦੇਰੀ ਕਾਰਨ ਹੀ ਹੁੰਦਾ ਜਾਪਦੈ। ਜੇਕਰ ਟਾਲ-ਮਟੋਲ ਦੀ ਨੀਤੀ ਇਸੇ ਤਰ੍ਹਾਂ ਜਾਰੀ ਰਹੀ, ਤਾਂ ਸਰਕਾਰ ਦੀ ਭਰੋਸੇ ਯੋਗਤਾ 'ਤੇ ਸਵਾਲ ਖੜ੍ਹੇ ਹੋਣੇ ਲਾਜ਼ਮੀ ਨੇ।

# ਫੇਕ ਨਿਊਜ਼ ਸਬੰਧੀ ਰਾਸ਼ਟਰਪਤੀ ਦੀ ਚਿੰਤਾ ਜਾਇਜ਼






-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)

ਬੀਤੇ ਕੁਝ ਦਿਨਾਂ ਤੋਂ ਫੇਕ ਨਿਊਜ਼ ਸਬੰਧੀ ਮੁੜ ਚਰਚਾ ਚੱਲ ਪਈ ਹੈ। ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੂਰਮੂ ਨੇ ਸੋਸ਼ਲ ਮੀਡੀਆ ਦੇ ਪ੍ਰਸੰਗ ਵਿਚ ਫੇਕ ਨਿਊਜ਼ ਨੂੰ ਇਕ ਵੱਡੀ ਚੁਣੌਤੀ ਕਰਾਰ ਦਿੱਤਾ ਹੈ। ਬੀਤੇ ਦਿਨੀਂ ਉਹ ਭਾਰਤੀ ਸੂਚਨਾ ਸੇਵਾਵਾਂ ਦੇ ਅਫ਼ਸਰਾਂ ਤੇ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਜਾਅਲੀ ਖ਼ਬਰਾਂ ਦੇ ਸੰਜੀਦਾ ਮਾਮਲੇ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਸਬੰਧਤ ਅਫ਼ਸਰਾਂ ਤੇ ਅਧਿਕਾਰੀਆਂ ਨੂੰ ਲੈਣੀ ਚਾਹੀਦੀ ਹੈ। ਮੀਡੀਆ ਦੀ ਦੁਰਵਰਤੋਂ ਦੇ ਰੁਝਾਨ ਨੂੰ ਰੋਕਣ ਲਈ ਅਫ਼ਸਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਜਦੋਂ ਰਾਸ਼ਟਰਪਤੀ ਇਹ ਵਿਚਾਰ ਵਿਅਕਤ ਕਰ ਰਹੇ ਸਨ, ਉਸ ਮੌਕੇ ਸਬੰਧਤ ਮੰਤਰੀ, ਸਿਆਸੀ ਨੇਤਾ ਅਤੇ ਅਫ਼ਸਰ ਮੌਜੂਦ ਸਨ। ਫਰਜ਼ੀ ਸੂਚਨਾਵਾਂ ਦਾ ਪ੍ਰਚਾਰ-ਪ੍ਰਸਾਰ ਇਸ ਲਈ ਵੀ ਚਿੰਤਾ ਦਾ ਵਿਸ਼ਾ ਹੈ ਕਿ ਇਹ ਸਮਾਜ ਵਿਚ ਡਰ-ਭੈਅ ਦਾ ਵਾਤਾਵਰਨ ਪੈਦਾ ਕਰਦੀਆਂ ਹਨ।

ਜਿਵੇਂ-ਜਿਵੇਂ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਦਾ ਰੁਝਾਨ ਵੱਧਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਫਰਜ਼ੀ ਖ਼ਬਰਾਂ ਫੈਲਾਉਣ ਵਾਲਿਆਂ ਨੂੰ ਵੱਧ ਮੌਕੇ ਮਿਲ ਰਹੇ ਹਨ।

ਬੀ.ਬੀ.ਸੀ. ਨੇ ਫੇਕ ਨਿਊਜ਼ ਸਬੰਧੀ ਵਿਸ਼ੇਸ਼ ਰਿਪੋਰਟ ਪ੍ਰਸਾਰਿਤ ਕਰਦਿਆਂ ਕਿਹਾ ਸੀ, ਹੁਣ ਕੁਝ ਪੱਤਰਕਾਰਾਂ ਨੇ ਫੇਕ ਨਿਊਜ਼ ਅਤੇ ਅਫ਼ਵਾਹਾਂ ਉੱਤੇ ਕਾਬੂ ਪਾਉਣ ਨੂੰ ਆਪਣਾ ਮਨੋਰਥ ਮਿੱਥ ਲਿਆ ਹੈ। ਭਾਵੇਂ ਇਹ ਜ਼ਿੰਮੇਵਾਰੀ ਹਰੇਕ ਪੱਤਰਕਾਰ ਦੀ ਬਣਦੀ ਹੈ ਕਿ ਉਹ ਤੱਥਾਂ 'ਤੇ ਆਧਾਰਤ ਖ਼ਬਰ ਹੀ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰੇ ਅਤੇ ਗ਼ਲਤ ਜਾਣਕਾਰੀ ਵਾਲੀਆਂ ਜਾਅਲੀ ਖ਼ਬਰਾਂ ਨੂੰ ਸੋਸ਼ਲ ਮੀਡੀਆ ਮੰਚਾਂ ਤੋਂ ਹਟਾ ਦੇਵੇ।

ਅਜੋਕੇ ਦੌਰ ਵਿਚ ਦੁਨੀਆਂ ਦਾ ਕੋਈ ਵੀ ਵਿਅਕਤੀ ਕਿਸੇ ਵੀ ਥਾਂ ਤੋਂ, ਕਿਸੇ ਵੀ ਵੇਲੇ, ਕੋਈ ਵੀ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਸਾਂਝੀ ਕਰ ਸਕਦਾ ਹੈ। ਅਜਿਹੀ ਸਥਿਤੀ ਵਿਚ ਕੌਣ ਕਿਵੇਂ ਤੱਥਾਂ ਦੀ ਜਾਂਚ-ਪੜਤਾਲ ਕਰੇਗਾ?

ਸਿਆਣੇ ਕਹਿੰਦੇ ਹਨ ਜੇ ਸਮੱਸਿਆ ਹੈ, ਤਾਂ ਸਮੱਸਿਆ ਦਾ ਹੱਲ ਵੀ ਹੈ। ਸਾਨੂੰ ਹੱਲ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕਈ ਟੈਲੀਵਿਜ਼ਨ ਚੈਨਲ ਫਰਜ਼ੀ ਖ਼ਬਰਾਂ ਦਾ ਸੱਚ ਸਾਹਮਣੇ ਲਿਆਉਣ ਲਈ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕਰ ਰਹੇ ਹਨ। ਬਹੁਤ ਸਾਰੀਆਂ ਅਜਿਹੀਆਂ ਵੈੱਬਸਾਈਟਾਂ ਆਰੰਭ ਹੋ ਗਈਆਂ ਹਨ, ਜਿਨ੍ਹਾਂ ਰਾਹੀਂ ਤੁਸੀਂ ਤੱਥਾਂ ਦੀ ਪੜਤਾਲ ਕਰ ਸਕਦੇ ਹੋ।

ਸਭ ਤੋਂ ਪਹਿਲਾਂ ਇਹ ਵੇਖਣ ਦੀ ਲੋੜ ਹੁੰਦੀ ਹੈ ਕਿ ਖ਼ਬਰ ਦੀ ਸ਼ੁਰੂਆਤ ਕਿਥੋਂ ਹੋਈ ਹੈ। ਕਿਹੜੀ-ਕਿਹੜੀ ਨਿਊਜ਼ ਏਜੰਸੀ ਨੇ ਇਹ ਖ਼ਬਰ ਦਿੱਤੀ ਹੈ। ਆਨਲਾਈਨ ਟੂਲਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਈ ਵਾਰ ਆਲੇ ਦੁਆਲੇ ਦੇ ਦ੍ਰਿਸ਼ ਤੋਂ, ਕਿਸੇ ਵਿਅਕਤੀ ਵਿਸ਼ੇਸ਼ ਤੋਂ ਜਾਂ ਉਸਦੇ ਪਹਿਰਾਵੇ ਤੋਂ ਜਾਂ ਅਜਿਹੇ ਕਿਸੇ ਹੋਰ ਸੰਕੇਤ ਤੋਂ ਤਸਵੀਰ ਜਾਂ ਵੀਡੀਓ ਦੇ ਪੁਰਾਣੇ ਜਾਂ ਫੇਕ ਹੋਣ ਬਾਰੇ ਸਹਿਜੇ ਹੀ ਪਤਾ ਚੱਲ ਜਾਂਦਾ ਹੈ।

ਤੁਹਾਡੇ ਫੋਨ 'ਤੇ ਕਿਸੇ ਵੀ ਤਰ੍ਹਾਂ ਕੋਈ ਖ਼ਬਰ, ਤਸਵੀਰ ਜਾਂ ਵੀਡੀਓ ਪਹੁੰਚਦੀ ਹੈ, ਤਾਂ ਝੱਟਪਟ ਉਸਤੇ ਯਕੀਨ ਕਰਕੇ ਉਸਨੂੰ ਹਰਗਿਜ਼ ਫਾਰਵਰਡ ਨਾ ਕਰੋ। ਅਜਿਹੀ ਚੌਕਸੀ ਵਰਤਣ ਦੀ ਸਲਾਹ ਪ੍ਰਧਾਨ ਮੰਤਰੀ ਨੇ ਇਕ ਵਾਰ ਗ੍ਰਹਿ ਮੰਤਰੀਆਂ ਨੂੰ ਸੰਬੋਧਨ ਕਰਦਿਆਂ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਸੋਸ਼ਲ ਮੀਡੀਆ ਦੇ ਇਸ ਦੌਰ ਵਿਚ ਕੋਈ ਵੀ ਛੋਟੀ ਗਲਤੀ ਜਾਂ ਫ਼ੇਕ ਨਿਊਜ਼ ਵੱਡਾ ਵਿਵਾਦ ਖੜ੍ਹਾ ਕਰ ਸਕਦੀ ਹੈ। ਇਸ ਲਈ ਕਿਸੇ ਵੀ ਮੈਸਜ ਨੂੰ ਅੱਗੇ ਭੇਜਣ ਤੋਂ ਪਹਿਲਾਂ ਤੱਥਾਂ ਦੀ ਜਾਂਚ ਜ਼ਰੂਰ ਕਰ ਲਓ।

## ਟਵਿੱਟਰ ਦਾ ਲੋਗੋ

ਜਦੋਂ ਦੇ ਐਲੋਨ ਮਸਕ ਟਵਿੱਟਰ ਦੇ ਮਾਲਕ ਬਣੇ ਹਨ, ਉਨ੍ਹਾਂ ਨੇ ਕਈ ਤਬਦੀਲੀਆਂ ਕਰ ਦਿੱਤੀਆਂ ਹਨ। ਤਾਜ਼ਾ ਖ਼ਬਰ ਅਨੁਸਾਰ ਮਾਈਕਰੋ-ਬਲੌਗਿੰਗ ਸਾਈਟ ਲਈ ਬਲੂ ਬਰਡ ਹੋਮਪੇਜ ਲੋਗੋ ਨੂੰ 'ਡੌਗੀ' ਮੀਮ ਨਾਲ ਬਦਲ ਦਿੱਤਾ ਗਿਆ ਹੈ। ਅਜਿਹਾ ਵਾਅਦਾ ਮਸਕ ਨੇ ਸ਼ੁਰੂ ਵਿਚ ਕੀਤਾ ਸੀ। ਟਵਿੱਟਰ ਦੀ ਮੋਬਾਈਲ ਐਪ 'ਤੇ ਇਹ ਬਦਲਾਅ ਨਹੀਂ ਕੀਤਾ ਗਿਆ ਹੈ। ਕਿਸੇ ਕੰਪਨੀ ਦਾ ਲੋਗੋ ਬਦਲਣਾ ਕਾਰੋਬਾਰੀ ਚਾਲ ਮੰਨਿਆ ਜਾਂਦਾ ਹੈ। ਕਈ ਲੋਕ ਇਸਨੂੰ ਪਹਿਲੀ ਅਪ੍ਰੈਲ ਨਾਲ ਜੋੜ ਕੇ ਵੀ ਵੇਖ ਰਹੇ ਹਨ।

## ਟਿਕ-ਟੌਕ


ਟਵਿੱਟਰ ਵਾਂਗ ਟਿਕ-ਟੌਕ ਵੀ ਲਗਾਤਾਰ ਚਰਚਾ ਵਿਚ ਹੈ। ਹੁਣ ਖ਼ਬਰ ਆਈ ਹੈ ਕਿ ਆਸਟਰੇਲੀਆ ਨੇ ਟਿਕ-ਟੌਕ 'ਤੇ ਪਾਬੰਦੀ ਲਗਾ ਦਿੱਤੀ ਹੈ। ਬਿਆਨ ਵਿਚ ਸਬੰਧਤ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਖੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਦੀ ਸਲਾਹ 'ਤੇ ਕੀਤਾ ਗਿਆ ਹੈ। ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਅਤੇ ਇੰਗਲੈਂਡ ਵੱਲੋਂ ਇਸ ਐਪ 'ਤੇ ਪਹਿਲਾਂ ਹੀ ਪਾਬੰਦੀ ਲਗਾਈ ਹੋਈ ਹੈ। ਚੀਨੀ ਕੰਪਨੀ ਵੱਲੋਂ ਆਸਟਰੇਲੀਆ ਦੇ ਇਸ ਫੈਸਲੇ ਦੀ ਨਿੰਦਾ ਕੀਤੀ ਗਈ ਹੈ।

ਉਧਰ ਇੰਗਲੈਂਡ ਨੇ ਟਿਕ-ਟੌਕ ਨੂੰ 12.7 ਮਿਲੀਅਨ ਪੌਂਡ ਦਾ ਜੁਰਮਾਨਾ ਕਰ ਦਿੱਤਾ ਹੈ। ਅਜਿਹਾ ਨਿਯਮਾਂ ਦੀ ਉਲੰਘਣਾ ਕਰਨ ਕਾਰਨ ਕੀਤਾ ਗਿਆ ਹੈ। ਸਾਲ 2020 ਵਿਚ ਟਿਕ-ਟੌਕ ਨੇ ਇੰਗਲੈਂਡ ਵਿਚ 13 ਸਾਲ ਤੋਂ ਘੱਟ ਉਮਰ ਦੇ 1.4 ਮਿਲੀਅਨ ਬੱਚਿਆਂ ਨੂੰ ਐਪ ਵਰਤਣ ਦੀ ਆਗਿਆ ਦਿੱਤੀ। ਅਜਿਹਾ ਕਰਕੇ ਕੰਪਨੀ ਨੇ ਆਪਣੀ ਹੀ ਨਿਯਮਾਂ ਦੀ ਉਲੰਘਣਾ ਕੀਤੀ ਸੀ। ਨਤੀਜੇ ਵਜੋਂ ਕੰਪਨੀ ਵਿਰੁੱਧ ਇੰਗਲੈਂਡ ਨੇ ਉਪਰੋਕਤ ਸਖ਼ਤ ਕਦਮ ਉਠਾਇਆ।

ਆਸਟਰੇਲੀਆ, ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਨਿਊਜ਼ੀਲੈਂਡ ਤੋਂ ਇਲਾਵਾ ਬੈਲਜੀਅਮ, ਅਫ਼ਗਾਨਿਸਤਾਨ, ਡੈਨਮਾਰਕ, ਭਾਰਤ, ਨੀਦਰਲੈਂਡ, ਨੌਰਵੇ, ਤੈਵਾਨ, ਪਾਕਿਸਤਾਨ, ਬੰਗਲਾਦੇਸ਼ ਅਤੇ ਇੰਡੋਨੇਸ਼ੀਆ ਨੇ ਵੀ ਟਿਕ-ਟੌਕ 'ਤੇ ਪਾਬੰਦੀ ਲਗਾ ਰੱਖੀ ਹੈ। ਇਹ ਚੀਨ ਦੀ ਮਾਲਕੀ ਵਾਲਾ ਵੀਡੀਓ ਬਨਾਉਣ ਵਾਲਾ ਐਪ ਹੈ।

# ਬੇਗਾਨੇ ਸਿਰਾਂ ਵਾਲੇ

## ਕਹਾਣੀ



ਸੁਖਮਿੰਦਰ ਸੇਖੋਂ
98145-07693
(Punjab Mail USA)

ਸਵੇਰੇ-ਸਵੇਰੇ ਹੀ ਇਹ ਹਾਦਸਾ ਵਾਪਰ ਗਿਆ ਸੀ। ਕੋਈ ਧੁੰਦ ਜਾਂ ਹਨੇਰਾ ਵੀ ਨਹੀਂ ਸੀ। ਉਹ ਨਾ ਸਾਈਕਲ 'ਤੇ ਸੀ, ਨਾ ਸਕੂਟਰ, ਮੋਟਰਸਾਈਕਲ ਜਾਂ ਕਾਰ ਵਿਚ--। ਉਹ ਬੱਸ ਵਿਚ ਵੀ ਨਹੀਂ ਸੀ।

-ਫਿਰ ਵੀ ਇਹ ਹਾਦਸਾ ਵਾਪਰ ਗਿਆ ਸੀ... ਇਹ ਮਨਹੂਸ ਘਟਨਾ...

ਉਹ ਤਾ ਸਵੇਰੇ ਹਮੇਸ਼ਾ ਵਾਂਗ ਘਰੋਂ ਤੁਰਿਆ ਸੀ, ਆਪਣੀਆਂ ਡਿਗਰੀਆਂ ਨਾਲ ਲੈਸ ਨੌਕਰੀ ਦੀ ਭਾਲ ਵਿਚ..। ਹਰਕਿਸ਼ਨ ਘਰਦਿਆਂ ਦਾ ਇਕੱਲਾ ਸੀ, ਸੁੱਖਾਂ ਸੁੱਖ ਕੇ ਆਖਰ ਗੁਰੂ ਮਹਾਰਾਜ ਨੇ ਅਧੇੜ ਉਮਰ ਵਿਚ ਗੁਰਨਾਮ ਸਿੰਘ ਤੇ ਦਯਾਵੰਤੀ ਦੇ ਘਰ ਉਸਦਾ ਜਨਮ ਹੋਇਆ ਸੀ।

-ਪੁੱਤ ਬਚਾਕੇ ਰੱਖਿਆ ਕਰ ਆਪਣੇ ਆਪ ਨੂੰ, ਅੱਜਕੱਲ੍ਹ ਭੀੜ ਬੜੀ ਰਹਿੰਦੀ ਏ ਸੜਕਾਂ 'ਤੇ...।

ਇੱਕ ਮਾਂ ਦਾ ਕਾਲਜਾ ਸੀ, ਜਿਸਦੀ ਨਸੀਹਤ ਹੁੰਦੀ ਉਸ ਲਈ..। ਇੱਕ ਬਾਪ ਨੂੰ ਵੀ ਆਪਣੇ ਪੁੱਤਰ ਦੀ ਫਿਕਰ ਰਹਿੰਦੀ, ਹਾਅ ਪੁੱਤ ਕਿਸ਼ਨ ਟ੍ਰੈਫਿਕ ਬੌਤ ਰੈਂਅਦੀ ਐ। ਜੇ ਤੈਨੂੰ ਕਿਤੇ ਕੰਮ ਧੰਦਾ ਮਿਲ ਜਾਵੇ...?

-ਅੱਜ ਸਵੇਰੇ ਹੀ ਉਹ ਕਿਸੇ ਸਰਕਾਰੀ ਦਫਤਰ ਲਈ ਨੌਕਰੀ ਦੀ ਤਲਾਸ਼ ਵਿਚ ਨਿਕਲਿਆ ਸੀ ਕਿ ਗਈ ਰਾਤ ਤੱਕ ਘਰੇ ਨਾ ਮੁੜਿਆ। ਮਾਂ-ਬਾਪ ਨੂੰ ਡਾਹਢੀ ਚਿੰਤਾ ਹੋਣ ਲੱਗੀ। ਮੋਬਾਇਲ ਵੀ ਬੰਦ ਆ ਰਿਹਾ ਸੀ।

-ਪੈਦਲ ਈ ਗਿਐ -ਕਿਤੇ ਰਸਤੇ 'ਚ ਹੀ ਕੋਈ ਐਕਸੀਡੈਂਟ...? ਮਾਂ-ਪਿਓ ਦੀ ਫਿਕਰ ਸੀ।

ਅੱਜ ਸਵੇਰੇ ਹੀ ਅਜੇ ਉਹ ਆਪਣੀ ਗਲੀ ਦਾ ਮੋੜ ਮੁੜਕੇ ਮੇਨ ਸੜਕ 'ਤੇ ਪਿਆ ਸੀ ਕਿ ਕੁਝ ਮੂੰਹ, ਚਿਹਰਾ ਢਕੇ ਬੰਦਿਆਂ ਨੇ ਉਸਨੂੰ ਅਗਵਾ ਕਰਕੇ ਗੱਡੀ ਵਿਚ ਸੁੱਟ ਲਿਆ। ਉਸ ਦੀਆਂ ਅੱਖਾਂ ਬੰਨ੍ਹ ਦਿੱਤੀਆਂ ਸਨ ਤੇ ਮੂੰਹ ਵਿਚ ਲੀਰਾਂ ਤੁੰਨ ਦਿੱਤੀਆਂ ਸਨ।

ਉਹ ਉਸ ਨੂੰ ਇਕ ਅਣਪਛਾਤੀ ਥਾਂ 'ਤੇ ਲੇ ਗਏ ਸਨ, ਜਿਥੇ ਹਨੇਰਾ-ਹਨੇਰਾ ਸੀ, ਚਾਨਣ ਦੀ ਕੇਵਲ ਇੱਕ ਲਕੀਰ ਜਿਹੀ ਹੀ ਨਜ਼ਰ ਆ ਰਹੀ ਸੀ। ਉਨ੍ਹਾਂ ਅਗਵਾਕਾਰੀਆਂ ਦੇ ਚਿਹਰੇ ਢਕੇ ਹੋਏ ਸਨ, ਕੇਵਲ ਅੱਖਾਂ ਹੀ ਦਿਖਦੀਆਂ ਸਨ।

ਤੁਸੀਂ ਮੈਨੂੰ ਐਦਾਂ ਅਗਵਾ ਕਰਕੇ ਕਿਉਂ ਲਿਆਏ ਹੋ? ਕੀ ਚਾਹੁੰਦੇ ਹੋ ਤੁਸੀਂ? ਹਰਕਿਸ਼ਨ ਨੇ ਆਪਣੇ ਅੰਦਰ ਹੌਂਸਲਾ ਇਕੱਤਰ ਕਰਦਿਆਂ ਪੁੱਛਿਆ। ਉਹ ਚਾਰ ਕੁ ਜਣੇ ਸਨ। ਉਨ੍ਹਾਂ ਹੁਣ ਆਪਣੇ ਚਿਹਰਿਆਂ ਤੋਂ ਨਕਾਬ ਹਟਾ ਲਏ ਸਨ। ਉਨ੍ਹਾਂ ਵਿਚੋ ਇੱਕ ਗੰਜਾ ਸੀ, ਪ੍ਰੰਤੂ ਉਸ ਵੱਡੀਆਂ ਮੋਟੀਆਂ ਕੁੰਡਲਦਾਰ ਮੁੱਛਾ ਰੱਖੀਆਂ ਸਨ। ਇੱਕ ਦੇ ਮੁੱਛ ਦਾਹੜੀ ਸੀ, ਦੂਸਰਾ ਪੂਰਾ ਕਲੀਨਸ਼ੇਵ ਸੀ, ਸਫਾ ਚੱਟ। ਤੀਸਰੇ ਦੇ ਪੱਗੜੀਨੁਮਾ ਟੋਪੀ ਪਹਿਨੀ ਹੋਈ ਸੀ। ਇਨ੍ਹਾਂ ਦਾ ਇੱਕ ਸਰਦਾਰਨੁਮਾ ਵਿਅਕਤੀ ਵੀ ਸੀ

-ਅਸੀਂ ਦੱਸਦੇ ਆਂ ਕਿ ਅਸੀਂ ਕੌਣ ਹਾਂ? ਗੰਜਾ ਮੁੱਛਲ ਬੋਲਿਆ... ਅਸੀਂ ਆਪਣੀ ਕੌਮ ਤੇ ਮਜ਼ਹਬ ਦੇ ਸੇਵਕ ਹਾਂ-ਖਾੜਕੂ, ਜੁਝਾਰੂ---। ਅਸੀਂ ਤੈਨੂੰ ਵੀ ਆਪਣੀ ਜਥੇਬੰਦੀ ਵਿਚ ਸ਼ਾਮਲ ਕਰਕੇ ਹਥਿਆਰਾਂ ਦੀ ਟ੍ਰੇਨਿੰਗ ਦੇ ਕੇ ਇਕ ਯੋਧਾ ਬਣਾਵਾਂਗੇ ...ਇਕ ਜੁਝਾਰੂ ...ਖਾੜਕੂ ...ਜੇਹਾਦੀ।

ਇਸ ਦਾ ਮਤਲਬ ਤੁਸੀਂ ਅੱਤਵਾਦੀ ਹੋ, ਇੰਤਹਾਪਸੰਦ...? ਹਰਕਿਸ਼ਨ ਸੱਚ ਦੇ ਸਨਮੁੱਖ ਹੋਇਆ।

-ਖਬਰਦਾਰ ਜੇ ਤੂੰ ਸਾਡੇ ਲਈ ਇਹ ਘਿਨਾਉਣੇ ਤੇ ਘਟੀਆ ਲਫਜ਼ ਤਸ਼ਬੀਹ ਕੀਤੇ। ਸਾਡਾ ਮਕਸਦ ਸਾਫ ਏ, ਇਸ ਮੁਲਕ ਦੇ ਗੱਦਾਰਾਂ ਤੋਂ ਨਿਜ਼ਾਤ। ਅਸੀਂ ਪੂਰਣ ਆਜ਼ਾਦੀ ਚਾਹੁੰਦੇ ਹਾਂ ਤੇ ਆਪਣੀ ਕੌਮ ਤੇ ਮਜ਼ਹਬ ਖਾਤਰ ਜੰਗ ਲੜਦੇ ਹਾਂ, ਤਾਂ ਕਿ ਆਪਣੇ ਧਰਮ ਦਾ ਝੰਡਾ ਬੁਲੰਦ ਕਰ ਸਕੀਏ।

ਮੈਂ ਤੁਹਾਡੇ ਵਰਗੇ ਲੋਕਾਂ ਬਾਰੇ ਅਖਬਾਰਾਂ ਵਿਚ ਪੜ੍ਹਿਐ ਤੇ ਹੋਰ ਵੀ ਬਥੇਰਾ ਕੁਛ ਸੁਣਿਐ, ਤੁਸੀਂ ਕਦੇ ਬੱਸਾਂ ਗੱਡੀਆਂ ਵਿਚੋਂ ਮਾਸੂਮਾਂ ਨੂੰ ਕੱਢਕੇ ਮਾਰਦੇ ਹੋ ਤੇ ਕਦੇ ਬੰਬਾਂ ਨਾਲ ਉਡਾਉਂਦੇ ਹੋ। ਤੁਸੀਂ ਕਦੇ ਕਿਸੇ ਇਸਤਰੀ, ਕਿਸੇ ਬੱਚੇ ਦੀ ਵੀ ਪ੍ਰਵਾਹ ਨਹੀਂ ਕੀਤੀ। ਤੁਹਾਡਾ ਕਤਲਾਂ ਤੇ ਹੱਤਿਆਵਾਂ ਦਾ ਇਕ ਲੰਮਾ ਇਤਿਹਾਸ ਏ, ਜੋ ਦਰਦਨਾਕ ਕਹਾਣੀਆਂ ਬਿਆਨ ਕਰਦਾ ਏ।

ਹਰਕਿਸ਼ਨ ਹਾਲੇ ਸ਼ਾਇਦ ਹੋਰ ਵੀ ਬੋਲਦਾ ਪਰ ਗੰਜੇ ਮੁੱਛਲ ਨੇ ਉਸਦੀ ਧੌਣ 'ਤੇ ਬੰਦੂਕ ਦੀ ਬੱਟ ਮਾਰੀ ਤੇ ਉਹ ਪਰ੍ਹਾਂ ਜਾ ਕੇ ਡਿੱਗਿਆ। ਉਸ ਨੂੰ ਬਹੁਤ ਦਰਦ ਹੋਈ, ਪਰ ਉਹ ਕਸੀਸ ਵੱਟ ਕੇ ਰਹਿ ਗਿਆ।

ਉਨ੍ਹਾਂ ਵਿਚੋਂ ਸ਼ਾਇਦ ਦੋ ਜਣਿਆਂ ਨੂੰ ਉਸ 'ਤੇ ਤਰਸ ਆ ਗਿਆ ਸੀ, ਉਨ੍ਹਾਂ ਸਹਾਰਾ ਦੇ ਕੇ ਉਸ ਨੂੰ ਉਠਾਇਆ ਤੇ ਉਸਦੇ ਸਰੀਰ ਨੂੰ ਰਤਾ ਘੁੱਟਦਿਆਂ ਸਮਝਾਉਣ ਦੇ ਰਸਤੇ ਪੈ ਨਿਕਲੇ, ਦੇਖ ਕਾਕਾ ਇਸ ਮੁਲਕ ਵਿਚ ਤੂੰ ਨੌਕਰੀ ਦੀ ਉਮੀਦ ਛੱਡ ਹੀ ਦੇਹ। ਉਂਜ ਵੀ ਇਹ ਲਾਲੇ, ਸਰਕਾਦ--ਸਾਰੇ ਹੀ ਇਕੋ ਜਾਤੀ ਨਾਲ ਸਬੰਧ ਰੱਖਦੇ ਨੇ... ਦ੍ਵੇਸ਼ ਨੂੰ ਲੁੱਟਣ ਤੇ ਬੰਦਿਆਂ ਨੂੰ ਕੁੱਟਣ ਵਾਲੇ---ਪਰ ਅਸੀਂ? ਅਸੀਂ ਤੇਰੇ ਹੱਥਾਂ ਵਿਚ ਹਥਿਆਰ ਦਿਆਂਗੇ, ਤੇਰੀ ਪੂਰੀ ਸਰਦਾਰੀ ਹੋਵੇਗੀ। ਤੂੰ ਦਿਨਾਂ ਵਿਚ ਹੀ ਦੌਲਤਮੰਦ ਹੋ ਜਾਵੇਂਗਾ...ਬਰਖੁਰਦਾਰ।

ਤੁਸੀਂ ਤਾਂ ਫੇਰ ਔਰੰਗਜ਼ੇਬੀ ਤੇ ਹਿਟਲਰੀ ਸੋਚ ਰੱਖਦੇ ਹੋ, ਤੁਸੀਂ ਧਰਮੀ ਕਿਵੇਂ ਹੋਏ? ਮੈਨੂੰ ਤਾਂ ਜਾਪਦੈ ਤੁਸੀਂ ਕੁੱਲ ਮਾਨਵਤਾ ਦੇ ਹੀ ਕਾਤਲ ਹੋ?

ਉਨ੍ਹਾਂ ਲੋਕਾਂ ਨੂੰ ਹਰਕਿਸ਼ਨ ਦੇ ਅਜਿਹੇ ਤਿੱਖੇ ਬੋਲਾਂ 'ਤੇ ਬਹੁਤ ਗੁੱਸਾ ਆਇਆ, ਪ੍ਰੰਤੂ ਉਨ੍ਹਾਂ ਹਾਲ ਦੀ ਘੜੀ ਕੁਝ ਦੂਰਅੰਦੇਸ਼ੀ ਵਰਤਣੀ ਹੀ ਮੁਨਾਸਿਬ ਸਮਝੀ।

ਉਹ ਲੋਕ ਬੇਸ਼ੱਕ ਵੱਖ-ਵੱਖ ਭਾਸ਼ਾਵਾਂ ਬੋਲਦੇ ਸਨ, ਪ੍ਰੰਤੂ ਇਸ ਦੇ ਬਾਵਜੂਦ ਉਨ੍ਹਾਂ ਦੀ ਇਕੋ ਬੋਲੀ ਜਾਪਦੀ ਸੀ...ਹਥਿਆਰ, ਪੈਸਾ, ਸੱਤਾ ਤੇ ਸਰਦਾਰੀ...।

ਸਵੇਰ ਤੋਂ ਸ਼ਾਮ ਹੋ ਗਈ ਸੀ ਤੇ ਪਲ-ਪਲ ਹਨੇਰਾ ਵੀ ਹੋਰ ਗੂਹੜਾ ਹੁੰਦਾ ਜਾ ਰਿਹਾ ਸੀ। ਉਨ੍ਹਾਂ ਵਲੋਂ ਪੇਸ਼ ਦੁੱਧ ਤੇ ਰੋਟੀ ਉਵੇਂ ਜਿਵੇਂ ਹੀ ਭਾਂਡਿਆਂ ਵਿਚ ਪਈ ਸੀ।

-ਹੁਣ ਤਾਂ ਕੁਛ ਖਾ ਪੀ ਲੈ--ਸਰਦਾਰਾ? ਪਰ ਉਹ ਭੁੱਖਣ ਭਾਣਾ ਹਾਲੇ ਵੀ ਉਨ੍ਹਾਂ ਦੀਆਂ ਪੇਸ਼ਕਸ਼ਾਂ ਨੂੰ ਠੁਕਰਾਂਦਿਆਂ ਆਪਣੇ ਪ੍ਰਸ਼ਨਾਂ ਤੇ ਸਵਾਲਾਂ ਦੀ ਬੋਛਾੜ ਜਾਰੀ ਰੱਖ ਰਿਹਾ ਸੀ..।

ਹੁਣ ਉਨ੍ਹਾਂ ਲੋਕਾਂ ਨੇ ਵੀ ਹਥਿਆਰ ਸੁੱਟ ਕੇ ਉਸ ਮੂਹਰੇ ਆਤਮ ਸਮੱਰਪਣ ਹੀ ਕਰ ਦਿੱਤਾ ਸੀ।

-ਬੱ-ਸ-ਅ-ਸ। ਹਰਕਿਸ਼ਨ ਮੰਦ-ਮੰਦ ਮੁਸਕਰਾਉਂਦਾ ਕਹਿ ਰਿਹਾ ਸੀ।

-ਹਾਂਅ ਹੁਣ ਅਸੀਂ ਤੈਨੂੰ ਆਪਣੇ ਮਜ਼ਹਬ ਦਾ ਪਾਠ ਪੜ੍ਹਾਉਣ ਚੱਲੇ ਹਾਂ।

-ਪਹਿਲਾਂ ਉਨ੍ਹਾਂ ਉਸਨੂੰ ਲੰਮੇ ਵਾਲਾਂ ਤੋਂ ਪਕੜਕੇ ਘੜੀਸਿਆ ਤੇ ਫਿਰ ਉਸਦੀ ਪੂਰੀ ਖੋਪੜੀ ਹੀ ਖਿੱਚ ਲਈ।

-ਫਿਜ਼ਾ ਵਿਚੋਂ ਆਵਾਜ਼ ਗੂੰਜੀ, ਜਿਨ੍ਹਾਂ ਖੋਪੜੀਆਂ ਲੁਹਾਈਆਂ... ਪਰ ਸਿਦਕ ਨਾ ਹਾਰਿਆ।

ਉਨ੍ਹਾਂ ਫਿਰ ਉਸਦੀ ਪਿੱਠ 'ਤੇ ਉਬਲਦਾ ਪਾਣੀ ਪਾਇਆ... ਆਵਾਜ਼ ਆਈ-ਜਿਹੜੇ ਉਬਲਦੀਆਂ ਦੇਗਾਂ ਵਿਚ---

ਫੇਰ ਉਨ੍ਹਾਂ ਲੋਕਾਂ ਨੇ ਉਸ ਦੀ ਗਰਦਣ ਨੂੰ ਉਸਦੇ ਧੜ ਨਾਲੋਂ ਵੱਖ ਕਰ ਦਿੱਤਾ--- ਆਵਾਜ਼ ਆਈ, ਜਿਨ੍ਹਾਂ ਧਰਮ ਖਾਤਰ ਸੀਸ ਦਿੱਤਾ ਪਰ ਸਿਦਕ ਨਾ ਹਾਰਿਆ...। ਫਿਰ-ਫਿਰ ਉਨ੍ਹਾਂ ਨੇ ਉਸਦੇ ਅੰਗ-ਅੰਗ ਨੂੰ ਵੱਢਿਆ-ਟੁੱਕਿਆ... ਆਵਾਜ਼ ਗੂੰਜੀ, ਜਿਨ੍ਹਾਂ ਧਰਮ ਖਾਤਰ ਬੰਦ-ਬੰਦ ਕਟਵਾਏ ਪਰ ਉਨ੍ਹਾਂ ਦਾ ਧਿਆਨ ਕਰਕੇ...।

-ਹਰਕਿਸ਼ਨ ਦੇ ਜਿਸਮ ਦੇ ਟੋਟੇ-ਟੋਟੇ ਕਰਕੇ ਉਨ੍ਹਾਂ ਇਕ ਬੋਰੀ ਵਿਚ ਇਸ ਤਰ੍ਹਾਂ ਧੱਕ ਕੇ ਪਾਇਆ, ਜਿਵੇਂ ਕੋਈ ਕਬਾੜੀਆ-ਕਬਾੜ ਬੋਰੀ ਵਿਚ ਪਾ ਰਿਹਾ ਹੋਵੇ। ਬੋਰੀ ਜੀਪ ਵਿਚ ਸੁੱਟੀ ਤੇ ਠੀਕ ਹਰਕਿਸ਼ਨ ਦੇ ਦਰਾਂ ਮੂਹਰੇ ਜਾਕੇ ਖਿਲਾਰ ਦਿੱਤੀ। ਉਹ ਲੋਕ ਗਰਦ ਉਡਾਉਂਦੇ ਜੀਪ ਭਜਾਕੇ ਲੈ ਗਏ। ਹੁਣ ਤਾਂ ਕੇਵਲ ਉਥੇ ਭੀੜ ਇਕੱਤਰ ਹੋ ਰਹੀ ਸੀ। ਹਰਕਿਸ਼ਨ ਦੇ ਬਿਰਧ ਮਾਂ-ਬਾਪ ਤੋਂ ਇਹ ਦ੍ਰਿਸ਼ ਦੇਖਿਆ ਨਹੀਂ ਸੀ ਜਾ ਰਿਹਾ। ਉਹ ਸੁੰਨ ਹੋ ਗਏ---।

ਹੁਣ ਭੀੜ ਵਿਚੋਂ ਦੋ ਸਰਕਾਰਾਂ ਆਪਣਾ ਫਰਜ਼ ਤੇ ਧਰਮ ਨਿਭਾਉਣ ਅਤੇ ਭੀੜ ਦੀ ਭਾਵੁਕਤਾ ਦਾ ਲਾਭ ਲੈਣ ਲਈ ਵਿਆਕੁਲ ਸਨ।

-ਹਮ ਰਾਸ਼ਟਰਵਾਦੀ ਇਨ ਉਗਰਵਾਦੀਓਂ ਔਰ ਦੇਸ਼ ਕੇ ਗੱਦਾਰੋ ਕਾ, ਇਸ ਦੇਸ ਸੇ ਨਾਮ-ਓ-ਨਿਸ਼ਾਂ ਮਿਟਾ ਦੇਂਗੇ--- ਹਮ ਹਰਕਿਸ਼ਨ ਜੀ ਕੇ ਪਰਿਵਾਰ ਕੇ ਦੁੱਖ ਮੇਂ ਸ਼ਰੀਕ ਹੋਤੇ ਹੁਏ ਉਸ ਕਾ ਨਾਮ ਬਹਾਦਰੀ ਪੁਰਸਕਾਰ ਕੇ ਲੀਏ ਮਾਨਨਯ ਮਹੋਦਯ ਰਾਸ਼ਟਰਪਤੀ ਜੀ ਕੋ ਸਰਕਾਰ ਕੀ ਤਰਫ ਸੇ ਸਿਫਾਰਸ਼ ਕਰਕੇ ਭੇਜੇਂਗੇ--ਕਿਉਂਕਿ ਹਰਕਿਸ਼ਨ ਜੀ ਆਤੰਕਵਾਦੀਓਂ ਸੇ ਲੜਤੇ ਹੁਏ ਦੇਸ਼ ਕੇ ਲੀਏ ਸ਼ਹੀਦ ਹੁਏ ਹੈਂ---।

ਪਰ ਇਸ ਸਭ ਕਾਸੇ ਤੋਂ ਬੇਖਬਰ ਬਾਪੂ ਗੁਰਨਾਮ ਸਿੰਘ ਤੇ ਬੇਬੇ ਦਯਾਵੰਤੀ ਹਾਲੇ ਵੀ ਸੁੰਨ ਖੜ੍ਹੇ ਸਨ। ਭੀੜ ਵਿਚ ਹਲਚਲ ਸੀ, ਬੇ-ਪਛਾਣ ਜਿਹੀਆਂ ਆਵਾਜ਼ ਸਨ। ਏਨੇ ਵਿਚ ਰਾਜ ਸਰਕਾਰ ਦਾ ਨੁਮਾਇੰਦਾ ਅੱਗੇ ਆਇਆ... ਅਸੀਂ ਹਰਕਿਸ਼ਨ ਜੀ ਦੀ ਸ਼ਹੀਦੀ 'ਤੇ ਸੋਗ ਪ੍ਰਗਟ ਕਰਦੇ ਹੋਏ ਬਾਬਾ ਗੁਰਨਾਮ ਸਿੰਘ ਜੀ ਨੂੰ ਯਕੀਨ ਦਿਵਾਉਂਦੇ ਹਾਂ ਕਿ ਉਨ੍ਹਾਂ ਦੇ ਪਰਿਵਾਰ ਵਿਚੋਂ ਇਕ ਮੈਂਬਰ ਨੂੰ ਸਰਕਾਰੀ ਨੌਕਰੀ----ਅਤੇ ਨਾਲ ਹੁੰਦੇ ਹੀ ਤੁੱਛ ਜਿਹੀ ਭੇਟ ਢਾਈ ਲੱਖ ਦਾ ਮੁਆਵਜ਼ਾ ਵੀ ਐਲਾਨ ਕਰਦੇ ਹਾਂ।

-ਰਾਜ ਸਰਕਾਰ ਤੇ ਕੇਂਦਰ ਸਰਕਾਰ ਅਨਾਊਸਮੈਂਟ ਕਰਕੇ ਕਿਧਰੇ ਅਲੋਪ ਹੋ ਗਈਆਂ। ਭੀੜ ਵਿਚੋਂ ਵੀ ਬਹੁਤੇ ਖਿੰਡ-ਪੁੰਡ ਗਏ ਸਨ। ਬਾਪੂ ਗੁਰਨਾਮ ਸਿੰਘ ਆਪਣੇ ਪੁੱਤਰ ਦੀ ਦੇਹ ਦੇ ਅੰਗ-ਅੰਗ ਨੂੰ ਹਾਲੇ ਵੀ ਨਿਹਾਰ ਰਿਹਾ ਸੀ। ਕੁਝ ਪਰਛਾਵੇਂ ਹਰਕਿਸ਼ਨ ਦੇ ਬਿਖਰੇ ਅੰਗਾਂ ਦੀ ਸੰਭਾਲ ਵਿਚ ਸਨ, ਜੋ ਹਿੰਦੂ, ਸਿੱਖ, ਮੁਸਲਮਾਨਾਂ ਦੇ ਨਹੀਂ ਸਨ। ਆਖਰ ਗੁਰਨਾਮ ਸਿੰਘ ਵੀ ਉਥੇ ਹੀ ਗੋਡਿਆਂ ਭਾਰ ਬੈਠ ਗਿਆ। ਦਯਾਵੰਤੀ ਵੀ ਨਾਲ ਹੀ ਆ ਬੈਠੀ। ਉਨ੍ਹਾਂ ਦੋਹਾਂ ਦੀਆਂ ਅੱਖਾਂ ਵਿਚੋ ਨੀਰ ਨਿਰੰਤਰ ਵਹਿ ਰਹੇ ਸਨ। ਕੰਬਦੇ ਹੱਥਾਂ ਨਾਲ ਉਨ੍ਹਾਂ ਆਪਣੇ ਪੁੱਤਰ ਦੇ ਅੰਗ-ਅੰਗ ਨੂੰ ਛੂਹਿਆ, ਪਲੋਸਿਆ-ਪਰ ਕੰਬਦੇ ਹੱਥ ਜਵਾਬ ਦੇ ਗਏ ਜਾਪਦੇ ਸਨ। ..ਹੁਣ ਤਾਂ ਗੁਰਨਾਮ ਸਿੰਘ ਦੇ ਹੰਝੂ ਹੀ ਕੇਵਲ ਉਨ੍ਹਾਂ ਨੂੰ ਧੋ ਕੇ ਇਸ਼ਨਾਨ ਕਰਵਾ ਰਹੇ ਸਨ। ਦਯਾਵੰਤੀ ਦਾ ਰੋਣ ਵੀ ਬੰਦ ਨਹੀਂ ਸੀ ਹੋ ਰਿਹਾ। ਉਹ ਪਤੀ ਪਤਨੀ ਤਾਂ ਇਹ ਸੋਚ ਸੋਚਕੇ ਹੀ ਅੱਧਮੋਏ ਹੁੰਦੇ ਜਾ ਰਹੇ ਸਨ ਕਿ ਉਨ੍ਹਾਂ ਦਾ ਇਕਲੌਤਾ ਹਰਕ੍ਰਿਨ ਸਿੰਘ ਤਾਂ ਸਵੇਰੇ-ਸਵੇਰੇ ਘਰੋਂ ਰੁਜ਼ਗਾਰ ਦੀ ਭਾਲ ਵਿਚ ਨਿਕਲਿਆ ਸੀ... ਫੇਰ ਇਹ ਕੀ ਭਾਣਾ ਵਰਤ ਗਿਆ... ਹਨੇਰ ਸਾਈਂ ਦਾ..?

## "ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ"


ਤੰਗਲੀ ਹੈ ਮੋਢੇ ਉੱਤੇ ਧਰੀ ਜੱਟ ਨੇ
ਖੇਤਾਂ ਵੱਲ ਚੱਲਿਆ
ਤੰਗਲੀ ਹੈ ਮੋਢੇ ਉੱਤੇ ਧਰੀ ਜੱਟ ਨੇ
ਖੇਤਾਂ ਵੱਲ ਚੱਲਿਆ
ਹੱਥ ਵਿਚ ਦਾਤੀ ਸਿਰ ਮਾਰਿਆ ਮੜਾਸਾ
ਕਹਿੰਦਾ ਚੱਲ ਬੱਲਿਆ
ਠੰਡੇ ਠੰਡੇ ਪੂਰਾ ਪ੍ਰੀਵਾਰ ਚੱਲਿਆ
ਵੱਢਣ ਲਈ ਕਣਕਾਂ।
ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ
ਕੱਢਣ ਲਈ ਕਣਕਾਂ।
ਖੇਤਾਂ ਵਿਚ ਕਣਕ ਸੁਨਿਹਰੀ ਰੰਗ ਦੀ
ਤੱਕ ਜੱਟ ਹਸਦਾ
ਹੱਥ ਜੋੜ ਕਰੇ ਸ਼ੁਕਰਾਨਾਂ ਰੱਬ ਦਾ
ਜਦੋਂ ਕੋਲੋਂ ਲਖਦਾ
ਗੁਰੂ ਘਰੇ ਭਰਕੇ ਟਰਾਲੀ ਜਾਂਵਦਾ
ਛੱਡਣ ਲਈ ਕਣਕਾਂ।
ਜੱਟ ਨੇ ਹੜੰਬਾ..........।
ਪੰਜ ਕਿੱਲੇ ਕੱਢਣੇ ਕੰਬਾਈਨ ਨਾਲ ਨੇ
ਨਹੀਓਂ ਕਾਹਲੀ ਕਰਨੀ
ਪਸ਼ੂਆਂ ਲਈ ਤੂੜੀ ਵੀ ਬਨਾਉਣੀਂ ਜੱਟ ਨੇ
ਹੈ ਸਵਾਤ ਭਰਨੀ
ਰੋਟੀ ਲੈ ਕੇ ਚੱਲੀ ਅੱਜ ਜੱਟੀ ਖੇਤ ਨੂੰ
ਪੈਂਦੀਆਂ ਨੇ ਛਣਕਾਂ।
ਜੱਟ ਨੇ ਹੜੰਬਾ..............।
ਤੂੜੀ ਤੰਦ ਸਾਂਭ ਦਾਣਾ ਫੱਕਾ ਸਾਂਭ ਕੇ
ਚੱਲ ਪਿਆ ਮੇਲੇ ਨੂੰ
ਧੂਮਾਂ ਪਾਇਆ ਚਾਦਰਾ ਤੇ ਜੁੱਤੀ ਕੱਢਮੀਂ
ਭੁੱਲਿਆ ਝਮੇਲੇ ਨੂੰ
"ਗਿੱਲ ਮਲਕੀਤ" ਨਹੀਂਓਂ ਝੱਲ ਹੁੰਦੀਆਂ
ਜੱਟ ਦੀਆਂ ਮੜਕਾਂ।
ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ
ਕੱਢਣ ਲਈ ਕਣਕਾਂ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
94174-90943
(Punjab Mail USA)

## ਗ਼ਜ਼ਲ

ਕਰਦੇ ਨੇ ਜੋ ਮਾੜੇ ਧੰਦੇ,
ਲੋਕਾਂ 'ਤੇ ਉਹ ਬੋਝ ਨੇ ਬੰਦੇ।
ਵਰਤਣ ਜੋਗੇ ਨਾ ਰਹਿ ਗਏ ਨੇ,
ਦਰਿਆਵਾਂ ਦੇ ਪਾਣੀ ਗੰਦੇ।
ਖਬਰੇ ਕਿਸ ਦੀ ਜੇਬ 'ਚ ਪੈਂਦੇ,
ਲੋਕਾਂ ਤੋਂ ਉਗਰਾਹੇ ਚੰਦੇ।
ਸ਼ਾਂਤੀ ਭੰਗ ਨਾ ਕਰਨੋਂ ਹੱਟਦੇ,
ਪੁੱਠੇ ਕੰਮੀਂ ਲੱਗੇ ਬੰਦੇ।
ਚੋਰਾਂ ਅੱਗੇ ਜ਼ਰਾ ਨਾ ਅੜਦੇ,
ਲੱਗੇ ਘਰਾਂ ਨੂੰ ਵੱਡੇ ਜੰਦੇ।
ਦਾਤੀ ਨੂੰ ਇੱਕ ਪਾਸੇ ਹੁੰਦੇ,
ਦੁਨੀਆਂ ਨੂੰ ਦੋ ਪਾਸੇ ਦੰਦੇ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
99158-03554
(Punjab Mail USA)

## "ਪਿੰਡ ਮੇਰੇ ਨਾ ਆਇਓ"

ਹੋਏ ਵਰ੍ਹੇ ਤੇਈ ਦੋ ਹਜ਼ਾਰ ਪਿੱਛੋਂ, ਅੱਗੇ ਜ਼ਰਾ ਭੇਤ ਨ੍ਹੀ ਕੀ ਹੋਣਾ,
ਗੱਲ ਕਰਾਂ ਸੰਸਾਰ ਦੀ ਮੱਤ ਕੋ ਨ੍ਹੀ, ਪੀੜ੍ਹੀ ਸੋਟਾ ਮਾਰਨਾ ਹੀ ਸੋਹਣਾ,

ਝਲਕ ਦਿਖਾਉਣਾ ਪਿੰਡ ਦੀ ਖੌਰ੍ਹੇ ਪੰਜਾਬ ਹੀ ਦਿੱਖ ਜਾਵੇ,
ਸਭ ਨੂੰ ਦੇਸ਼ ਮੁਬਾਰਕ ਤੁਹਾਡੇ ਪਰ ਮੇਰੇ ਪਿੰਡ ਨਾ ਕੋਈ ਆਵੇ,

ਫ਼ਸਲਾਂ ਬਾਬਤ ਰੱਬ ਨੂੰ ਕੋਸਾਂ, ਨਸ਼ਿਆਂ ਲਈ ਮੱਕਾਰਾਂ ਨੂੰ,
ਸੋਚ ਤਾਂ ਗਈ ਪਤਾਲੋਂ ਥੱਲੇ, ਖੋਪੜ ਰਹਿਗਿਆ ਖਾਰਾਂ ਨੂੰ,
ਆਟੇ 'ਚ ਲੂਣ ਸਮਾਨ ਮਖੌਲਾਂ ਕਰਨ ਉਸਨੂੰ ਜੋ ਸਾਹ ਪਾਵੇ,
ਸਭ ਨੂੰ ਪਿੰਡ ਮੁਬਾਰਕ ਤੁਹਾਡੇ ਪਰ ਮੇਰੇ ਪਿੰਡ ਨਾ ਕੋਈ ਆਵੇ

ਕਰਜ਼ਾ ਚੁੱਕ ਕੇ ਕਲਮ ਖਰੀਦਣ ਚੰਗੇ ਘੜਦੇ ਕਿਸਮਤ ਨੂੰ,
ਮਾੜੇ ਇਹਨੂੰ ਜੇਬੀਂ ਰੱਖਣ, ਅੱਗੇ ਕਰਦੇ ਰਿਸ਼ਵਤ ਨੂੰ,
ਗ਼ੁਰਬਤੀ ਰਹੇ ਗਰੀਬੀ ਵਿਚ, ਦੂਜਾ ਜੋਰਾਂ ਸੰਗ ਕਰਦਾ ਧਾਵੇ,
ਸਭ ਨੂੰ ਪਿੰਡ ਮੁਬਾਰਕ ਤੁਹਾਡੇ ਪਰ ਮੇਰੇ ਪਿੰਡ ਨਾ ਕੋਈ ਆਵੇ

ਚੋਬਰਾਂ ਨੂੰ ਲੁੱਟਣ ਨਸ਼ੇ, ਸੁਨੱਖੀਆਂ ਨਾਰਾਂ ਦੇ ਝਾਂਸੇ,
ਬੁੱਢੇ ਹੱਡ ਘੜੀਸਣ, ਬਹਿ ਮੋੜੀਂ ਤੱਕਣ ਰੰਗ ਤਮਾਸੇ,
ਮਾਤਾਵਾਂ ਨੂੰ ਸਿਜਦਾ ਹਰ ਸਾਹ ਜਿਨ੍ਹਾਂ ਪੰਜਾਬੀ ਪੁੱਤ ਆ ਸਾਂਭੇ,
ਸਭ ਨੂੰ ਪਿੰਡ ਮੁਬਾਰਕ ਤੁਹਾਡੇ ਪਰ ਮੇਰੇ ਪਿੰਡ ਨਾ ਕੋਈ ਆਵੇ



ਸਨਪ੍ਰੀਤ ਸਿੰਘ ਕੁੱਸਾ
(ਮੈਲਬੌਰਨ : +61-468810672)
(Punjab Mail USA)

## ਕੋਹੜੀ ਦੀ ਸੇਵਾ

ਤੁਰ ਪਿਆ ਬਾਬਾ ਜਗਤ ਉਧਾਰਨ,
ਦੁੱਖ ਕਲੇਸ਼ ਦੀਨ ਦੁਖੀ ਉਬਾਰਨ।
ਸੰਗ ਸੀ ਬਾਲਾ, ਰਬਾਬੀ ਮਰਦਾਨਾ,
ਯਾਤਰਾ ਸੀ ਬਣੀ ਇੱਕ ਅਫ਼ਸਾਨਾ।

ਦੁਪਾਲਪੁਰ ਪੁੱਜੇ ਹੋਈਆਂ ਤ੍ਰਿਕਾਲਾਂ,
ਆਉਂਦੀ ਉੱਪਰੋਂ ਰਾਤ ਮਾਰੇ ਛਾਲ੍ਹਾਂ।
ਪੈਦਲ ਜਾਂਦੇ ਰਾਹੇ ਥੱਕੇ ਟੁੱਟੇ ਹਾਰੇ,
ਆਰਾਮ ਕਰਨ ਦੀ ਸੋਚਣ ਵਿਚਾਰੇ।

ਕਹਿੰਦੇ ਪਿੰਡ ਦੇ ਲੋਕ ਸੀ ਬੜੇ ਕੱਬੇ,
ਚੰਗੇ ਭਲੇ ਨੂੰ ਵੀ ਪਾ ਦਿੰਦੇ ਸੀ ਜੱਬੇ।
ਜੁੜਿਆ ਤੱਕਕੇ ਬੰਦਿਆਂ ਦਾ ਢਾਣਾ,
ਮਰਦਾਨਾ ਜੀ ਪੁੱਛਦੇ ਥਹੁ ਟਿਕਾਣਾ।

ਆਖਣ ਪਿੰਡ ਵਿਚ ਹੈਨ੍ਹੀਂ ਕੋਈ ਥਾਂ,
ਪਰ ਔਹ ਦਿਸਦੀ ਹੈ ਨੂਰੇ ਦੀ ਸਰਾਂ।
ਉੱਥੇ ਲਾਉ ਜਾ ਕੇ ਤੁਸੀਂ ਡੰਡਾ ਡੇਰਾ,
ਬਣਾ ਲਉ ਰਾਤ ਲਈ ਰੈਣ ਬਸੇਰਾ।

ਡੰਡੀ ਵਰਗਾ ਰਾਸਤਾ ਸੀ ਵਗਦਾ,
ਦੂਰੋਂ ਨਜ਼ਰ ਆਵੇ ਦੀਵਾ ਜਗਦਾ।
ਤੁਰਦੇ ਕਾਹਲੀ ਨਾਲ ਰਾਹ ਨਿਬੇੜੇ,
ਪਰ ਨ ਦਿਸਦਾ ਸੀ ਕੋਈ ਨੇੜੇ-ਤੇੜੇ।

ਜਾਪਦੀ ਸੀ ਜਿਉਂ ਫਕੀਰ ਦੀ ਕੁੱਲੀ,
ਅੰਦਰੋਂ ਤੱਕਕੇ ਤਾਂ ਸੁਰਤ ਸੀ ਭੁੱਲੀ।
ਪਹੁੰਚ ਕੇ ਬੂਹੇ ਜਦੋਂ 'ਵਾਜ਼ ਸੀ ਮਾਰੀ,
ਬੋਲਿਆ ਅੱਗਿਉਂ ਬੇਵੱਸ ਲਾਚਾਰੀ।

"ਕੀੜੀ ਦੇ ਘਰ ਨਰਾਇਣ ਜੀ ਆਉ,
ਪਰ ਮੈਂ ਕੋਹੜੀ ਮੈਥੋਂ ਆਪਾ ਬਚਾਉ।"
"ਸਤਿ ਬਚਨ" ਕਹਿ ਬੈਠ ਗਏ ਬਾਬਾ,
ਦਇਆ ਪਿਆਰ ਦਾ ਖੋਲ੍ਹ ਕੇ ਛਾਬਾ।

ਜਾਣੀਜਾਣ ਸੀ ਝੱਟ ਜਾਣ ਗਏ ਹਾਲ,
ਨੂਰੇ ਨੂੰ ਇੰਝ ਛੋਟੇ ਛੋਟੇ ਕਰ ਸਵਾਲ।
ਕਿੱਥੋਂ ਆਵੇ ਭੋਜਨ ਕੌਣ ਕਰੇ ਸੰਭਾਲ,
ਕਿਵੇਂ ਰੋਗ ਨੇ ਪਾਇਆ ਸੀ ਜ਼ੰਜਾਲ ?

ਚੋਂਦੀ ਸੀ ਰੱਤ ਪਾਕ ਨਾਲ ਲਿੱਬੜੇ,
ਆਉਂਦੀ ਸੀ ਬੋਅ ਪਾਏ ਮੈਲੇ ਕੱਪੜੇ।
ਸੁਣ ਗਾਥਾ ਹੋਈ ਰਹਿਮਤ-ਏ-ਖੁਦਾ,
ਜੁੱਟ ਗਏ ਸੇਵਾ ਵਿਚ ਕੋਹੜ ਨੂੰ ਭੁਲਾ।

ਫਿਰ ਗੁਰੂ ਨੇ ਆਖਦੇ ਸਤਿ ਕਰਤਾਰ,
ਮਰਦਾਨਿਆਂ ਛੇੜ ਰਬਾਬ ਦੀ ਤਾਰ।
ਧੁਰ ਦੀ ਬਾਣੀ ਦਾ ਹੋਣ ਲੱਗਾ ਜਾਪ,
ਵਰਸਣ ਲੱਗਾ ਵਾਹਿਗੁਰੂ ਦਾ ਪ੍ਰਤਾਪ।

ਅਮਨ ਦੇ ਛਿੱਟੇ ਨੂਰੇ ਦੇ ਪੈਣ ਲੱਗੇ,
ਪੀੜ ਘਟਣ ਲੱਗੀ ਚੈਨ ਪੈਣ ਲੱਗੇ।
ਮਨੁੱਖਤਾ ਦੀ ਸੇਵਾ ਦਾ ਇੰਝ ਸੁਨੇਹਾ,
"ਨੂਰਪੁਰੀ" ਨੂੰ ਕਿਉਂ ਲੱਗਿਆ ਕੇਹਾ ?



-ਸੇਵਾ ਸਿੰਘ 'ਨੂਰਪੁਰੀ'
(Punjab Mail USA)

## ਫ਼ਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ

ਫਸਲਾਂ ਨਾਲ ਵਿਸਾਖੀ ਹੁੰਦੀ ਫ਼ਸਲਾਂ ਨਾਲ ਖੁਸ਼ਹਾਲੀ।
ਬਾਰਿਸ਼ ਹੱਥੋਂ ਖੇਤਾਂ ਦੇ ਵਿਚ ਉਜੜੀ ਡਾਲੀ-ਡਾਲੀ।
ਕੁਦਰਤ ਨੇ ਕੀ ਕਹਿਰ ਕਮਾਇਆ ਹਰ ਪਾਸੇ ਬਰਬਾਦੀ।
ਪੱਤੀ-ਪੱਤੀ ਕੋਲੋਂ ਖੋਹ ਲਈ ਖ਼ੁਸ਼ਬੂ ਦੀ ਆਜ਼ਾਦੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

ਧੀਆਂ ਪੁੱਤਾਂ ਨਾਲੋਂ ਵਧ ਕੇ ਪਿਆਰੀ ਹੁੰਦੀ ਖੇਤੀ।
ਆਸ ਮੁਰਾਦਾਂ ਤਾਂਘ ਹੁੰਦੀ ਏ ਪਕ ਜਾਂਦੀ ਹੈ ਛੇਤੀ।
ਲੱਕ ਤੋੜਵੀਂ ਮਿਹਨਤ ਕਰਕੇ ਸਾਰਾ ਸਾਲ ਸੰਭਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

ਮਿਹਨਤ ਕਰ ਕਿਰਸਾਨ ਕ੍ਰਿਤ 'ਚੋਂ ਸਾਰਾ ਦੇਸ਼ ਰਜਾਏ।
ਬੇਸ਼ੱਕ ਆਪੇ ਰੁਲ ਖੁਲ ਜਾਏ ਕਰਜ਼ੇ ਦੇ ਵਿਚ ਆਏ।
ਉਸ ਦੇ ਹੱਥ ਵਿਚ ਰਹਿ ਜਾਂਦੀ ਹੈ ਮਿੱਟੀ ਕਰਮਾਂ ਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

ਮਿਹਨਤ ਦੇ ਸੱਚੇ ਅਰਥਾਂ ਅੰਦਰ ਪਲ ਪਲ ਤੁਰਦਾ ਜਾਏ।
ਜਿੱਦਾਂ ਛੱਜੇ ਦੇ ਟੁੱਟਣ 'ਤੇ ਸ਼ਹਿਦ ਹੈ ਖੁਰਦਾ ਜਾਏ।
ਤੜਕ ਸਵੇਰਾ ਸ਼ਿਖ਼ਰ ਦੁਪਹਿਰਾਂ ਰਾਤ ਹੋਵੇ ਜਾਂ ਕਾਲੀ।
ਫ਼ਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖ਼ੁਸ਼ਹਾਲੀ।

ਭਾਰਤ ਮਾਂ ਦੇ ਸਿਰ 'ਤੇ ਹਰਿਆਲੀ ਦਾ ਤਾਜ਼ ਰਵੇਗਾ।
ਇਸ ਦੀ ਪ੍ਰਭੂਤਾ ਸ਼ਕਤੀ ਉਤੇ ਸਭ ਨੂੰ ਨਾਜ਼ ਰਵੇਗਾ।
ਡਿੱਗਣ ਨਾ ਦਿੱਤੀ ਧਰਤੀ ਮਾਂ ਨੇ ਇਸ ਦੀ ਪੱਗ ਸੰਭਾਲੀ।
ਫ਼ਸਲਾਂ ਵਿਚ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।

ਬੇਸ਼ਕ ਨੇਰ੍ਹੀ, ਝੱਖੜ, ਤੂਫਾਂ, ਬਾਰਿਸ਼ ਰੰਗ ਵਿਖਾਏ।
ਧਰਤੀ ਮਾਂ ਦੇ ਸਿਰ ਦੇ ਉਤੇ ਫਿਰ ਵੀ ਆਂਚ ਨਾ ਆਵੇ।
ਬਾਲਮ, ਸੂਰਜ, ਦਰਿਆ ਕਰਦੇ ਇਸ ਦੀ ਖ਼ੁਦ ਰਖਵਾਲੀ।
ਫਸਲਾਂ ਨਾਲ ਵਿਸਾਖੀ ਹੁੰਦੀ ਫਸਲਾਂ ਨਾਲ ਖੁਸ਼ਹਾਲੀ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
98156-25409
(Punjab Mail USA)

## ਮਾਤ-ਬੋਲੀ

### ਗੀਤ

ਹੇ ਮੇਰੀ ਮਾਤ-ਬੋਲੀ ਹੇ ਅਖੰਡ ਦੀਪਮਾਲਾ
ਖਿੰਡਿਆ ਹੈ ਦੂਰ ਤੀਕਰ ਤੇਰੀ ਹੋਂਦ ਦਾ ਉਜਾਲਾ

ਤੇਰੇ ਹਰਫ਼ ਹੀਰੇ ਮੋਤੀ ਤੇਰੇ ਸ਼ਬਦ ਨੇ ਸ਼ੁਆਵਾਂ
ਤੇਰੇ ਵਾਕ ਨੇ ਅਸੀਸਾਂ ਤੇਰੇ ਬੋਲ ਨੇ ਦੁਆਵਾਂ
ਤੂੰ ਸਦੀਵਤਾ ਦਾ ਸੋਮਾ ਤੂੰ ਹੈਂ ਪ੍ਰੇਮ ਦਾ ਉਛਾਲਾ...

ਮਿੱਠੇ ਨੇ ਗੀਤ ਤੇਰੇ ਪਾਵਨ ਹੈ ਤੇਰੀ ਬਾਣੀ
ਧੋਂਦੇ ਨੇ ਪੈਰ ਤੇਰੇ ਸੁਬ੍ਹਾ ਸ਼ਾਮ ਪੰਜ ਪਾਣੀ
ਸਭ ਤੀਰਥਾਂ ਤੋਂ ਸੁੱਚੀ ਹੈ ਤੇਰੀ ਪਾਠਸ਼ਾਲਾ...

ਜੁਗ ਜੁਗ ਜਿਉਣ ਸ਼ਾਲਾ ਤੇਰੇ ਕੋਰੜੇ ਸਵਈਏ
ਮੌਲਣ ਤੇਰੇ ਲਿਖਾਰੀ ਵਿਗਸਣ ਤੇਰੇ ਗਵਈਏ
ਹਰ ਇਕ ਦਿਸ਼ਾ 'ਚ ਹੋਵੇ ਤੇਰਾ ਹੀ ਬੋਲ-ਬਾਲਾ...

ਤੇਰੇ ਜਲੌਅ ਦੇ ਸਾਹਵੇਂ ਗੂੜ੍ਹਾ ਹਨ੍ਹੇਰ ਕੀ ਹੈ
ਕੀ ਨੇ ਤੂਫ਼ਾਨ ਝੱਖੜ ਰੁੱਤਾਂ ਦਾ ਫੇਰ ਕੀ ਹੈ
ਤੇਰੀ ਡਾਲ ਤੋਂ ਨਾ ਕੋਈ ਪੱਤਾ ਵੀ ਕਿਰਨ ਵਾਲਾ...

ਹੇ ਮੇਰੀ ਮਾਤ-ਬੋਲੀ ਮੈਂ ਤੈਨੂੰ ਪਿਆਰਦੀ ਹਾਂ
ਲਿਖ ਲਿਖ ਲਹੂ 'ਨਾ ਨਗਮੇਂ ਤੇਰੇ ਸਿਰ 'ਤੋਂ ਵਾਰਦੀ ਹਾਂ
ਤੂੰ ਹੀ ਮੇਰਾ ਕਰਮ-ਖੇਤਰ ਤੂੰ ਹੀ ਮੇਰੀ ਰੰਗਸ਼ਾਲਾ...

ਹੇ ਮੇਰੀ ਮਾਤ-ਬੋਲੀ ਹੇ ਅਖੰਡ ਦੀਪਮਾਲਾ
ਖਿੰਡਿਆ ਹੈ ਦੂਰ ਤੀਕਰ ਤੇਰੀ ਹੋਂਦ ਦਾ ਉਜਾਲਾ...



-ਸੁਖਵਿੰਦਰ ਅੰਮ੍ਰਿਤ
ਮੋਬਾਈਲ: 98555-44773
sukhwinderamrit@gmail.com
(Punjab Mail USA)

## ਜੱਟਾਂ ਦੇ ਪੁੱਤ ਪਾਉਣ ਬੋਲੀਆਂ

### ਗੀਤ

ਗਿੱਧੇ ਵਿਚ ਨੱਚਦੀ ਤੇ ਪਿਆਰ ਮੈਨੂੰ ਆ ਗਿਆ,
ਚੋਂ ਕੇ ਪਸੀਨਾ ਬਿੱਲੋ ਗੱਲਾਂ ਉੱਤੇ ਛਾ ਗਿਆ।
ਦੇਖੀ ਲੱਕ ਨਾ ਮਰੋੜਾ ਖਾ ਕੇ,
ਕਦੇ ਨਾ ਵਿਚਾਲਿਉਂ ਟੁੱਟਜੇ।
ਜੱਟਾਂ ਦੇ ਪੁੱਤ ਪਾਉਂਣ ਬੋਲੀਆਂ
ਬਿੱਲੋ ਦੇਖ ਲਈ ਬਨੇਰੇ 'ਤੇ ਆ ਕੇ
ਜੱਟਾਂ ਦੇ ਪੁੱਤ ਪਾਉਣ ਬੋਲੀਆਂ।

ਪਹਿਲੀ ਵਾਰੀਂ ਤੱਕ ਕੇ ਤੇਰੇ ਵਿਚ ਖੋ ਗਿਆ
ਹੁਸਨਾਂ ਦੀ ਰਾਣੀ ਦਾ ਭੁਲੇਖਾ ਜਿਹਾ ਹੋ ਗਿਆ
ਚੁੰਨੀ ਦੇ ਲੜ ਅੱਧੇ ਕਰਤੇ, ਹੌਲੀ-ਹੌਲੀ ਦੰਦਾਂ ਥੱਲੇ ਚੱਬ ਕੇ
ਜੱਟਾਂ ਦੇ ਪੁੱਤ ਪਾਉਣ ਬੋਲੀਆਂ,
ਬਿੱਲੋ ਦੇਖ ਲੀ ਬਨੇਰੇ ਉੱਤੇ ਚੜ੍ਹ ਕੇ
ਜੱਟਾਂ ਦੇ ਪੁੱਤ ਪਾਉਣ ਬੋਲੀਆਂ।

ਕਾਲਝਰਾਣੀ ਪਿੰਡ 'ਚ ਨੁਹਾਰ ਜਿਹੀ ਛਾਈ ਏ
ਜ਼ਿੰਦਗੀ ਜਦੋਂ ਦੀ ਨਾਂਰੇ ਤੇਰੇ ਲੇਖੇ ਲਾਈ ਏ
ਸ਼ਰਮਾ ਤੇਰੇ ਲਈ ਹੀ ਲਿਖਦਾ ਏ ਗਾਣੇ
ਸੁਣ ਲੀ ਰੀਪੀਟ ਕਰਕੇ,
ਜੱਟਾਂ ਦੇ ਪੁੱਤ ਪਾਉਣ ਬੋਲੀਆਂ,
ਬਿੱਲੋ ਦੇਖ ਲੀ ਬਨੇਰੇ ਉੱਤੇ ਆ ਕੇ
ਜੱਟਾਂ ਦੇ ਪੁੱਤ ਪਾਉਣ ਬੋਲੀਆਂ




-ਰਜਵਿੰਦਰ ਪਾਲ ਸ਼ਰਮਾ, ਬਠਿੰਡਾ
ਮੋਬਾਇਲ : 70873-67969
(Punjab Mail USA)

## ਹਫ਼ਤੇ ਦੇ ਦਿਨ...

ਹਫ਼ਤੇ ਦੇ ਨੇ ਸੱਤ ਦਿਨ, ਮੈਂ ਜਾਵਾਂ ਥਾਂ ਠਾਰਾਂ।
ਕਈ ਵਾਰੀ ਦਿਨ ਤਿਨ ਥਾਂਈ, ਭੱਜ ਦੌੜ ਕੇ ਸਾਰਾਂ।
ਮੈਂ ਹੀ ਜਾਣਾ ਇਹ ਡੀਟੀ, ਕਿੱਦਾਂ ਭਗਤਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਬਾਬੇ ਗੌਰ ਸਿੰਘ ਦੇ ਡੇਰੇ, ਸੋਮ ਲੰਘਦਾ ਸਾਰਾ।
ਭਾਂਤ ਭਾਂਤ ਦੇ ਲੰਗਰ ਦਾ ਹੈ, ਜਿੱਥੇ ਅਜ਼ਬ ਨਜ਼ਾਰਾ।
ਸਣੇ ਬੱਚਿਆਂ ਦਿਨ ਭਰ ਉੱਥੇ, ਸੇਵ ਕਮਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਮੰਗਲਵਾਰ ਹੈ ਦਿਨ ਦੇਵੀ ਦਾ, ਜਾਵਾਂ ਸੁਬ੍ਹਾ ਸੁਲਾਣੀ।
ਆ ਜਾਂਦਾ ਹੈ ਕੋਈ ਨਾ ਕੋਈ, ਲੈ ਕੇ ਲੰਗਰ ਪਾਣੀ।
ਮਨ ਚਿਤ ਲਾ ਕੇ ਉੱਥੇ ਵੀ, ਲੰਗਰ ਵਰਤਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਬੁੱਧਵਾਰ ਦਾ ਦਿਨ ਹੈ, ਬਾਬੇ ਲਾਇਟਾਂ ਵਾਲੇ ਦਾ।
ਨੂਰ ਮਹਿਲ 'ਕੱਠ ਹੁੰਦਾ, ਸਾਰੇ ਆਲ ਦੁਆਲੇ ਦਾ।
ਸੇਵਾ ਕਰ ਕੇ ਉੱਥੇ ਵੀ, ਭੁੱਲਾਂ ਬਖਸ਼ਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਵੀਰਵਾਰ ਚਰਾਗ ਸ਼ਾਹ ਦੇ, ਚਾਹ ਪਕੌੜੇ ਚਲਦੇ।
ਚੱਲੀਂ ਨਾਲ ਦਖਾਵਾਂ ਤੈਨੂੰ, ਲਟ ਲਟ ਦੀਵੇ ਬਲਦੇ।
ਸ਼ਰਧਾ ਨਾਲ ਚਰਾਗੀਂ, ਜਾ ਕੇ ਤੇਲ ਚੜ੍ਹਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਵੀਰਵਾਰ ਬਾਬੇ ਚੜ੍ਹਤੂ ਦੇ, ਪਵੇ ਹਾਜ਼ਰੀ ਲਾਉਣੀ।
ਸੰਗਤਾਂ ਦੇ ਨਾਲ ਰਲ ਕੇ ਉਸ ਦੀ, ਰੱਜ ਰੱਜ ਮਹਿਮਾ
ਗਾਉਣੀ।
ਰਾਤ ਨੂੰ ਭੂੰਡੀ ਦੇ ਰੋਜ਼ੇ 'ਤੇ, ਸੀਸ ਝੁਕਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਹਰਬੰਸ ਸਿੰਘ ਦੇ ਗੁਰਦੁਆਰੇ, ਸ਼ੁਕਰਵਾਰ ਨੂੰ ਜਾਵਾਂ।
ਮਸਿਆ ਪੁੰਨਿਆ ਦੇ ਲੰਗਰ 'ਤੇ, ਆਪਣਾ ਫਰਜ਼ ਨਿਭਾਵਾਂ।
ਤਿੰਨ ਚਾਰ ਬਾਬੇ ਹੋਰ ਵੀ, ਸਾਰੇ ਕਿਵੇਂ ਗਣਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਸ਼ਨੀਵਾਰ ਨੂੰ ਚਲੇ ਸੁਖਮਣੀ, ਸਿਰਫ ਬੀਬੀਆਂ ਵਾਲਾ
ਕਰਨਾ ਪੈਂਦਾ ਉੱਥੇ ਵੀ, ਮੈਨੂੰ ਸਾਰਾ ਉਪਰਾਲਾ।
ਇਹ ਤਾਂ ਸਾਰਾ ਦਿਨ, ਭੈਣਾਂ ਦੇ ਲੇਖੇ ਲਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਐਤਵਾਰ ਤਾਂ ਪਹਿਲਾ ਜਾਵਾਂ, ਮੈਂ ਵਿਸ਼ਕਰਮਾਂ ਮੰਦਰ।
ਉਹ ਤਾਂ ਮੈਨੂੰ ਏਦਾ ਲੱਗਦਾ, ਪਿੰਡੋਂ ਜਿਵੇਂ ਜਲੰਧਰ।
ਔਖੀ ਸੌਖੀ ਹੋ ਉੱਥੇ ਵੀ, ਝਾੜੂ ਲਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਐਤਵਾਰ ਹੀ ਸ਼ਾਮ ਸਮਾਧੀ, ਪੈਂਦੀ ਚੌਂਕੀ ਭਰਨੀ।
ਜਿੱਥੇ ਮਿਲਦੀ ਮੁਕਤੀ ਲੱਗ ਕੇ, ਚਰਨ ਦਾਸ ਦੇ ਚਰਨੀ।
ਰਾਤ ਨੂੰ ਗੁਰਦੁਆਰੇ ਜਾ ਕੇ, ਕਰਾਂ ਦੁਆਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਹੱਥ ਜੋੜ ਕੇ ਨਾਨਕ ਦੇ ਦਰ, ਕਰਦੀ ਹਾਂ ਅਰਦਾਸੇ।
ਦਰਦੀ ਸਾਂਝ ਬਣਾਈ ਰੱਖੀਂ, ਮੇਰੀ ਸਾਰੇ ਪਾਸੇ।
ਸਾਰਿਆਂ ਨੂੰ ਖੁਸ਼ ਕਰ ਕੇ, ਜੀਵਨ ਸਫਲ ਬਣਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?
ਬੰਦਿਆ ਜੇ ਨਾਨਕ ਦੇ ਦਰ ਤੋਂ, ਕੁਝ ਨਾ ਮਿਲਿਆ ਤੈਨੂੰ।
ਹੋਰ ਕਿਸੇ ਤੋਂ ਮਿਲ ਗਿਆ ਜੇਕਰ, ਆ ਕੇ ਦਸ ਦੇਈਂ ਮੈਨੂੰ।
ਰੱਬ ਤਾਂ ਤੇਰੇ ਅੰਦਰ, ਤੈਨੂੰ ਕਿੰਝ ਸਮਝਾਵਾਂ ਮੈਂ।
ਦੱਸ ਨੀ ਭੈਣੇ ਤੈਨੂੰ ਮਿਲਣੇ, ਕਿਸ ਦਿਨ ਆਵਾਂ ਮੈਂ ?



-ਸਤਨਾਮ ਸਿੰਘ ਦਰਦੀ ਚਾਨੀਆਂ
(ਜਲੰਧਰ)
92569-73526
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567